A1 Roofing & Siding Ltd.
·ROOFING ·SIDING ·SOFFIT ·STUCCO ·HARDIE ·FASCIA ·EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀ ਅਖ਼ਬਾਰ
ਪੰਜਾਬੀਅਤ ਦਾ ਪਰਚਮ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 10 No: 240 Website : www.punjabiakhbaar.ca Email: editor@punjabiakhbaar.ca Friday, 22 March 2024

# ਕੈਨੇਡੀਅਨ ਪ੍ਰਧਾਨ ਮੰਤਰੀ ਮਾਣਯੋਗ ਜਸਟਿਨ ਟਰੂਡੋ ਆਪਣੀ ਕੈਲਗਰੀ ਫੇਰੀ ਦੌਰਾਨ 13 ਮਾਰਚ 2024 ਵਾਲੇ ਦਿਨ ਵਿਸ਼ੇਸ਼ ਤੌਰ 'ਤੇ ਪੰਜਾਬੀ ਅਖ਼ਬਾਰ ਦੇ ਦਫਤਰ ਆਏ




ਕੈਲਗਰੀ ਸਟੂਡੀਓ ਵਿੱਚ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਅਤੇ ਮਾਨਯੋਗ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਾਹਿਬ ਦਰਮਿਆਨ ਹੋਈ ਗੱਲਬਾਤ ਪੰਨਾ ਨੰਬਰ #9 ਉੱਪਰ ਪੜ੍ਹ ਸਕਦੇ ਹੋ।

Barinder Ubhi
Realtor
(204)807-5013
babbu_ubhi@yahoo.com
WIN MAX REAL ESTATE LTD
10- 998 Keewatin St. Winnipeg, MB, R2R 2V1
P:(204) 905-9798

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

Starts From $1499
DENTAL IMPLANT
ਡੈਂਟਲ ਇੰਮਪਲਾਂਟ
NO OBLIGATION CONSULT
OUR DENTAL FEES ARE LOWER THAN ALBERTA FEE GUIDE
✓ WE ACCEPT ALL INSURANCES
✓ DIRECT BILLING TO INSURANCE
✓ FINANCING AVAILABLE
✓ NO OBLIGATION CONSULT
OPEN 7 DAYS A WEEK
NEW PATIENTS WELCOME
WALK-IN EMERGENCIES
SEEN SAME DAY
DR. KHATTRA & ASSOCIATES
587-356-0555
#130 - 630 Redstone Dr NE, Calgary,AB
WWW.REDSTONESMILESDENTAL.COM
REDSTONE Smiles DENTAL
ਸਾਡਾ ਸਾਰਾ ਸਟਾਫ ਹਿੰਦੀ ਅਤੇ ਪੰਜਾਬੀ ਬੋਲਦਾ ਹੈ।
We speak Urdu, Punjabi and Hindi in addition to English.

Need an expert advice to find the mortgage that's right for you !
New to Canada
Purchase
Refinance
Home line of credit
Rental
Life insurance
Raj Mudhar
Mortgage Advisor
204.963.9481
raj.mudhar@vinegroup.ca
VINE GROUP MORTGAGE BROKERAGE

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੋਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
butadhillon@remax.net www.remax.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4

# VESTA ELEVATE COLLECTION

AT COOPER'S CROSSING

ELEVATE YOUR LIVING

**SAVE UP TO $15,000**










**LUXUR URBAN CONDOS**

NOW SELLING

Introducing the Vesta Elevate Collection at Cooper's Crossing featuring an array of homes including 3-Storey Village Townhomes, 2-Storey Brimstone Townhomes, and Master-on-main Bungalows. Modern contemporary homes with luxurious interior finishes and unique exterior architecture offers a charming curb appeal in a prime sought-after neighborhood.

REGISTER TO LEARN MORE

**VESTAELEVATE.COM**

VESTA PROPERTIES

Renderings are artistic concept only and subject to change without notice.

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

# ਉਪ ਰਾਸ਼ਟਰਪਤੀ ਨੇ ਨਿੰਦਰ ਘੁਗਿਆਣਵੀ ਨੂੰ 'ਸਾਹਿਤ ਰਤਨ ਭੇਟ ਕੀਤਾ




ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ)ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਆਪਣੀ 71-ਵੀ ਕਨਵੋਕੇਸ਼ਨ ਮੌਕੇ 48 ਸਾਲ ਦੀ ਉਮਰ ਵਿਚ 68 ਕਿਤਾਬਾਂ ਦੇ ਲੇਖਕ ਨਿੰਦਰ ਘੁਗਿਆਣਵੀ ਨੂੰ 'ਸਾਹਿਤ ਰਤਨ' ਉਪ ਰਾਸ਼ਟਰਪਤੀ ਤੇ ਯੂਨੀਵਰਸਿਟੀ ਦੇ ਚਾਂਸਲਰ ਸ਼੍ਰੀ ਜਗਦੀਪ ਧਨਖੜ ਵੱਲੋਂ ਪ੍ਰਦਾਨ ਕੀਤਾ ਗਿਆ। ਮਹਾਂਰਾਸ਼ਟਰ ਦੀ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਯੂਨੀਵਰਸਿਟੀ ਵਰਧਾ ਵਿਖੇ ਰਾਈਟਰ ਇਨ ਰੈਜੀਡੈਂਟ ਨਿਯੁਕਤ ਹੋਣ ਵਾਲੇ ਨਿੰਦਰ ਘੁਗਿਆਣਵੀ ਸਿਰਫ 9 ਜਮਾਤਾਂ ਪਾਸ ਘੁਗਿਆਣਵੀ ਦੀ ਲਿਖੀਆਂ ਪੁਸਤਕਾਂ ਉਤੇ ਲਗਪਗ 12 ਵਿਦਿਆਰਥੀ ਐਮ ਫਿਲ ਤੇ ਪੀ ਐਚ ਡੀ ਕਰ ਚੁੱਕੇ ਹਨ। ਵਾਈਸ ਚਾਂਸਲਰ ਡਾ ਰੇਣੂ ਵਿੱਗ ਨੇ ਘੁਗਿਆਣਵੀ ਦਾ ਸਨਮਾਨ ਪੱਤਰ ਪੜ੍ਹਦਿਆਂ ਸਾਹਿਤਕ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਐਵਾਰਡ ਭੇਟ ਕਰਨ ਮੌਕੇ ਉਪ ਰਾਸ਼ਟਰਪਤੀ ਨੇ ਨਿੰਦਰ ਜੀ ਦੀ ਹੌਂਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਉਨਾਂ ਨੂੰ ਉਨਾਂ ਦੀਆਂ ਲਿਖਤਾਂ ਤੇ ਜੀਵਨ ਸੰਘਰਸ਼ ਬਾਰੇ ਜਾਣ ਕੇ ਖੁਸ਼ੀ ਹੋਈ ਹੈ। ਇਸ ਮੌਕੇ ਹਾਜਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਪ ਰਾਸ਼ਟਰਪਤੀ ਨੂੰ ਦੱਸਿਆ ਕਿ ਨਿੰਦਰ ਘੁਗਿਆਣਵੀ ਦੁਆਰਾ ਰਚਿਤ ਕਿਤਾਬ 'ਮੈਂ ਸਾਂ ਜੱਜ ਦਾ ਅਰਦਲੀ' ਮੇਰੀ ਮਨ ਪਸੰਦ ਕਿਤਾਬ ਹੈ। ਇਸ ਮੌਕੇ ਉਤੇ ਪੰਜਾਹ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ, ਹਰਿਆਣਾ ਦੇ ਗਵਰਨਰ ਬੰਡਾਰੂ ਦੱਤਾ ਤਰੇ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੇ ਹੋਰ ਉਘੀਆਂ ਹਸਤੀਆਂ ਮੌਜੂਦ ਸਨ।

## ਜੇ ਮੈਂ ਜਿੱਤਿਆ ਤਾਂ ਸੰਸਦ ਉੱਪਰ ਹਮਲਾ ਕਰਨ ਵਾਲਿਆਂ ਨੂੰ ਰਿਹਾਅ ਕਰ ਦੇਵਾਂਗਾ - ਟਰੰਪ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਜੇਕਰ ਉਹ 2024 'ਚ ਦੁਬਾਰਾ ਰਾਸ਼ਟਰਪਤੀ ਚੋਣ ਜਿੱਤਦੇ ਹਨ ਤਾਂ ਉਹ ਸੰਸਦ 'ਤੇ ਹਮਲੇ ਦੇ ਦੋਸ਼ੀ ਆਪਣੇ ਸਾਰੇ ਸਮਰਥਕਾਂ ਨੂੰ ਰਿਹਾਅ ਕਰ ਦੇਣਗੇ। ਯਾਦ ਹੋਵੇਗਾ ਕਿ ਮੌਜੂਦਾ ਰਾਸ਼ਟਰਪਤੀ ਜੋ ਬਾਇਡਨ ਨੇ 6 ਜਨਵਰੀ, 2021 ਨੂੰ ਰਾਸ਼ਟਰਪਤੀ ਚੋਣ ਵਿੱਚ ਟਰੰਪ ਨੂੰ ਹਰਾਇਆ ਸੀ। ਇਸ ਤੋਂ ਬਾਅਦ ਟਰੰਪ ਨੇ ਚੋਣਾਂ 'ਚ ਧਾਂਦਲੀ ਦਾ ਦੋਸ਼ ਲਗਾਇਆ ਸੀ। ਇਸ ਤੋਂ ਬਾਅਦ ਟਰੰਪ ਦੇ ਹਜ਼ਾਰਾਂ ਸਮਰਥਕਾਂ ਨੇ ਸੰਸਦ 'ਤੇ ਹਮਲਾ ਕਰ ਦਿੱਤਾ ਸੀ । ਇਸ ਮਾਮਲੇ ਵਿੱਚ 1358 ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਗਿਆ ਸੀ। ਸੋਸ਼ਲ ਮੀਡੀਆ 'ਤੇ ਇੱਕ ਪੋਸਟ 'ਚ ਟਰੰਪ ਨੇ ਕਿਹਾ- ਜਿਨ੍ਹਾਂ ਨੂੰ ਦੰਗਾਕਾਰੀ ਕਿਹਾ ਗਿਆ ਹੈ, ਉਹ ਅਸਲ 'ਚ ਬੰਧਕ ਹਨ। 38 ਮਹੀਨਿਆਂ ਵਿੱਚ ਮੇਰੇ 1358 ਸਮਰਥਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪਿਛਲੇ ਮਹੀਨੇ ਨਿਆਂ ਵਿਭਾਗ ਦੀ ਰਿਪੋਰਟ ਵਿੱਚ ਵੀ ਇਸ ਅੰਕੜੇ ਦੀ ਪੁਸ਼ਟੀ ਹੋਈ ਹੈ। ਉਹ ਚੋਣ ਅਤੇ ਉਸ ਤੋਂ ਬਾਅਦ ਸੱਤਾ ਦਾ ਤਬਾਦਲਾ ਪੂਰੀ ਤਰ੍ਹਾਂ ਗਲਤ ਸੀ ਅਤੇ ਮੇਰੇ ਸਮਰਥਕਾਂ ਨੇ ਇਸ ਦਾ ਵਿਰੋਧ ਕੀਤਾ। ਗ੍ਰਿਫਤਾਰ ਕੀਤੇ ਗਏ ਟਰੰਪ ਸਮਰਥਕਾਂ 'ਚੋਂ 500 ਅਜਿਹੇ ਹਨ, ਜਿਨ੍ਹਾਂ ਨੂੰ ਵੱਖ-ਵੱਖ ਮਾਮਲਿਆਂ 'ਚ ਸਜ਼ਾ ਸੁਣਾਈ ਗਈ ਹੈ। ਇਸ ਤੋਂ ਇਲਾਵਾ ਟਰੰਪ ਦੇ ਸੈਂਕੜੇ ਸਮਰਥਕ ਹਨ ਜਿਨ੍ਹਾਂ ਦੀ ਰੋਜ਼ਾਨਾ ਸੁਣਵਾਈ ਹੋ ਰਹੀ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਇਸ ਮਹੀਨੇ ਦੇ ਅੰਤ 'ਚ ਕੁੱਝ ਹੋਰ ਲੋਕਾਂ ਨੂੰ ਸਜ਼ਾ ਸੁਣਾਈ ਜਾਵੇਗੀ।

# ਅਲਬਰਟਾ ਐਨਡੀਪੀ ਦੀ ਲੀਡਰਸ਼ਿਪ ਦੀ ਦੌੜ ਵਿਚ ਕੈਲਗਰੀ ਦੇ ਸਾਬਕਾ ਮੇਅਰ ਨਾਹੀਦ ਨੈਂਸ਼ੀ ਵੱਲੋਂ ਵੀ ਸ਼ਾਮਿਲ ਹੋਣ ਦਾ ਐਲਾਨ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਾਬਕਾ ਮੇਅਰ ਨਾਹੀਦ ਨੈਂਸ਼ੀ ਵੱਲੋਂ ਅਲਬਰਟਾ ਐਨਡੀਪੀ ਦੀ ਲੀਡਰਸ਼ਿਪ ਦੀ ਦੌੜ ਵਿੱਚ ਅਧਿਕਾਰਤ ਤੌਰ ਤੇ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਗਿਆ ਹੈ । ਤਿੰਨ ਵਾਰ ਕੈਲਗਰੀ ਦੇ ਮੇਅਰ ਰਹੇ ਨਾਹੀਦ ਨੈਂਸ਼ੀ ਜਿੰਨ੍ਹਾਂ ਦਾ ਇਸ ਤੋਂ ਪਹਿਲਾਂ ਕਿਸੇ ਵੀ ਸਿਆਸੀ ਪਾਰਟੀ ਨਾਲ ਜਨਤਕ ਤੌਰ ਤੇ ਕੋਈ ਵੀ ਸਬੰਧ ਨਹੀਂ ਰਿਹਾ ਨੇ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰਦਿਆਂ ਆਖਿਆ ਕਿ ਸੂਬੇ ਨੂੰ ਛੇਤੀ ਤੋਂ ਛੇਤੀ ਨਵੀਂ ਸਰਕਾਰ ਦੀ ਲੋੜ ਹੈ ਅਤੇ ਇਸ ਲਈ ਯੂਨਾਈਟਡ ਕੰਜਰਵਟਿਵ ਪਾਰਟੀ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੂੰ ਹਰਾਉਣਾ ਪਵੇਗਾ ਉਹਨਾਂ ਆਖਿਆ ਕਿ ਉਹ ਪ੍ਰੀਮੀਅਰ ਡੈਨੀਅਲ ਸਮਿਥ ਨੂੰ 30 ਸਾਲਾਂ ਤੋਂ ਜਾਣਦੇ ਹਨ ਅਤੇ ਉਹਨਾਂ ਨੂੰ ਪਤਾ ਹੈ ਕਿ ਉਹ ਕੀ ਸੀ ਅਤੇ ਕੀ ਹੋ ਸਕਦੀ ਹੈ ਉਹਨਾਂ ਆਖਿਆ ਕਿ ਮੈ ਅਲਬਰਟਾ ਦੀ ਮੌਜੂਦਾ ਸਰਕਾਰ ਅਯੋਗ , ਅਨੈਤਿਕ ਅਤੇ ਖਤਰਨਾਕ ਹੈ। ਵਰਨਣਯੋਗ ਹੈ ਕਿ ਅਲਬਰਟਾ ਐਨ ਡੀ ਪੀ ਲੀਡਰ ਰੇਚਲ ਨੋਟਲੀ ਵੱਲੋਂ ਇੱਕ ਦਹਾਕੇ ਤੱਕ ਪਾਰਟੀ ਦੀ ਕਮਾਨ ਸੰਭਾਲਣ ਉਪਰੰਤ ਅਹੁਦਾ ਛੱਡਣ ਦੇ ਐਲਾਨ ਤੋਂ ਬਾਅਦ ਕੈਥਲੀਨ ਗੈਨਲੇ ,ਰਾਖੀ ਪੰਚੋਲੀ, ਸਾਰਾਹ ਹਾਫਮੈਨ,ਜੋਡੀ ਕੈਲਾਹੂ ਸਟੋਨਹਾਊਸ,ਅਲਬਰਟਾ ਫੈਡਰੇਸ਼ਨ ਆਫ ਲੇਬਰ ਦੇ ਪ੍ਰਧਾਨ ਗਿਲ ਮੈਕਗੋਵਨ ਤੋਂ ਬਾਅਦ ਹੁਣ ਸਾਬਕਾ ਮੇਅਰ ਨੈਂਸ਼ੀ ਇਸ ਦੌੜ ਵਿੱਚ ਸ਼ਾਮਿਲ ਹੋ ਚੁੱਕੇ ਹਨ। ਪਿਛਲੀਆਂ ਚੋਣਾਂ 'ਚ ਕੰਜ਼ਰਵੇਟਿਵ ਪਾਰਟੀ ਕੈਲਗਰੀ 'ਚੋਂ ਹੀ ਅੱਗੇ ਸੀ ਜਿਸ ਦਾ ਤੋੜ ਹੁਣ ਨੈਂਸ਼ੀ ਨੂੰ ਮੰਨਿਆ ਜਾ ਰਿਹਾ ਹੈ। ਅਗਰ ਨੈਂਸ਼ੀ ਪਾਰਟੀ ਲੀਡਰਸ਼ਿਪ ਦੀ ਰੇਸ ਜਿੱਤ ਜਾਂਦੇ ਹਨ ਤਾਂ ਅਗਲੀਆਂ ਚੋਣਾਂ 'ਚ ਕੰਜ਼ਰਵੇਟਿਵ ਲਈ ਕੈਲਗਰੀ 'ਚ ਸਭ ਕੁੱਝ ਖੱਟਾ-ਖੱਟਾ ਹੋ ਸਕਦਾ ਹੈ। ਬਾਕੀ ਐਨ ਡੀ ਪੀ ਦਾ ਵੋਟਰ ਕਿਸ ਨੂੰ ਆਪਣਾ ਲੀਡਰ ਚਾਹੁੰਦਾ ਹੈ, ਉਹ ਤਹਿ ਕਰੇਗਾ।
















# ਮੈਂ ਕੁੜੀ ਮੇਰੀ ਮਾਂ ਕੁੜੀ ਮੇਰੀ ਨਾਨੀ ਕੁੜੀ, ਫਿਰ ਇਹ ਗੱਲ ਕਿੱਥੋਂ ਤੁਰੀ, ਸਾਡੇ ਘਰ ਜੰਮੀ ਕੁੜੀ ?



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 'ਮਹਿਲਾ ਦਿਵਸ' ਨਵੀਨਤਾ, ਆਧੁਨਿਕ ਅਤੇ ਬਰਾਬਰਤਾ ਦੇ ਸਮਾਜ ਦੀ ਵਿਚਾਰਧਾਰਾ ਦਾ ਨਾਮ ਹੈ,ਸਬੰਧੀ ਐਨ ਸੀ ਸੀ ਏ ਦੀ ਮਾਰਚ ਮਹੀਨੇ ਦੀ ਪਹਿਲੀ ਮੀਟਿੰਗ ਵੀਵੋ ਦੇ ਸਪੋਰਟਸ ਸ਼ੈਂਟਰ ਵਿਖੇ 11 ਮਾਰਚ 2024 ਨੂੰ ਸੁਰਿੰਦਰਜੀਤ ਪਲਾਹਾ,ਪ੍ਰਸ਼ੋਤਮਦਾਸ ਭਾਰਦੁਵਾਜ ਅਤੇ ਮਿਸਜ ਪਲਾਹਾ ਤੇ ਡਾ: ਰਾਜਵੰਤ ਮਾਨ ਜੀ ਦੀ ਪ੍ਰਧਾਨਗੀ ਮੰਡਲ ਹੇਠ ਹੋਈ। ਗੁਰਦਿਆਲ ਸਿੰਘ ਖਹਿਰਾ ਨੇ ਮੰਚ ਸੰਚਾਲਨ ਲਈ ਸੁਖਵਿੰਦਰ 'ਸੁੱਖੀ' ਕੁੰਡ ਨੂੰ ਸੱਦਾ ਦਿੱਤਾ। ਸੁੱਖੀ ਨੇ ਮੰਚ ਦੀ ਜਿੰਮੇਵਾਰੀ ਬਾਖੂਬੀ ਨਿਭਾਈ। ਇਹ ਮੀਟਿੰਗ ਸਮੁੱਚੀ ਮਾਨਵਤਾ ਦੀਆਂ ਮਹਿਲਾਵਾਂ ਨੂੰ ਸਮਰਪਤਿ ਰਹੀ। ਜੋ ਕਿ ਦੁਨੀਆਂ ਭਰ ਵਿਚ ਇਹ ਦਿਨ 8 ਮਾਰਚ ਨੂੰ ਮਨਾਇਆਂ ਜਾਂਦਾ ਹੈ। ਸੁੱਖੀ ਨੇ ਆਪਣੇ ਸ਼ਬਦਾਂ ਵਿੱਚ ਕਿਹਾ, ਔਰਤ ਹਰ ਘਰ ਦੀ ਸ਼ਕਤੀ ਲਕਸ਼ਮੀ ਅਤੇ ਸਰਸਵਤੀ ਵੱਜੋਂ ਜਾਣੀ ਜਾਂਦੀ ਹੈ ਹਰ ਘਰ ਦੀ ਤਰੱਕੀ ਪਿੱਛੇ ਇੱਕ ਔਰਤ ਹੋਇਆ ਕਰਦੀ ਹੈ। ਹੁਣ ਤੱਕ ਮਹਿਲਾਵਾਂ ਨੇ ਹਰ ਇੱਕ ਖੇਤਰ ਵਿੱਚ ਸ਼ਲਾਘਾ ਯੋਗ ਅਸਥਾਨ ਪ੍ਰਾਪਤ ਕੀਤਾ ਪਰ ਅਜੇ ਬਹੁਤ ਕੁੱਝ ਕਰਨ ਵਾਲਾ ਬਾਕੀ ਹੈ।ਡਾ: ਰਾਜਵੰਤ ਮਾਨ ਜੋ ਇਪਟਾ ਦੇ ਖਾਸ ਅਦਾਕਾਰਾ ਵੱਜੋ ਜਾਣੀ ਜਾਂਦੀ ਹੈ ਔਰਤ ਦੇ ਹਰ ਕਿਰਦਾਰ ਦਾ ਰੋਲ ਅਦਾ ਕਰ ਚੁੱਕੀ ਹੈ।ਦਹਾਕਾ ਪਹਿਲਾਂ ਆਪਣੀ ਲਿਖੀ ਇੱਕ ਕਵਿਤਾ ਸੁਣਾਈ,

ਤੂੰ ਮਾਨਵਤਾ ਦੀ ਜਨਣੀ ਹੈਂ, ਅਪਮਾਨ ਸਦਾ ਹੀ ਜਰਦੀ ਰਹੀ।
ਤੇ ਫਿਰ ਵੀ ਸੇਵਾ ਕਰਦੀ ਰਹੀ।

ਬੀਬੀ ਹਰਿੰਦਰ ਮੁੰਡੀ ਨੇ ਮਹਿਲਾ ਦਿਵਸ ਦੀ ਵਧਾਈ ਦੇਂਦਿਆਂ, ਇਤਰਾਜ ਦੇ ਲਿਹਜੇ ਵਿੱਚ ਕਿਹਾ ਹੁਣ ਤੱਕ ਔਰਤ ਦੇ ਮੂੰਹੋਂ ਔਰਤ ਵਿਰੋਧੀ ਸ਼ਬਦ ਕਹਾਏ ਜਾਂਦੇ ਰਹੇ। ਅੱਗੋ ਔਰਤ ਦੇ ਸਬੰਧ ਵਿੱਚ ਭਾਵਪੂਰਤ ਰਚਨਾ ਪੜ੍ਹੀ

"ਮੈਂ ਕੁੜੀ ਮੇਰੀ ਮਾਂ ਕੁੜੀ ਮੇਰੀ ਨਾਨੀ ਕੁੜੀ।
ਫਿਰ ਇਹ ਗੱਲ ਕਿੱਥੋਂ ਤੁਰੀ ਸਾਡੇ ਘਰ ਜੰਮੀ ਕੁੜੀ।

ਬੀਬੀ ਚਰਨਜੀਤ ਕੌਰ ਬਾਜਵਾ ਜਿਸ ਨੂੰ ਸੁਰੀਲੀ ਅਵਾਜ ਸਦਕੇ ਸਭਾ ਦੀ ਸੁਰਿੰਦਰ ਕੌਰ ਵਾਲਾ ਮਾਣ ਹਾਸਲ ਹੈ। ਸੁਰਜੀਤ ਪਾਤਰ ਦੀ ਲਿਖੀ ਰਚਨਾ ਤਰੱਨਮ ਵਿਚ ਗਾਕੇ ਵਾਹ ਵਾਹ ਕੱਟੀ ਬੋਲ ਹਨ।

" ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ,
ਥੇ ਮੈਨੂੰ ਅੰਮੜੀ ਨੇ ਦਿੱਤੀਆਂ ਲੱਖ ਝਿੜਕਾਂ"
ਤੇ ਮੇਰੇ ਨੈਣਾਂ ਵਿੱਚੋਂ ਛਮ ਛਮ ਨੀਰ ਫੁੱਟਿਆ"

ਮਨਜੀਤ ਕੌਰ ਖਹਿਰਾ ਨੇ ਔਰਤ ਦੀ ਮਹਾਨਤਾ ਵਾਰੇ ਬੋਲਦਿਆਂ ਕਿਹਾ ਨਾਰੀ ਜਨਮ ਵੀ ਦੇਂਦੀ ਹੈ ਤੇ ਜਾਨ ਲੇਵਾ ਵੀ ਹੋ ਸਕਦੀ ਹੈ। ਔਰਤ ਦੇਵੀ ਦੇਵਤਿਆਂ ਦਾ ਰੂਪ ਵੀ ਹੈ ਜਿਸ ਦੀ ਛਾਤੀ ਵਿੱਚੋਂ ਸੀਰ ਤੇ ਨੈਣਾਂ ਵਿੱਚੋਂ ਨੀਰ ਫੁੱਟਦਾ ਹੈ। ਏਸੇ ਵਿਸ਼ੇ ਨੂੰ ਜਾਰੀ ਰੱਖਦਿਆਂ ਬੀਬੀ ਅਮਰਜੀਤ ਪਲਾਹਾ ਨੇ ਰੱਬ ਨੂੰ ਉਲਾਂਭੇ ਭਰੀ ਚਿੱਠੀ ਲਿਖੀ ਚਿੱਠੀ ਵਿੱਚ ਉਹ ਲਿਖਦੇ ਹਨ ,

ਚਿੱਠੀ ਤੈਨੂੰ ਲਿਖ ਬੈਠੀ ਹਾਂ, ਤੂੰ ਬੜਾਂ ਨਿਰਦਈ ਏਂ
ਸਰਨਾਵਾਂ ਆਪਣਾ ਦੱਸਦਾ ਨਹੀਂ।
ਕਿਹੜੀ ਜਗ੍ਹਾ ਤੇ ਤੂੰ ਵੱਸਦਾ ਜਿੱਥੇ ਸੱਪ ਵੀ ਤੈਨੂੰ ਡੱਸਦਾ ਨਹੀਂ।

ਬੀਬੀ ਜੋਗਿੰਦਰ ਕੌਰ ਗਰੇਵਾਲ ਨੇ ਕੁੱਝ ਚੁਟਕਲੇ ਸੁਣਾਏ ਜੋ ਪਹਿਲਾਂ ਕਦੀ ਨਹੀ ਸੁਣੇ। ਸੁਰਜੀਤ ਕਮੋਹ ਨੇ ਖੂਬਸੂਰਤ ਅਵਾਜ ਵਿੱਚ ਕੁੱਝ ਟੱਪੇ ਸਣਾਏ।

ਪਾਣੀ ਛੰਨੇ ਦਾ ਕਾਂ ਪੀਤਾ। ਮੈਨੂੰ ਤੇਰੇ ਵਿੱਚੋਂ ਰੱਬ ਦਿਸਦਾ, ਤੈਨੂੰ ਸਿਜਦਾ ਮੈਂ ਤਾਂ ਕੀਤਾ ।

ਮਨਦੀਪ ਕੌਰ ਹੁੰਦਲ ਨੇ ਵਾਤਾਵਰਣ ਪ੍ਰਤੀ ਬੋਲਦਿਆਂ ਬੜੇ ਠੋਸ ਸੁਝਾ ਦਿੱਤੇ ਹਰ ਇੱਕ ਨਾਗਰਿਕ ਨੂੰ ਚੰਗੇ ਵਾਤਾਵਰਣ ਲਈ ਯੋਗਦਾਨ ਪਾਉਣ ਦੀ ਪ੍ਰੇਰਨਾ ਕੀਤੀ। ਮੰਜੂ ਅਗਰਵਾਲ ਨੇ ਹਰ ਵਾਰ ਦੀ ਤਰ੍ਹਾਂ ਕਵਿਤਾ ਪੜ੍ਹੀ,

ਹਾਂ ਮੈਂ ਪੈਸਾ ਹੂੰ, ਆਪ ਕੇ ਪਾਸ ਹੂੰ ਤੋ ਆਪਕਾ ਹੂੰ ਆਪਕੇ ਪਾਸ ਨਹੀਂ ਤੋ ਮੈਂ ਆਪਕਾ ਨਹੀਂ ਹੂੰ।
ਮਾਨਾ ਕਿ ਮੈਂ ਆਪ ਕੇ ਸਾਥ ਊਪਰ ਨਹੀਂ ਜਾ ਸਕਤਾ, ਪਰ ਜੀਤੇ ਜੀ ਆਪ ਕੋ ਬਹੁਤ ਊਪਰ ਲੇ ਜਾ ਸਕਤਾ ਹੂੰ।

ਸੁੱਖੀ ਕੁੰਡੂ ਨੇ ਵਿਅੰਗ ਮਈ ਅੰਦਾਜ ਵਿੱਚ ਬੇਟੀ ਅਤੇ ਬਹੂ ਦੇ ਚੰਗੇ ਸੰਸਕਾਰਾਂ ਦੀ ਗੱਲ ਢੁੱਕਵੇਂ ਅਤੇ ਦਿਲ ਟੁੰਭਵੇਂ ਸਬਦਾਂ ਵਿੱਚ ਕਹੀ। ਬਹੂ ਬਹੁਤ ਅੱਛੀ ਹੈ ਕਭੀ ਜਵਾਬ ਨਹੀਂ ਦੇਤੀ ਕਾਮ ਨਾ ਕਰਨੇ ਕਿ ਖੂਬਸੂਰਤ ਬਹਾਨੇ ਬਨਾਨਾ ਬਹੁਤ ਅੱਛੇ ਸੇ ਜਾਨਤੀ ਹੈ। ਜਸਵਿੰਦਰ ਮਨਹਾਸ ਨੇ ਆਮ ਘਰੇਲੂ ਜੀਵਨ ਨਾਲ ਸਬੰਧਤ ਖੂਬਸੂਰਤ ਚੁਟਕਲੇ ਸੁਣਾਕੇ ਖੁਸ਼ਗਵਾਰ ਮਹੌਲ ਸਿਰਜਿਆ। ਬੀਬੀ ਹਰਕੰਵਲ ਅਤੇ ਸੁਰਜੀਤ ਕਮੋਹ ਨੇ ਮਿਲਕੇ ਇੱਕ ਹਰਮਨ ਪਿਆਰਾ ਲੋਕ ਗੀਤ ਪੇਸ਼ ਕੀਤਾ ਬੋਲ ਹਨ

'ਸੜਕੇ ਸੜਕੇ ਜਾਂਦੀ ਏ ਮੁਟਿਆਰੇ ਨੀ ਕੰਡਾ ਚੁੱਭਾ ਤੇਰੇ ਪੈਰ ਬਾਂਕੀਏ ਨਾਰੇ ਨੀ

"ਕਵਿਤਾਵਾਂ ਗੀਤਾਂ ਦੇ ਨਾਲ ਨੋਕ ਝੋਕ ਟਕੋਰਾਂ ਭਰੇ ਵਿਚਾਰਾਂ ਦੀ ਵੀ ਕਮੀ ਨਹੀਂ ਰਹੀ ਗੁਰਜੀਤ ਕੌਰ ਨੇ ਆਖਿਆ ਔਰਤ ਸਿਰਫ ਸ਼ਕਲ ਤੇ ਜਿਸਮ ਦੀਆ ਖੂਬਸੂਰਤ ਨਹੀਂ ਹੁੰਦੀਆਂ ਮਨ ਦੀਆਂ ਵੀ ਸੁੰਦਰ ਹੁੰਦੀਆਂ ਨੇ, ਕਭੀ ਠੋਕਰ ਖਾਕੇ ਭੀ ਕਿਸੀ ਪਰ ਤੇਜਾਬ ਨਹੀ ਸੁੱਟਦੀਆਂ। ਲਲਿਤਾ ਜੀ ਨੇ ਔਰਤ ਦੇ ਸਵੈਮਾਨ ਨੂੰ ਉਚਿਆਉਣ ਬਰਾਬਰਤਾ ਲਿਆਉਣ ਲਈ , ਹਰ ਇੱਕ ਔਰਤ ਨੂੰ ਚੰਗੀ ਸਿਹਤ ਚੰਗੀ ਐਜੁਕੇਸ਼ਨ, ਤੇ ਆਪਣੇ ਇਰਦ ਗਿਰਦ ਦੇ ਹਲਾਤਾਂ ਤੋਂ ਜਾਣੂ ਹੋਣਾ ਬਹੁਤ ਜਰੂਰੀ ਹੈ । ਦੀਪ ਮੱਟੂ ਜੀ ਨੇ ਚੰਗੇ ਜੀਵਨ ਲਈ ਔਰਤ ਨੂੰ ਪਤੀ ਦੇ ਵਿਚਾਰਾਂ ਅਨੁਸਾਰ ਆਪਣੇ ਵਿਚਾਰਾਂ ਨੂੰ ਉਸਾਰਨਾ ਚਾਹੀਦਾ ਹੈ। ਉਸਦੇ ਕਦਮਾਂ ਵਿੱਚ ਕਦਮ ਰੱਖਣਾ ਬਹੁਤ ਜਰੂਰੀ ਹੈ।ਮਨਦੀਪ ਅਤੇ ਸਹੇਲੀਆਂ ਨੇ ਮਿਲਕੇ ਟੱਪੇ ਗਾਏ ਅਤੇ ਗਿੱਧੇ ਵਰਗਾ ਮਹੌਲ ਬਣਾਇਆ ।

'ਗੱਡੀ ਚਲਦੀ ਏ ਤਾਰਾਂ ਤੇ ਅੱਗੇ ਮਾਹੀ ਨਿੱਤ ਮਿਲਦਾ ਹੁਣ ਮਿਲਦਾ ਕਰਾਰਾਂ ਤੇ।
ਗੱਡੀ ਚਲਦੀ ਏ ਲੀਕਾਂ ਤੇ ਅੱਗੇ ਮਾਹੀ ਨਿੱਤ ਮਿਲਦਾ ਹੁਣ ਮਿਲਦਾ ਤਰੀਕਾਂ ਤੇ।

ਅੰਤ ਵਿੱਚ ਗੁਰਦਿਆਲ ਸਿੰਘ ਖਹਿਰਾ ਅਤੇ ਸੁਰਿੰਦਰਜੀਤ ਪਲਾਹਾ ਨੇ ਸੁੱਖੀ ਕੁੰਡੂ ਅਤੇ ਪੇਸ਼ਕਾਰੀ ਕਰਨ ਵਾਲੀਆਂ ਸਮੂਹ ,ਮਹਿਲਾਵਾਂ ਦੀ ਭਰਵੈਂ ਸ਼ਬਦਾਂ ਨਾਲ ਸ਼ਲਾਘਾ ਕੀਤੀ ਅੰਤ ਵਿੱਚ ਹਾਜਰੀਨ ਨੇ ਕੜ੍ਹੀ ਚੌਲ਼ ਅਤੇ ਰਸ ਮਲ਼ਾਈ ਦਾ ਅਨੰਦ ਮਾਣਿਆਂ।

# ਕਨੇਡਾ ਦੇ ਗਰੌਸਰੀ ਸਟੋਰਾਂ ਵਾਲਿਆਂ ਚੋਰੀ ਰੋਕਣ ਲਈ ਸਕੈਨਰ ਲਾਏ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸਭ ਤੋਂ ਵੱਡੇ ਗਰੋਸਰੀ ਚੇਨ ਸਟੋਰਾਂ ਦੀ ਮਾਲਕੀ ਵਾਲੀ ਕੰਪਨੀ Loblaws ਵੱਲੋਂ ਆਪਣੇ ਸਟੋਰਾਂ ਵਿੱਚੋਂ ਹੁੰਦੀ ਚੋਰੀ ਨੂੰ ਰੋਕਣ ਦੇ ਮਕਸਦ ਨਾਲ ਸੁਰੱਖਿਆ ਦੇ ਨਵੇਂ ਢੰਗ ਤਰੀਕੇ ਅਪਣਾਏ ਜਾ ਰਹੇ ਹਨ ਅਤੇ ਇਸ ਦਾ ਟਰਾਇਲ ਸ਼ੁਰੂ ਕਰ ਦਿੱਤਾ ਗਿਆ ਹੈ ਜਿਸ ਵਿੱਚ ਜਦੋਂ ਗਾਹਕ ਖਰੀਦਾਰੀ ਕਰਕੇ ਬਾਹਰ ਨਿਕਲਦਾ ਹੈ ਤਾਂ ਉਸ ਨੂੰ ਆਪਣੀ ਰਸੀਦ ਨੂੰ ਸਕੈਨ ਕਰਨਾ ਪਵੇਗਾ ਤਾਂ ਕਿ ਇਸ ਦਾ ਸਬੂਤ ਮਿਲ ਸਕੇ ਕਿ ਉਸ ਨੇ ਖਰੀਦੀਆਂ ਗਈਆਂ ਸਾਰੀਆਂ ਚੀਜ਼ਾਂ ਦਾ ਮੁੱਲ ਤਾਰ ਦਿੱਤਾ ਹੈ Loblaws ਵੱਲੋਂ –ਟੈਰੀ– ਦੇ ਸਟੋਰਾਂ ਵਿੱਚ ਇਸ ਪਾਇਲਟ ਪ੍ਰੋਜੈਕਟ ਨੂੰ ਸ਼ੁਰੂ ਕੀਤਾ ਗਿਆ ਹੈ। ਕੰਪਨੀ ਦੀ ਸਪੋਕਸਪਰਸਨ ਕੈਥਰੀਨ ਥੋਮਸ ਨੇ ਇੱਕ ਬਿਆਨ ਜਾਰੀ ਕਰਦਿਆਂ ਆਖਿਆ ਹੈ ਕਿ ਅਸੀ ਸਕੈਨ ਕਰਨ ਵਾਲੇ ਇਹ ਸਕੈਨਰ ਸੈਲਫ ਚੈਕ ਆਊਟ ਖੇਤਰਾਂ ਵਿੱਚ ਸਿਕਿਉਰਟੀ ਗੇਟਾਂ ਉੱਪਰ ਲਗਾਏ ਗਏ ਹਨ ਅਤੇ ਜਿੰਨੀ ਦੇਰ ਤੱਕ ਗਾਹਕ ਆਪਣੀ ਰਸੀਦ ਉੱਪਰਲਾ ਬਾਰਕੋਡ ਸਕੈਨ ਨਹੀਂ ਕਰਦਾ ਉਦੋਂ ਤੱਕ ਇਹ ਗੇਟ ਨਹੀਂ ਖੁੱਲਦੇ ਜੇਕਰ ਕੋਈ ਜ਼ਬਰਦਸਤੀ ਗੇਟ ਖੋਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉੱਚੀ ਆਵਾਜ਼ ਵਿੱਚ ਅਲਾਰਮ ਵੱਜਣਾ ਸ਼ੁਰੂ ਹੋ ਜਾਂਦਾ ਹੈ। ਉਹਨਾਂ ਆਖਿਆ ਕਿ ਗਰੋਸਰੀ ਸਟੋਰਾਂ ਵਿੱਚ ਹੁੰਦੀਆਂ ਚੋਰੀਆਂ ਇੱਕ ਗੰਭੀਰ ਮਸਲਾ ਹੈ ਅਤੇ ਇਹ ਔਰਗੇਨਾਈਜਡ ਕਰਾਈਮ ਦਾ ਹੀ ਹਿੱਸਾ ਹੈ ਭਾਵੇਂ ਕਿ ਕੰਪਨੀ ਵੱਲੋਂ ਇਹ ਟਰਾਇਲ ਤਾਂ ਸ਼ੁਰੂ ਕਰ ਦਿੱਤਾ ਗਿਆ ਹੈ ।










# ਸਾਲ 2024 ਦੇ ਪਹਿਲੇ ਪੁਸਤਕ ਮੇਲੇ ਵਿੱਚ ਪਾਠਕਾਂ ਨੇ ਭਾਰੀ ਉਤਸ਼ਾਹ ਦਿਖਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਾਸਟਰ ਭਜਨ ਸਿੰਘ ਤੇ ਸਾਥੀਆਂ ਵੱਲੋਂ ‘ਸ਼ਹੀਦ ਭਗਤ ਸਿੰਘ ਬੁੱਕ ਸੈਂਟਰ’ ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ।ਇਸ ਮੌਕੇ ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਹੋਰਾਂ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਲਾਇਬ੍ਰੇਰੀਆਂ ਦਾ ਸ਼ਿੰਗਾਰ ਵੀ ਬਣਾਉਣ ਦੀ ਲੋੜ ਹੈ।ਉਨ੍ਹਾਂ ਅੱਗੇ ਕਿਹਾ ਕਿ ਕਿਤਾਬਾਂ ਦਾ ਸਾਡੇ ਜੀਵਨ ਵਿੱਚ ਬਹੁਤ ਵੱਡਾ ਰੋਲ ਹੈ।ਜਿਹੜੇ ਲੋਕ ਕਿਤਾਬਾਂ ਨਹੀਂ ਪੜ੍ਹਦੇ, ਉਨ੍ਹਾਂ ਦਾ ਬੌਧਿਕ ਵਿਕਾਸ ਰੁਕ ਜਾਂਦਾ ਹੈ।ਉਨ੍ਹਾਂ ਇਸ ਗੱਲ ਤੇ ਤਸੱਲੀ ਪ੍ਰਗਟ ਕੀਤੀ ਕਿ ਕੈਲਗਰੀ ਵਿੱਚ ਹੁਣ ਪੰਜਾਬੀ ਪਾਠਕਾਂ ਦਾ ਦਾਇਰਾ ਦਿਨੋਂ ਦਿਨ ਵਧ ਰਿਹਾ ਹੈ। ਹਰ ਵਾਰ ਪੁਰਾਣੇ ਪਾਠਕਾਂ ਦੇ ਨਾਲ਼-ਨਾਲ਼ ਨਵੇਂ ਨੌਜਵਾਨ ਪਾਠਕ ਵੀ ਕਿਤਾਬਾਂ ਖਰੀਦਣ ਆਉਂਦੇ ਹਨ।ਉਨ੍ਹਾਂ ਸਮੁੱਚੇ ਮੀਡੀਏ ਦਾ ਹਮੇਸ਼ਾਂ ਸਹਿਯੋਗ ਲਈ ਧੰਨਵਾਦ ਕੀਤਾ। ਪੁਸਤਕ ਮੇਲੇ ਦੇ ਪ੍ਰਬੰਧਕਾਂ ਨੇ ਪਾਠਕਾਂ ਵਲੋਂ ਦਿਖਾਏ ਉਤਸ਼ਾਹ ‘ਤੇ ਖੁਸ਼ੀ ਅਤੇ ਤਸੱਲੀ ਦਾ ਪ੍ਰਗਟਾਵਾ ਕੀਤਾ।ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿੱਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ।ਪਾਠਕਾਂ ਵੱਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵੱਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ।ਬੇਸ਼ਕ ਇੱਕ ਰੋਜ਼ਾ ਪੁਸਤਕ ਮੇਲਾ ਤਾਂ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ।ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ, ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ।

# ਗੱਲ ਘਰ ਘਰ ਦੀ

## ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਨੂੰ ਮਿਲਣ ਵਾਲੀ ਰਾਹਤ ਖ਼ੁੱਸੀ

ਕੈਨੇਡਾ ਭਰ ਵਿੱਚ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਨੂੰ ਦਿੱਤੀ ਗਈ ਸਹੂਲਤ ਫੈਡਰਲ ਸਰਕਾਰ ਵੱਲੋਂ ਹੁਣ ਵਾਪਸ ਲੈ ਲਈ ਗਈ ਹੈ। ਇਸ ਫੈਸਲੇ ਦਾ ਮਿਲਿਆ ਜੁਲਿਆ ਪ੍ਰਤੀਕਰਮ ਦੇਖਿਆ ਜਾ ਰਿਹਾ ਹੈ। ਕਈ ਮੌਰਗੇਜ ਬ੍ਰੋਕਰਾਂ ਦਾ ਕਹਿਣਾ ਹੈ ਕਿ ਇਸ ਨਾਲ ਕੈਲਗਰੀ ਵਿਚਲੇ ਉਹਨਾਂ ਵਿਅਕਤੀਆਂ ਨੂੰ ਕੋਈ ਫ਼ਰਕ ਨਹੀਂ ਪੈਣਾ ਹੈ ਜਿਹੜੇ ਪਹਿਲੀ ਵਾਰ ਘਰ ਖ਼ਰੀਦ ਰਹੇ ਸਨ। ਦ ਕੈਨੇਡਾ ਮੌਰਗੇਜ ਐਂਡ ਹਾਊਜ਼ਿੰਗ ਕੌਰਪੋਰੇਸ਼ਨ (ਸੀ.ਐਮ.ਐਚ.ਸੀ.) ਨੇ ਲੰਘੀ 12 ਮਾਰਚ ਵਾਲੇ ਦਿਨ ਐਲਾਨ ਕੀਤਾ ਸੀ ਕਿ ਉਹਨਾਂ ਵੱਲੋਂ ਫੈਡਰਲ ਸਰਕਾਰ ਦਾ ਇਹ ਪ੍ਰੋਗਰਾਮ ਬੰਦ ਕੀਤਾ ਜਾ ਰਿਹਾ ਹੈ। ਪਤਾ ਲੱਗਿਆ ਹੈ ਕਿ ਬਹੁਤੇ ਲੋਕ ਇਸ ਯੋਜਨਾ’ ਦਾ ਕੋਈ ਲਾਭ ਨਹੀਂ ਲੈ ਰਹੇ ਸਨ। ਸਰਕਾਰ ਦਾ (ਲੋਕਾਂ ਨੂੰ ਘਰ ਮੁਹਈਆ ਕਰਵਾਉਣ ਦਾ) ਇਰਾਦਾ ਤੇ ਟੀਚਾ ਵੀ ਪੂਰਾ ਨਹੀਂ ਹੋ ਰਿਹਾ ਸੀ। ਸਰਕਾਰ ਦੀ ਇਹ ‘ਯੋਜਨਾ’ ਕਹਿਣ ਨੂੰ ਤਾਂ ਲੋਕਾਂ ਦੈ




ਲਾਭ ਲਈ ਸੀ ਪਰ ਜਾਣਕਾਰਾਂ ਦਾ ਕਹਿਣਾ ਹੈ ਕਿ ਅਸਲ ਵਿੱਚ ਇਹ ‘ਯੋਜਨਾ’ ਸਰਕਾਰ ਦਾ ਹੀ ਢਿੱਡ ਭਰਨ ਵਾਲੀ ਸੀ। ਇਸ ‘ਸੋਚੀ ਸਮਝੀ ਯੋਜਨਾ’ ਦੇ ਤਹਿਤ ਪਹਿਲੀ ਵਾਰ ਘਰ ਖ਼ਰਿਦਣ ਵਾਲੇ ਨੂੰ ‘ਡਾਊਨ ਪੇਅਮੈਂਟ’ ਪਾਉਣ ਵਾਸਤੇ ਪੰਜ ਤੋਂ 10% ਲੋਨ ਦਿੱਤਾ ਜਾ ਰਿਹਾ ਸੀ। ਇਸ ਨਾਲ ‘ਡਾਊਨ ਪੇਅਮੈਂਟ’ ਵਧ ਜਾਣੀ ਸੀ ਤੇ ਘਰ ਖ਼ਰੀਦਣ ਵਾਲੇ ਵਾਸਤੇ ਮੌਰਗੇਜ ਦੀ ਭੁਗਤਾਨ ਰਕਮ ਹਰ ਮਹੀਨੇ ਛੋਟੀ ਹੋ ਜਾਣੀ ਸੀ। ਸਰਕਾਰ ਕੋਲੋਂ ਪ੍ਰਾਪਤ ਰਕਮ 25 ਸਾਲ ਬਾਦ ਘਰ ਮਾਲਿਕ ਵੱਲੋਂ ਉਸ ਸਮੇਂ ਵਾਪਸ ਦਿੱਤੀ ਜਾਣੀ ਸੀ ਜਦੋਂ ਇਹ ਪ੍ਰੌਪਰਟੀ ਵਿਕ ਜਾਂਦੀ। ਜੇ ਵਿਕਣ ਵੇਲੇ ਘਰ ਦੀ ਕੀਮਤ ਵਧ ਜਾਂਦੀ (ਜਿਹੜੀ ਕਿ ਸੁਭਾਵਕ ਹੀ ਵਧਣੀ ਨਿਸ਼ਚਿਤ ਸੀ), ਤਾਂ ਉਸ (ਲਾਭ) ਦਾ ਕੁਝ ਹਿੱਸਾ ਸਰਕਾਰ ਨੇ ਵੀ ਲੈ ਜਾਣਾ ਸੀ। ਹੁਣ ਇਕ ਤਾਂ ਇਹ ਕਾਰਨ ਸੀ ਕਿ ਪ੍ਰੌਪਰਟੀ ਦੇ ਲਾਭ ਵਿੱਚ ਵੀ ਸਰਕਾਰ ਨੇ ਹਿੱਸਾ ਪਾ ਲਿਆ ਸੀ। ਦੂਜਾ, ਕੁਆਲੀਫਾਇੰਗ ਇਨਕਮ ਦੀ ਚਾਰ ਗੁਣਾ ਰਕਮ ਤੋਂ ਜ਼ਿਆਦਾ ਲੋਨ ਨਹੀਂ ਲਿਆ ਜਾ ਸਕਦਾ; ਸਰਕਾਰੀ ਯੋਜਨਾ ਵਾਲਾ ਲੋਨ ਲੈਣ ਵਾਲੇ ਦੀ ਇਨਕਮ 1 ਲੱਖ 20 ਹਜ਼ਾਰ ਡਾਲਰ ਤੋਂ ਵੱਧ ਨਹੀਂ ਹੋਣੀ ਚਾਹੀਦੀ ਸੀ, ਇਸ ਕਰਕੇ ਵੀ ਇਹ ਯੋਜਨਾ ਡੱਕੇ-ਡੋਲੇ ਖਾਣ ਲੱਗ ਪਈ ਸੀ। ਟੋਰੰਟੋ, ਵੈਨਕੂਵਰ ਵਰਗੇ ਸ਼ਹਿਰਾਂ ਵਿੱਚ ਵੱਧ ਤੋਂ ਵੱਧ ਆਮਦਨੀ ਦੀ ਲਿਮਿਟ ਡੇਢ ਲੱਖ ਡਾਲਰ ਰੱਖੀ ਗਈ ਸੀ। ਕਰਜ਼ਾ ਮਿਲਦਾ ਸੀ ਇਸ ਤੋਂ ਚਾਰ ਗੁਣਾ...ਭਾਵ 6 ਲੱਖ ਡਾਲਰ। ਇਸ ਕਰਕੇ ਫੈਡਰਲ ਸਰਕਾਰ ਦੀ ਇਹ ਯੋਜਨਾ ਸਰਕਾਰ ਨੂੰ ਤਾਂ ਕੋਈ ਲਾਭ ਕੀ ਪਹੁੰਚਾਉਂਦੀ, ਜਿਹਨਾਂ ਵਾਸਤੇ ਲਿਆਂਦੀ ਗਈ ਸੀ, ਉਹਨਾਂ ਨੂੰ ਵੀ ਪਾਇਦਾ ਨਾ ਦੇ ਸਕੀ ਤੇ ਇਸ ਦਾ ਘੁੱਗੂ ਹੀ ਵਜਾ ਦਿੱਤਾ ਗਿਆ। ਪਰ ਘਬਰਾਉਣ ਦੀ ਲੋੜ ਨਹੀਂ! ਘਰ ਦਾ ਸੁਫ਼ਨਾ ਦੇਖਣਾ ਗ਼ੈਰ-ਕਾਨੂੰਨੀ ਕੰਮ ਨਹੀਂ। ਬੱਸ, ਇਕ ਵਾਰ ਫੋਨ ਕਰੋ...ਤੁਹਾਡੇ ਲਈ ਆਪਣੇ ਸੁਫ਼ਨਿਆਂ ਦਾ ਘਰ ਲੱਭਣਾ ਮੁਸ਼ਕਲ ਨਹੀਂ ਹੋਵੇਗਾ, ਯਕੀਨ ਕਰਨਾ! ਟ੍ਰਾਇ ਕਰਨ ਵਿੱਚ ਹਰਜ਼ ਕੀ ਹੈ, ਭਲਾ!


# ਸੋਗ ਸੁਨੇਹਾ

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ, ਕਿ ਸਾਡੇ ਸਤਿਕਾਰਯੋਗ ਪਿਤਾ ਜੀ ਸ: ਮਾਸਟਰ ਮੇਵਾ ਸਿੰਘ ਸਿੱਧੂ ਜਿਹਨਾਂ ਦਾ ਪਿਛਲਾ ਪਿੰਡ ਕੁਟੀ (ਕਿਸ਼ਨਪੁਰਾ)ਜਿਲ੍ਹਾ ਬਠਿੰਡਾ ਸੀ, ਬੀਤੀ 17 ਮਾਰਚ 2024 ਨੂੰ ਕੈਲਗਰੀ ਵਿਖੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ 23 ਮਾਰਚ 2024 ਦਿਨ ਸਨਿੱਚਰਵਾਰ ਨੂੰ ਕੰਟਰੀਹਿੱਲ ਫਿਊਨਰਲ ਹੋਮ ਕੈਲਗਰੀ ਵਿਖੇ ਸਵੇਰੇ 10 ਵਜੇ ਹੋਵੇਗਾ। ਸਸਕਾਰ ਉਪਰੰਤ ਅੰਤਿਮ ਅਰਦਾਸ ਗੁਰੂਦਵਾਰਾ ਦਸਮੇਸ ਕਲਚਰਲ ਸੈਂਟਰ ਕੈਲਗਰੀ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਇਹਨਾਂ ਫੋਨ ਨੰਬਰਾਂ ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

ਦੁਖੀ ਹਿਰਦੇ

**ਬਰਜਿੰਦਰ ਸਿੱਧੂ (ਬੇਟਾ)**
403 390 6546

**ਹਰਿੰਦਰ ਸਿੱਧੂ (ਭਤੀਜਾ)**
403 477 6000



ਸਵ: ਮਾਸਟਰ ਮੇਵਾ ਸਿੰਘ ਸਿੱਧੂ
5 ਅਪ੍ਰੈਲ 1945-17 ਮਾਰਚ 2024





















## ਸੰਪਾਦਕੀ



ਪਰਵਾਸ ਵਿਸ਼ਵੀਕਰਨ ਦਾ ਅਹਿਮ ਹਿੱਸਾ ਹੈ, ਤੁਸੀਂ ਇਸ ਨੂੰ ਰੋਕ ਨਹੀਂ ਸਕਦੇ।

-ਮਾਰਗਰੇਟ ਹਾਜ

# ਭਾਰਤੀ ਵੋਟਰਾਂ ਦੀ ਜ਼ਿੰਮੇਵਾਰੀ

ਭਾਰਤ ਵਿੱਚ ਆਮ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸੱਤ ਪੜਾਵਾਂ ਵਿੱਚ ਵੋਟਿੰਗ ਹੋਵੇਗੀ। ਪਹਿਲੇ ਪੜਾਅ ਦੀ ਵੋਟਿੰਗ ਤੋਂ ਲੈ ਕੇ ਨਤੀਜਿਆਂ ਦੇ ਐਲਾਨ ਤੱਕ ਡੇਢ ਮਹੀਨੇ ਤੱਕ ਚੋਣ ਮਾਹੌਲ ਬਣਿਆ ਰਹੇਗਾ। ਪਹਿਲੇ ਪੜਾਅ ਦੀ ਵੋਟਿੰਗ ਤੋਂ ਪਹਿਲਾਂ ਹੀ ਸਿਆਸੀ ਪਾਰਟੀਆਂ ਨੂੰ ਪੂਰਾ ਮਹੀਨਾ ਹੋ ਗਿਆ ਹੈ। ਭਾਵ ਚੋਣਾਂ ਕੁੱਲ ਢਾਈ ਮਹੀਨਿਆਂ ਦੇ ਸਮੇਂ ਵਿੱਚ ਫੈਲੀਆਂ ਹੋਈਆਂ ਹਨ। ਇਸ ਤਰ੍ਹਾਂ ਸਿਆਸੀ ਪਾਰਟੀਆਂ ਨੇ ਇਸ ਦੀਆਂ ਤਿਆਰੀਆਂ ਬਹੁਤ ਪਹਿਲਾਂ ਤੋਂ ਸ਼ੁਰੂ ਕਰ ਦਿੱਤੀਆਂ ਸਨ। ਉਮੀਦਵਾਰਾਂ ਦੇ ਨਾਵਾਂ ਦਾ ਐਲਾਨ, ਸਹਿਯੋਗੀ ਪਾਰਟੀਆਂ ਨਾਲ ਸੀਟਾਂ ਦੀ ਵੰਡ ਆਦਿ ਨੂੰ ਲੈ ਕੇ ਕਾਫੀ ਸਮੇਂ ਤੋਂ ਵਿਚਾਰ-ਵਟਾਂਦਰਾ ਚੱਲ ਰਿਹਾ ਸੀ। ਹੁਣ ਉਹ ਆਪੋ-ਆਪਣੇ ਸਮੀਕਰਨਾਂ ਨਾਲ ਮੈਦਾਨ ਵਿੱਚ ਉਤਰਨਗੇ। ਪਰ ਚੋਣਾਂ ਦੀ ਜ਼ਿੰਮੇਵਾਰੀ ਆਖਿਰਕਾਰ ਵੋਟਰ 'ਤੇ ਨਿਰਭਰ ਕਰਦੀ ਹੈ। ਦੁਨੀਆ ਦੀਆਂ ਨਜ਼ਰਾਂ ਭਾਰਤੀ ਵੋਟਰ ਉੱਪਰ ਟਿਕੀਆਂ ਹੋਈਆਂ ਹਨ ਕਿ ਉਹ ਚੋਣਾਂ ਨੂੰ ਕੀ ਦਿਸ਼ਾ ਦਿੰਦਾ ਹੈ। ਪਰ ਕੁੱਝ ਚੋਣਾਂ ਦੇ ਤਜਰਬੇ ਦੱਸਦੇ ਹਨ ਕਿ ਚੋਣਾਂ ਨੂੰ ਲੋਕਤੰਤਰ ਦੇ ਜਸ਼ਨ ਵੱਜੋਂ ਮਨਾਉਂਦੇ ਹੋਏ ਵੋਟਰਾਂ ਵਿੱਚ ਪੱਖਪਾਤੀ ਜਨੂੰਨ ਭਰ ਜਾਂਦਾ ਹੈ। ਇਸ ਦਾ ਨਤੀਜਾ ਕਈ ਥਾਵਾਂ 'ਤੇ ਸਿਆਸੀ ਹਿੰਸਾ 'ਚ ਨਜ਼ਰ ਆ ਰਿਹਾ ਹੈ। ਕੁੱਝ ਰਾਜਾਂ ਵਿੱਚ ਹਿੰਸਾ ਦੀਆਂ ਘਟਨਾਵਾਂ ਚਿੰਤਾ ਪੈਦਾ ਕਰਦੀਆਂ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤੀ ਚੋਣ ਕਮਿਸ਼ਨ ਨੂੰ ਆਪਣੀ ਰਣਨੀਤੀ ਤਿਆਰ ਕਰਨੀ ਹੋਵੇਗੀ। ਚੋਣ ਕਮਿਸ਼ਨ ਲਈ ਇਹ ਯਕੀਨੀ ਬਣਾਉਣਾ ਵੱਡੀ ਚੁਣੌਤੀ ਹੈ ਕਿ ਚੋਣਾਂ ਆਜ਼ਾਦ ਅਤੇ ਨਿਰਪੱਖ ਢੰਗ ਨਾਲ ਕਰਵਾਈਆਂ ਜਾਣ। ਚੋਣਾਂ ਦੇ ਸਮੇਂ ਸਿਆਸੀ ਪਾਰਟੀਆਂ ਇੱਕ ਦੂਜੇ 'ਤੇ ਦੋਸ਼ ਲਗਾਉਂਦੀਆਂ ਹਨ। ਕਈ ਵਾਰ ਇਸ ਵਿੱਚ ਇਤਰਾਜ਼ਯੋਗ ਬਿਆਨ ਵੀ ਸਾਹਮਣੇ ਆਉਂਦੇ ਹਨ। ਇਸ 'ਤੇ ਨਜ਼ਰ ਰੱਖਣ ਦੀ ਜ਼ਿੰਮੇਵਾਰੀ ਚੋਣ ਕਮਿਸ਼ਨ ਦੀ ਹੈ। ਪਰ ਪਿਛਲੀਆਂ ਕੁੱਝ ਚੋਣਾਂ ਤੋਂ ਇਹ ਦੇਖਿਆ ਗਿਆ ਹੈ ਕਿ ਪਾਰਟੀਆਂ ਦੇ ਸਮਰਥਕ ਆਪ ਹੀ ਸਿਆਸਤਦਾਨਾਂ ਦੇ ਬਿਆਨਾਂ ਦੇ ਬਚਾਅ ਜਾਂ ਵਿਰੋਧ ਵਿੱਚ ਇੱਕ ਦੂਜੇ ਨਾਲ ਟਕਰਾ ਜਾਂਦੇ ਹਨ। ਅਜਿਹਾ ਮਾਹੌਲ ਪੱਛਮੀ ਬੰਗਾਲ ਅਤੇ ਕੁੱਝ ਦੱਖਣੀ ਰਾਜਾਂ ਵਿੱਚ ਜ਼ਿਆਦਾ ਦੇਖਣ ਨੂੰ ਮਿਲਦਾ ਹੈ। ਲੋਕਤੰਤਰ ਵਿੱਚ ਅਸਹਿਮਤੀ ਇੱਕ ਚੰਗੀ ਗੱਲ ਹੈ, ਪਰ ਇਸ ਉੱਤੇ ਹਿੰਸਾ ਦਾ ਸਹਾਰਾ ਲੈਣਾ ਕਿਸੇ ਵੀ ਤਰ੍ਹਾਂ ਲੋਕਤੰਤਰੀ ਨਹੀਂ ਕਿਹਾ ਜਾ ਸਕਦਾ। ਇਸ ਨਾਲ ਚੋਣ ਕਮਿਸ਼ਨ ਅਤੇ ਸੁਰੱਖਿਆ ਬਲਾਂ ਦੀਆਂ ਮੁਸੀਬਤਾਂ ਵਿੱਚ ਬੇਲੋੜਾ ਵਾਧਾ ਹੁੰਦਾ ਹੈ। ਇਸ ਨਾਲ ਕਈ ਵੋਟਰਾਂ ਦੇ ਮਨੋਬਲ 'ਤੇ ਵੀ ਅਸਰ ਪੈਂਦਾ ਹੈ ਅਤੇ ਉਹ ਪੋਲਿੰਗ ਸਟੇਸ਼ਨਾਂ 'ਤੇ ਪਹੁੰਚਣ ਤੋਂ ਝਿਜਕਦੇ ਹਨ। ਇੱਕ ਲੋਕਤੰਤਰੀ ਦੇਸ਼ ਦੇ ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਹਰ ਵੋਟਰ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਨਾ ਸਿਰਫ਼ ਆਪਣੀ ਜ਼ਮੀਰ ਅਨੁਸਾਰ ਵੋਟ ਪਾਵੇ ਸਗੋਂ ਵੋਟਿੰਗ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਘਨ ਤੋਂ ਬਚਣ। ਸਿਆਸੀ ਪਾਰਟੀਆਂ ਵੱਲੋਂ ਵੋਟਾਂ ਦੇ ਬਦਲੇ ਦਿੱਤੇ ਜਾਂਦੇ ਪੈਸਿਆਂ ਅਤੇ ਤੋਹਫ਼ਿਆਂ ਆਦਿ ਦੇ ਲਾਲਚ ਨੂੰ ਦੂਰ ਕਰਨਾ ਵੀ ਵੱਡੀ ਚੁਣੌਤੀ ਬਣ ਗਿਆ ਹੈ, ਇਸ ਮਾਮਲੇ ਵਿੱਚ ਵੀ ਵੋਟਰਾਂ ਦੀ ਮੱਦਦ ਦੀ ਆਸ ਹੈ। ਅਗਰ ਕਿਸੇ ਉਮੀਦਵਾਰ ਵੱਲੋਂ ਚੋਣ ਪ੍ਰਕਿਰਿਆ ਦੌਰਾਨ ਵੋਟਰਾਂ ਨੂੰ ਖਰੀਦਣ ਦੇ ਸਬੂਤ ਸਾਹਮਣੇ ਆਉਂਦੇ ਹਨ ਤਾਂ ਉਸ ਦੀ ਉਮੀਦਵਾਰੀ ਰੱਦ ਹੋਣੀ ਚਾਹੀਦੀ ਹੈ। ਉਂਜ, ਚੋਣਾਂ ਨੂੰ ਇੰਨੇ ਲੰਮੇ ਸਮੇਂ ਤੱਕ ਵਧਾਉਣ ਬਾਰੇ ਕੁੱਝ ਸਿਆਸੀ ਮਾਹਿਰਾਂ ਦੇ ਇਤਰਾਜ਼ਾਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ। ਚੋਣਾਂ ਦਾ ਸਮਾਂ ਜਿੰਨਾ ਲੰਬਾ ਚੱਲਦਾ ਹੈ, ਬੇਨਿਯਮੀਆਂ ਦੀ ਸੰਭਾਵਨਾ ਓਨੀ ਹੀ ਵੱਧ ਜਾਂਦੀ ਹੈ। ਇਸ ਸਬੰਧੀ ਕਈ ਵਾਰ ਇਤਰਾਜ਼ ਵੀ ਦਰਜ ਕੀਤੇ ਜਾ ਚੁੱਕੇ ਹਨ। ਪਹਿਲੇ ਪੜਾਅ ਦੀ ਵੋਟਿੰਗ ਤੋਂ ਬਾਅਦ ਕਰੀਬ ਡੇਢ ਮਹੀਨੇ ਤੱਕ ਵੋਟਿੰਗ ਮਸ਼ੀਨਾਂ ਦੀ ਨਿਗਰਾਨੀ ਕਰਨੀ ਪਵੇਗੀ। ਜੇਕਰ ਆਦਰਸ਼ ਚੋਣ ਜ਼ਾਬਤਾ ਇੰਨੇ ਲੰਬੇ ਸਮੇਂ ਤੱਕ ਲਾਗੂ ਰਹਿੰਦਾ ਹੈ ਤਾਂ ਸਰਕਾਰੀ ਕੰਮਕਾਜ ਵੀ ਪ੍ਰਭਾਵਿਤ ਹੋਵੇਗਾ। ਸੁਰੱਖਿਆ ਬਲਾਂ ਨੂੰ ਲਗਾਤਾਰ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਤਬਦੀਲ ਕਰਨਾ ਹੋਵੇਗਾ। ਇਸ ਲਈ ਮੰਗ ਕੀਤੀ ਗਈ ਹੈ ਕਿ ਚੋਣਾਂ ਘੱਟ ਤੋਂ ਘੱਟ ਸਮੇਂ ਵਿੱਚ ਕਰਵਾਈਆਂ ਜਾਣ। ਹਾਲਾਂਕਿ ਸੁਰੱਖਿਆ ਕਾਰਨ ਬਹੁਤ ਚਿੰਤਾ ਦਾ ਵਿਸ਼ਾ ਹਨ, ਪਰ ਇੰਨੇ ਲੰਬੇ ਸਮੇਂ ਵਿੱਚ ਫੈਲੀ ਚੋਣ ਵਿੱਚ ਸੁਤੰਤਰਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਣਾ ਆਪਣੇ ਆਪ ਵਿੱਚ ਚੋਣ ਕਮਿਸ਼ਨ ਲਈ ਕਿਸੇ ਔਖਾ ਕੰਮ ਨਹੀਂ ਹੈ।

ਅਮਨਦੀਪ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਲੋਕ ਸਭਾ ਚੋਣਾਂ-ਆਪਣਾ ਰਾਹ ਆਪ ਅਖ਼ਤਿਆਰ ਕਰਦਾ ਹੈ ਪੰਜਾਬ !



ਗੁਰਮੀਤ ਸਿੰਘ ਪਲਾਹੀ

ਪੰਜਾਬ, ਲੋਕ ਸਭਾ ਚੋਣਾਂ ਵੇਲੇ ਆਪਣਾ ਰਾਹ ਆਪ ਉਲੀਕਦਾ ਹੈ, ਉਹ ਦੇਸ਼ 'ਚ ਚੱਲੀ ਕਿਸੇ "ਵਿਅਕਤੀ ਵਿਸ਼ੇਸ਼" ਦੀ ਲਹਿਰ ਦਾ ਹਿੱਸਾ ਨਹੀਂ ਬਣਦਾ। ਉਹ ਧੱਕੇ ਧੌਂਸ ਵਿਰੁੱਧ ਹਿੱਕ ਡਾਹਕੇ ਖੜਦਾ ਹੈ, ਸੰਘਰਸ਼ ਕਰਦਾ ਹੈ। ਗੱਲ ਦੇਸ਼ 'ਚ 1975 'ਚ ਲੱਗੀ ਐਮਰਜੈਂਸੀ ਵੇਲੇ ਦੀ ਕਰ ਲਈਏ ਜਾਂ 2014 'ਚ ਚੱਲੀ "ਮੋਦੀ ਲਹਿਰ" ਦੀ , ਪੰਜਾਬ ਆਪਣੀ ਚਾਲੇ ਚਲਦਾ ਰਿਹਾ ਅਤੇ ਸਪਸ਼ਟ ਨਤੀਜੇ ਦਿੰਦਾ ਰਿਹਾ।

ਦੇਸ਼ 'ਚ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਗਿਆ ਹੈ। 17 ਵੀਂ ਲੋਕ ਸਭਾ ਚੋਣਾਂ 'ਚ 98 ਕਰੋੜ ਭਾਰਤੀ ਵੋਟਰ ਹਿੱਸਾ ਲੈਣਗੇ ਜੋ 7 ਪੜ੍ਹਾਵਾਂ 'ਚ ਹੋ ਰਹੀ ਹੈ। 19 ਅਪ੍ਰੈਲ 2024 ਤੋਂ ਪਹਿਲਾ ਪੜ੍ਹਾਅ ਅਤੇ ਪਹਿਲੀ ਜੂਨ 2024 ਨੂੰ ਸੱਤਵੇ ਪੜ੍ਹਾਅ 'ਚ ਵੱਖੋ-ਵੱਖਰੇ ਰਾਜਾਂ 'ਚ ਚੋਣ ਹੋਏਗੀ। ਨਤੀਜੇ 4 ਜੂਨ 2024 ਨੂੰ ਨਿਕਲਣਗੇ। ਪੰਜਾਬ ਪਹਿਲੀ ਜੂਨ ਨੂੰ ਚੋਣਾਂ 'ਚ ਹਿੱਸਾ ਲਵੇਗਾ। ਪੰਜਾਬ ਦੇ 2.12 ਕਰੋੜ ਵੋਟਰ ਹਨ। 2019 ਦੀਆਂ ਚੋਣਾਂ ਨਾਲੋਂ 8.96 ਲੱਖ ਵੋਟਰਾਂ ਦਾ 2024 ਦੀਆਂ ਚੋਣਾਂ ਲਈ ਵਾਧਾ ਹੋਇਆ ਹੈ। ਪੁਰਸ਼ 1.11 ਕਰੋੜ, ਔਰਤਾਂ 1.00 ਕਰੋੜ ਅਤੇ 744 ਟਰੈਜੈਂਡਰ ਹਨ। ਪੰਜਾਬ ਦੇ 13 ਚੋਣ ਹਲਕਿਆਂ, ਪਟਿਆਲਾ, ਫਤਿਹਗੜ੍ਹ, ਗੁਰਦਾਸਪੁਰ, ਅੰਮ੍ਰਿਤਸਰ, ਖਡੂਰ ਸਾਹਿਬ, ਜਲੰਧਰ, ਹੁਸ਼ਿਆਰਪੁਰ, ਅਨੰਦਪੁਰ, ਲੁਧਿਆਣਾ, ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਸੰਗਰੂਰ ਵਿਚੋਂ 4 ਲੋਕ ਸਭਾ ਸੀਟਾਂ ਹੁਸ਼ਿਆਰਪੁਰ, ਜਲੰਧਰ, ਫਤਿਹਗੜ੍ਹ, ਫਰੀਦਕੋਟ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ।

ਚਲਦੇ-ਚਲਦੇ ਮੋਦੀ ਦੌਰ ਦੇ ਪੰਜਾਬ ਦੇ ਲੋਕ ਸਭਾ ਚੋਣ ਨਤੀਜਿਆਂ ਉਤੇ ਝਾਤੀ ਮਾਰਦੇ ਹਾਂ। ਸਾਲ 2014 'ਚ ਜਦੋਂ ਦੇਸ਼ ਮੋਦੀ ਲਹਿਰ 'ਚ ਗ੍ਰਸਿਆ ਪਿਆ ਸੀ, ਭਾਜਪਾ ਨੂੰ ਪੰਜਾਬ ਵਿਚੋਂ ਸਿਰਫ਼ ਦੋ ਸੀਟਾਂ ਪ੍ਰਾਪਤ ਹੋਈਆਂ, ਜਦਕਿ ਦੇਸ਼ ਭਰ 'ਚ ਭਾਜਪਾ ਨੂੰ 282 ਸੀਟਾਂ ਆਈਆਂ ਸਨ। ਸਾਲ 2019 ਦਾ ਭਾਜਪਾ ਨੂੰ ਫਿਰ ਦੇਸ਼ 'ਚ 303 ਸੀਟਾਂ ਮਿਲੀਆਂ ਪਰ ਪੰਜਾਬ ਵਿਚ ਉਹ ਸਿਰਫ਼ ਤਿੰਨ ਸੀਟਾਂ ਪ੍ਰਾਪਤ ਕਰ ਸਕੀ, ਉਹ ਵੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਗੱਠਜੋੜ ਕਾਰਨ।

ਇਹਨਾ ਦਸ ਸਾਲਾਂ 'ਚ ਕੇਂਦਰ 'ਚ ਭਾਜਪਾ ਕਾਬਜ ਰਹੀ, ਪਰ ਪੰਜਾਬ 'ਚ ਪਹਿਲਾਂ, ਅਕਲੀ-ਭਾਜਪਾ, ਫਿਰ ਕਾਂਗਰਸ ਅਤੇ ਫਿਰ ਆਪ ਆਦਮੀ ਪਾਰਟੀ ਨੇ ਆਪਣੀਆਂ ਸੂਬਾ ਸਰਕਾਰਾਂ ਬਣਾਈਆਂ ਅਤੇ ਅਕਾਲੀ-ਭਾਜਪਾ ਗੱਠਜੋੜ ਦਾ ਜਿਵੇਂ ਸੂਬੇ ਪੰਜਾਬ ਵਿਚੋਂ ਸਫਾਇਆ ਹੀ ਕਰ ਦਿੱਤਾ। ਭਾਜਪਾ ਨੂੰ ਕਿਸਾਨ ਅੰਦੋਲਨ ਨੇ ਪੰਜਾਬ 'ਚ ਵਧੇਰੇ ਪ੍ਰਭਾਵਤ ਕੀਤਾ।

ਪੰਜਾਬ 'ਚੋਂ ਉਠੇ ਪਹਿਲੇ ਕਿਸਾਨ ਅੰਦਲਨ ਨੇ ਪੰਜਾਬ ਵਿੱਚ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿੱਚ ਭਾਜਪਾ ਦੇ ਕੇਂਦਰਵਾਦ ਵਿਰੁੱਧ ਅਵਾਜ਼ ਉਠਾਈ। ਤਿੰਨ ਕਾਲੇ ਖੇਤੀ ਕਾਨੂੰਨ, ਉਸ ਪ੍ਰਧਾਨ ਮੰਤਰੀ ਕੋਲੋਂ ਰੱਦ ਕਰਵਾਏ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਕਿਸੇ ਅੱਗੇ ਝੁਕਦਾ ਨਹੀਂ ਅਤੇ ਮੋਦੀ ਹੈ ਤਾਂ ਮੁਮਕਿਨ ਹੈ। ਇਹ ਅੰਦੋਲਨ, ਜੋ ਕਿਸਾਨਾਂ, ਮਜ਼ਦੂਰਾਂ, ਬੁੱਧੀਜੀਵੀਆਂ, ਚੇਤੰਨ ਲੋਕਾਂ ਦਾ ਅੰਦੋਲਨ ਹੋ ਨਿਬੜਿਆ, ਨੇ ਪੰਜਾਬ ਵਿਚੋਂ ਇੱਕ ਇਹੋ ਜਿਹਾ ਸੰਦੇਸ਼ ਦਿੱਤਾ ਕਿ ਲੋਕਤੰਤਰੀ ਢਾਂਚੇ ਨੂੰ ਆਂਚ ਆਉਣ ਅਤੇ ਭਾਰਤੀ ਸੰਘਵਾਦ ਦੀ ਤਬਾਹੀ ਜਾਂ ਖ਼ਾਤਮੇ ਲਈ ਕਿਸੇ ਵੀ ਯਤਨ ਨੂੰ ਪੰਜਾਬ ਵਿੱਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਬਾਵਜੂਦ ਇਸ ਗੱਲ ਦੇ ਕਿ ਪੰਜਾਬ ਦੇ ਲੋਕਾਂ ਨੇ 1947 ਭੁਗਤੀ, '84 ਦਾ ਸੰਤਾਪ ਪਿੰਡੇ ਹੰਢਾਇਆ, ਖਾੜਕੂਵਾਦ ਦੇ ਦੌਰ 'ਚ ਵੱਡਾ ਨੁਕਸਾਨ ਉਠਾਇਆ ਪਰ ਪੰਜਾਬ ਦੇ ਲੋਕ, ਜਿਹਨਾ ਦੇ ਪੱਲੇ ਆਜ਼ਾਦੀ ਦੀ ਅਲਖ਼ ਉਹਨਾ ਦੇ ਪੂਰਬਜਾਂ ਨੇ ਜਗਾਈ ਹੋਈ ਸੀ, ਉਸ ਵਿਰਾਸਤ ਨੂੰ ਅੱਗੇ ਤੋਰਿਆ ਅਤੇ ਨਿਰੰਤਰ ਤੋਰਿਆ।

1975 ਦੀ ਐਮਰਜੈਂਸੀ ਦੇ ਵਰ੍ਹਿਆਂ 'ਚ ਪੰਜਾਬ ਦੇ ਲੋਕਾਂ ਨੇ ਜੇਲ੍ਹਾਂ ਕੱਟੀਆਂ, ਉਹ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਨੀਤੀਆਂ ਦੇ ਵਿਰੁੱਧ ਲੜੇ, ਉਹ ਜੈਪ੍ਰਕਾਸ਼ ਨਰਾਇਣ ਦੀ ਅਗਵਾਈ 'ਚ ਵਿਰੋਧੀ ਦਲਾਂ ਦੀ ਮੁਹਿੰਮ 'ਚ ਉਹਨਾ ਨਾਲ ਨਿਭੇ। ਲਗਭਗ ਇਹਨਾ ਹੀ ਵਰ੍ਹਿਆਂ 'ਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦਾ ਮਤਾ ਲਿਆਂਦਾ, ਜੋ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਕਰਦਾ ਸੀ। ਜਿਸਨੇ ਸਮੁੱਚੇ ਦੇਸ਼ 'ਚ ਇੱਕ ਤਰ੍ਹਾਂ ਨਵੀਂ ਚਰਚਾ ਛੇੜੀ।

ਇਸੇ ਦੌਰ 'ਚ ਦੱਖਣੀ ਭਾਰਤ 'ਚ ਖੇਤਰੀ ਪਾਰਟੀਆਂ ਡੀਐਮਕੇ ਅਤੇ ਅੰਨਾਡੀਐਮਕੇ (ਤਾਮਿਲਨਾਡੂ) ਤੇਲਗੂ ਦੇਸ਼ਮ ਅਤੇ ਵਾਈ.ਐਸ.ਆਰ. (ਆਂਧਰਾ ਪ੍ਰਦੇਸ਼) ਅਤੇ ਤਿਲੰਗਾਨਾ 'ਚ ਟੀ.ਆਰ.ਐਸ ਵਰਗੀਆਂ ਪਾਰਟੀਆਂ ਨੇ ਸੂਬਿਆਂ ਲਈ ਵਧ ਅਧਿਕਾਰਾਂ ਦੀ ਮੰਗ ਕੀਤੀ। ਪਰ ਕਿਉਂਕਿ ਭਾਜਪਾ ਕਦੇ ਵੀ ਖੇਤਰੀ ਦਲਾਂ ਦੇ ਹੱਕ 'ਚ ਨਹੀਂ ਰਹੀ। ਕਈ ਥਾਵੀਂ ਉਸ ਵੇਲੇ ਖੇਤਰੀ ਦਲਾਂ ਨਾਲ ਸਾਂਝ ਭਿਆਲੀ ਕਰਦਿਆਂ, ਉਹਨਾ ਦੀ ਹੋਂਦ ਮਿਟਾਉਣ ਦਾ ਯਤਨ ਕੀਤਾ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਾਂਝ ਪਾਕੇ, ਉਸਦਾ ਵੱਡਾ ਨੁਕਸਾਨ ਕੀਤਾ। ਜਨਤਾ ਪਾਰਟੀ, ਇਨੈਲੋ, ਭਾਜਪਾ ਅਤੇ ਜਨਤਾ ਦਲ (ਐਸ) ਨਾਲ ਕੁਝ ਸਮੇਂ ਦੀ ਸਾਂਝ ਭਿਆਲੀ, ਉਹਨਾ ਪਾਰਟੀਆਂ ਦੀ ਦੁਰਦਸ਼ਾ ਦਾ ਕਾਰਨ ਬਣੀ। ਮਹਾਂਰਾਸ਼ਟਰ ,ਉਡੀਸਾ, ਆਂਧਰਾ ਪ੍ਰਦੇਸ਼, ਹਰਿਆਣਾ ਵਿੱਚ ਸਿਵਸੈਨਾ, ਐਸ.ਸੀ.ਪੀ. ਅਤੇ ਜਜਪਾ ਨਾਲ ਸਾਂਝ ਭਿਆਲੀ ਕਰਕੇ ਭਾਜਪਾ ਦਾ ਉਦੇਸ਼ ਉਹਨਾ ਨੂੰ ਖ਼ਤਮ ਕਰਨਾ ਸੀ। ਪਰ ਉਹ ਸਮਾਂ ਰਹਿੰਦਿਆਂ ਭਾਜਪਾ ਦੀ ਚਾਲ ਸਮਝ ਗਏ।

ਪੰਜਾਬ ਦੇ ਲੋਕ ਵੀ ਭਾਜਪਾ ਦੀਆਂ ਨੀਤੀਆਂ ਤੋਂ ਵਾਕਫ ਹੋਏ। ਉਸਦੇ ਕੇਂਦਰੀਵਾਦ, ਇੱਕ ਦੇਸ਼ ਇੱਕ ਬੋਲੀ, ਇੱਕ ਚੋਣ ਦੇ ਦੇਸ਼ 'ਚ ਲਾਗੂ ਕਰਨ ਦੇ ਮੰਤਵ ਨੂੰ ਨਿਕਾਰਿਆ। ਧਾਰਮਿਕ ਕੱਟੜਤਾ ਦੇ ਉਸਦੇ ਅਜੰਡੇ ਨੂੰ ਪੰਜਾਬ ਨੇ ਕਦੇ ਪ੍ਰਵਾਨ ਨਹੀਂ ਕੀਤਾ ਅਤੇ ਪੰਜਾਬ ਨੇ ਭਾਜਪਾ ਨੂੰ ਕਦੇ ਵੀ ਤਰਜੀਹ ਨਹੀਂ ਦਿੱਤੀ, ਬਾਵਜੂਦ ਇਸ ਗੱਲ ਦੇ ਕਿ ਉਸ ਵਲੋਂ ਹੋਰ ਪਾਰਟੀਆਂ ਦੇ ਵੱਡੇ ਨੇਤਾਵਾਂ ਜਿਵੇਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਵਰਗੇ ਨੇਤਾਵਾਂ ਨੂੰ ਆਪਣੇ ਨਾਲ ਜੋੜ ਲਿਆ। ਭਾਜਪਾ ਦੇ ਕੇਂਦਰ ਸਰਕਾਰ ਦੇ ਨਾਹਰੇ "ਡਬਲ ਇੰਜਣ" ਸਰਕਾਰ ਦੇ ਲਾਲੀਪਾਪ ਨੂੰ ਪੰਜਾਬ ਨੇ ਕਦੇ ਵੀ ਪ੍ਰਵਾਨ ਨਹੀਂ ਕੀਤਾ।

ਪੰਜਾਬ ਸਰਹੱਦੀ ਸੂਬਾ ਹੈ। ਇਸ ਸੂਬੇ ਨੇ ਆਪਣੇ ਸੀਨੇ 'ਤੇ ਜੰਗਾਂ ਵੀ ਸਹੀਆਂ। ਖਾੜਕੂਵਾਦ ਦਾ ਸੰਤਾਪ ਵੀ ਹੰਢਾਇਆ। ਬੋਲੀ 'ਤੇ ਅਧਾਰਤ "ਪੰਜਾਬੀ ਸੂਬਾ" ਪ੍ਰਾਪਤ ਕਰਨ ਲਈ ਲੰਮਾ ਸੰਘਰਸ਼ ਕੇਂਦਰੀ ਹਾਕਮਾਂ ਨਾਲ ਲੜਿਆ। ਆਪਣੀ ਮਾਂ ਬੋਲੀ ਪੰਜਾਬੀ ਨੂੰ ਕੇਂਦਰੀ ਹਾਕਮਾਂ ਵਲੋਂ ਦਰਕਿਨਾਰ ਕਰਨ ਤੇ ਕੋਝੀਆਂ ਚਾਲਾਂ ਚੱਲਣ ਵਿਰੁੱਧ ਅਵਾਜ਼ ਉਠਾਈ। ਪੰਜਾਬ ਦੇ ਪਾਣੀ ਖੋਹੇ ਜਾਣ ਵਿਰੁੱਧ ਸੀਨਾ ਤਾਣਕੇ ਪੰਜਾਬ ਦੇ ਲੋਕ ਖੜੇ ਹੋਏ।

ਕੇਂਦਰ ਦੇ ਹਾਕਮ, ਪੰਜਾਬ ਨੂੰ ਨਾ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਇਨਸਾਫ਼ ਦੇ ਸਕੇ, ਨਾ ਪੰਜਾਬ ਨੂੰ ਇੱਕ ਸਨਅਤੀ ਸੂਬੇ ਵਜੋਂ ਜਾਂ ਵਪਾਰਕ ਕੇਂਦਰ ਵਜੋਂ ਉਭਰਨ ਦੇ ਮੌਕੇ ਉਸਨੇ ਦਿੱਤੇ। ਹਾਂ, ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਆਖਕੇ ਉਸਦੀਆਂ ਵਡਿਆਈਆਂ ਕਰਕੇ, ਇਥੋਂ ਐਨੀ ਕਣਕ ਤੇ ਚਾਵਲ ਪ੍ਰਾਪਤ ਕਰਦੇ ਰਹੇ ਕਿ ਅੱਜ ਪੰਜਾਬ, ਧਰਤੀ ਹੇਠਲੇ ਪਾਣੀ ਦੀ ਥੋੜ ਕਾਰਨ ਮਾਰੂਥਲ ਬਨਣ ਵੱਲ ਅੱਗੇ ਵਧ ਰਿਹਾ ਹੈ।

ਕਿਉਂਕਿ ਕੇਂਦਰੀ ਹਾਕਮ ਪੰਜਾਬ ਨਾਲ ਦੁਪਰਿਆਰਾ ਸਲੂਕ ਕਰਦੇ ਰਹੇ, ਇਸੇ ਕਰਕੇ ਪੰਜਾਬ ਦੇ ਲੋਕਾਂ ਦੇ ਦਿਲਾਂ 'ਚ ਰੋਹ ਉਪਜਦਾ ਰਿਹਾ ਹੈ। ਇਸੇ ਕਰਕੇ ਪੰਜਾਬ ਦੇ ਫ਼ੈਸਲੇ ਆਮ ਤੌਰ 'ਤੇ ਰੋਹ ਭਰੇ ਪਰ ਵਿਵੇਕਪੂਰਨ, ਲੋਕ ਹਿਤੈਸ਼ੀ ਰਹੇ ਹਨ, ਕਿਉਂਕਿ ਪੰਜਾਬ, ਉੱਚ ਦੁਮਾਲੜੇ ਕਿਰਦਾਰ ਵਿਹਾਰ ਵਾਲੇ ਅਜਿਹੇ ਸਿਆਸਤਦਾਨਾਂ ਦੀ ਜਿਹੜੇ ਪੰਜਾਬ ਤੇ ਮੁਲਕ ਦੀ ਬਿਹਤਰੀ ਲਈ ਫੈਡਰਲ ਸਿਆਸਤ ਦੇ ਬਿਰਤਾਂਤ ਤੇ ਅਜੰਡੇ ਨੂੰ ਸਮਰਪਿਤ ਹੋਣ, ਨੂੰ ਤਰਜੀਹ ਦਿੰਦਾ ਰਿਹਾ ਹੈ। ਪੰਜਾਬ ਜਾਗਰੂਕ ਹੈ, ਉਹ ਸਮੇਂ-ਸਮੇਂ ਉਹਨਾ ਸਿਆਸਤਦਾਨਾਂ ਨੂੰ ਸਜ਼ਾ ਦੇਣ ਲਈ ਜਾਣਿਆ ਜਾਂਦਾ ਹੈ, ਜਿਹੜੇ ਪੰਜਾਬ ਨੂੰ ਆਪਣੀ ਮਲਕੀਅਤ ਸਮਝਦੇ ਰਹੇ। ਅਕਾਲੀ ਦਲ ਜਿਹੜਾ ਪੰਜਾਬ 'ਤੇ 25 ਸਾਲ ਰਾਜ ਕਰਨ ਦੀ ਗੱਲ ਕਰਦਾ ਰਿਹਾ, ਉਸ ਨੂੰ ਕਿਸਾਨਾਂ ਦੇ ਵਿਰੋਧ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਨੂੰ ਸਹੀ ਢੰਗ ਨਾਲ ਨਾ ਨਿਪਟਾਉਣ ਕਾਰਨ ਸੱਤਾ ਤੋਂ ਹੱਥ ਧੋਣੇ ਪਏ। ਦੋ ਸਾਲ ਪਹਿਲਾਂ ਜਦੋਂ ਆਮ ਆਦਮੀ ਪਾਰਟੀ ਨੂੰ ਪੰਜਾਬ ਨੇ ਆਪਣੇ ਸਿਰ 'ਤੇ ਬਿਠਾਇਆ, ਉਸ ਵਲੋਂ ਕੀਤੀ ਇਕੋ ਗਲਤੀ ਨੇ ਰਾਜਭਾਗ ਦੇ 6 ਮਹੀਨਿਆਂ ਦੇ ਅੰਦਰ ਸੰਗਰੂਰ ਲੋਕ ਸਭਾ ਸੀਟਾਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਖਾਲੀ ਹੋਈ ਲੋਕ ਸਭਾ ਸੀਟ ਤੋਂ ਜਿਮਨੀ ਚੋਣ ਵੇਲੇ ਆਮ ਆਦਮੀ ਪਾਰਟੀ ਨੂੰ ਹਰਾ ਕੇ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ (ਸਿਮਰਨਜੀਤ ਸਿੰਘ) ਨੂੰ ਇਹ ਸੀਟ ਜਿਤਾ ਦਿੱਤੀ।

ਅੱਜ ਜਦ ਭਾਜਪਾ ਆਪਣੇ ਮੂਲ ਅਜੰਡੇ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਪਾਰਟੀ ਲਈ 370 ਸੀਟਾਂ ਜਿਤਾਉਣ ਦੀ ਅਪੀਲ ਕਰ ਰਹੀ ਹੈ। ਉਸਦਾ ਅਜੰਡਾ ਸਿਰਫ ਹਿੰਦੂ ਰਾਸ਼ਟਰ ਆਯੋਧਿਆ, ਕਾਸ਼ੀ ਤੱਕ ਸੀਮਤ ਨਹੀਂ ਰਹੇਗਾ। ਹਿੰਦੂ ਮੰਦਰਾਂ ਦੇ ਕੋਲ ਹੋਰ ਵੀ ਮਸਜਿਦਾਂ ਨੂੰ ਲੈ ਕੇ ਵਿਵਾਦ ਹੋਣਗੇ। ਵੱਧ ਤੋਂ ਵੱਧ ਸੜਕਾਂ ਦੇ ਨਾਂਅ ਬਦਲੇ ਜਾਣਗੇ। ਗਿਆਰਾ ਮਾਰਚ 2024 ਨੂੰ ਨਾਗਰਿਕਤਾ ਸੋਧ ਕਾਨੂੰਨ 2019 ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਤਜ਼ਰਬੇ ਦੇ ਤੌਰ 'ਤੇ ਉਤਰਾਖੰਡ 'ਚ ਇਹ ਲਾਗੂ ਕਰ ਦਿੱਤਾ ਗਿਆ ਹੈ। ਇੱਕ ਰਾਸ਼ਟਰ, ਇੱਕ ਚੋਣ ਦਾ ਕਾਨੂੰਨ ਵੀ ਸੰਸਦ 'ਚ ਪਾਸ ਕਰ ਦਿੱਤਾ ਜਾਏਗਾ। ਇਸ ਨਾਲ ਸੰਘਵਾਦ ਅਤੇ ਲੋਕਤੰਤਰ ਹੋਰ ਵੀ ਕਮਜ਼ੋਰ ਹੋ ਜਾਏਗਾ। ਅਤੇ ਭਾਰਤ ਸਰਕਾਰ ਰਾਸ਼ਟਰਪਤੀ ਪ੍ਰਣਾਲੀ ਦੇ ਨਜ਼ਦੀਕ ਪੁੱਜ ਜਾਏਗਾ। ਜਿਸ ਵਿੱਚ ਸਾਰੀਆਂ ਸ਼ਕਤੀਆਂ ਇੱਕ ਹੀ ਵਿਅਕਤੀ ਉਤੇ ਕੇਂਦਰਤਿ ਹੋ ਜਾਣਗੀਆਂ।

ਤਦ ਪੰਜਾਬ ਸਦਾ ਇਹੋ ਜਿਹੀਆਂ ਨੀਤੀਆਂ ਦੇ ਵਿਰੋਧ 'ਚ ਖੜਾ ਹੈ। ਪੰਜਾਬ ਸਦਾ ਸਾਂਝੀਵਾਲਤਾ, ਭਰਾਤਰੀ ਭਾਵ ਦਾ ਮੁਦੱਈ ਰਿਹਾ ਹੈ। ਕਹਿਣੀ ਤੋਂ ਹੀ ਨਹੀਂ ਕਰਨੀ 'ਤੇ ਉਸਦਾ ਇਸੇ 'ਚ ਵਿਚਾਰਧਾਰਾ 'ਤੇ ਵਿਸ਼ਵਾਸ਼ ਹੈ। ਇਸੇ ਕਰਕੇ ਪੰਜਾਬ 'ਚ ਵਿਰੋਧ ਦੀ ਸੁਰ ਹਾਕਮ ਧਿਰਾਂ ਵਿਰੁੱਧ ਭਾਰੂ ਰਹਿੰਦੀ ਹੈ। ਬਿਨ੍ਹਾਂ ਸ਼ੱਕ, ਦੇਸ਼ ਇਸ ਵੇਲੇ ਮੋਦੀ ਸਰਕਾਰ ਦੇ ਪ੍ਰਚਾਰ 'ਚ ਗ੍ਰਸਿਆ ਨਜ਼ਰ ਆਉਂਦਾ ਹੈ। ਇਹ ਇੱਕ ਅਸਲੀਅਤ ਹੈ ਕਿ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਲੋਕ ਕੇਂਦਰਵਾਦ ਦਾ ਸਵਾਗਤ ਕਰਨਗੇ, ਕਿਉਂਕਿ ਸੱਚੇ ਲੋਕਤੰਤਰਿਕ ਮੂਲ ਹੁਣ ਤੱਕ ਸਾਂਝੇ ਪਰਿਵਾਰਕ, ਸਮਾਜਿਕ ਜਾਂ ਰਾਜਨੀਤਕ ਢਾਂਚੇ ਦਾ ਪੂਰੀ ਤਰ੍ਹਾਂ ਨਿਰੀਖਣ ਨਹੀਂ ਕਰ ਸਕੇ। ਇਸੇ ਲਈ ਵਿਕਾਸ ਦੇ ਨਾਅ ਉਤੇ ਅਮੀਰ ਨੂੰ ਜਿਆਦਾ ਅਮੀਰ ਹੁੰਦਿਆਂ ਲੋਕ ਪ੍ਰਵਾਨ ਕਰਨਗੇ ਅਤੇ ਹੇਠਲੇ ਪੰਜਾਹ ਫ਼ੀਸਦੀ ਲੋਕ ਕੁਲ ਜਾਇਦਾਦ ਦੇ ਤਿੰਨ ਫ਼ੀਸਦੀ ਹਿੱਸੇ ਅਤੇ ਰਾਸ਼ਟਰੀ ਆਮਦਨ ਦੇ 13 ਫ਼ੀਸਦੀ ਹਿੱਸੇ 'ਚ ਸੰਤੁਸ਼ਟ ਹੋਣ ਲਈ ਮਜ਼ਬੂਰ ਹੋਣਗੇ। ਇਸ ਨਾਲ ਸਮਾਜਿਕ , ਸੰਸਕ੍ਰਿਤਿਕ ਗੁਲਾਮੀ ਅਤੇ ਪੀੜਾ ਜਾਰੀ ਰਹੇਗੀ ਅਤੇ ਆਰਥਿਕ ਮੰਦਹਾਲੀ ਤੇ ਗਰੀਬੀ ਹੋਰ ਵਧੇਗੀ। ਇਹੋ ਜਿਹੀ ਸਥਿਤੀ ਕਾਲਪਨਿਕ ਨਹੀਂ ਹੈ। ਦੇਸ਼ 'ਚ ਇੱਕ ਗੰਭੀਰ ਸੰਕਟ ਸਥਿਤੀ ਹੈ। ਪੰਜਾਬ ਇਹੋ ਜਿਹੀਆਂ ਵੱਡੀਆਂ ਤੇ ਗੰਭੀਰ ਸਥਿਤੀਆਂ ਨੂੰ ਮੁਗਲ ਰਾਜ ਵੇਲੇ ਵੀ ਹੰਢਾਉਂਦਾ ਰਿਹਾ ਹੈ, ਅੰਗਰੇਜ਼ ਰਾਜ ਵੇਲੇ ਵੀ। ਇਸੇ ਕਰਕੇ ਪੰਜਾਬ ਦੇ ਪੀੜਤ ਲੋਕ ਲਗਾਤਾਰ ਆਪਣੇ ਹੱਕਾਂ ਲਈ ਲੜਦੇ ਰਹੇ ਹਨ। ਸੰਘਰਸ਼ਾਂ ਤੋਂ ਸਿੱਖਦੇ ਰਹੇ ਹਨ। ਉਹ ਇਤਿਹਾਸ ਦੇ ਉਸ ਗੁਰ ਨੂੰ ਵੀ ਜਾਣਦੇ ਹਨ ਜੋ ਕਹਿੰਦਾ ਹੈ ਕਿ "ਆਜ਼ਾਦੀ ਅਤੇ ਵਿਕਾਸ ਯਕੀਨੀ ਬਨਾਉਣ ਲਈ ਸਮੇਂ-ਸਮੇਂ ਤੇ ਰਾਜ-ਭਾਗ 'ਚ ਤਬਦੀਲੀ ਜ਼ਰੂਰੀ ਹੈ।" ਪੰਜਾਬ ਨੇ ਇਸ ਸੱਚਾਈ ਨੂੰ ਪੱਲੇ ਬੰਨ੍ਹਿਆ ਹੋਇਆ ਹੈ। ਫੋਕੇ ਨਾਹਰਿਆਂ, ਭਰਮ ਭੁਲੇਖਿਆਂ ਵਾਲੇ ਇਸ ਸਿਆਸੀ ਰੋਲੇ-ਘਚੋਲੇ 'ਚ ਭਾਰਤ ਦੀਆਂ ਚੋਣਾਂ ਉਤੇ ਦੁਨੀਆ ਦੀ ਨਜ਼ਰ ਹੈ। ਪੰਜਾਬ ਇਸ ਚੋਣ 'ਚ ਆਪਣੀਆਂ ਕਦਰਾਂ-ਕੀਮਤਾਂ ਅਨੁਸਾਰ ਨਿਵੇਕਲੀ ਇਬਾਰਤ ਲਿਖੇਗਾ, ਇਹੋ ਹੀ ਪੰਜਾਬ ਤੋਂ ਆਸ ਹੈ। ਉਮੀਦ ਹੈ।

### ਅੰਤਿਕਾ

ਪੰਜਾਬ ਦੀਆਂ 13 ਸੀਟਾਂ 'ਆਪ' ਵਾਲੇ ਵੀ ਇਕੱਲਿਆਂ ਲੜਨਗੇ ਅਤੇ ਕਾਂਗਰਸ ਵਾਲੇ ਵੀ ਭਾਵੇਂ ਕਿ ਦੋਵੇਂ ਮੋਦੀ ਦੀ ਭਾਜਪਾ ਵਿਰੁੱਧ ਇੰਡੀਆ ਗੱਠਜੋੜ ਦੇ ਮੈਂਬਰ ਹਨ। ਸ਼ਾਇਦ ਖੱਬੀਆਂ ਧਿਰਾਂ ਕਾਂਗਰਸ ਦਾ ਸਾਥ ਦੇਣ। ਬਸਪਾ ਇਕੱਲਿਆਂ ਚੋਣ ਲੜੇਗੀ।

ਸ਼੍ਰੋਮਣੀ ਅਕਾਲੀ ਦਲ (ਬ) ਅਤੇ ਭਾਜਪਾ ਵੀ ਇਕੱਲਿਆਂ ਲੜਨ ਲਈ ਬਿਆਨ ਦੇ ਰਹੀ ਹੈ, ਭਾਵੇਂ ਕਿ ਸੰਭਾਵਨਾ ਇਹਨਾ 'ਚ ਆਪਣੀ ਗੱਠਜੋੜ ਦੀ ਹੈ, ਜਿਸ ਵਿੱਚ ਮੌਜੂਦਾ ਕਿਸਾਨ ਅੰਦੋਲਨ ਅੜਿੱਕਾ ਬਣਿਆ ਹੈ। ਜੋੜ-ਤੋੜ, ਆਇਆ ਰਾਮ, ਗਿਆ ਰਾਮ ਦੀ ਰਾਜਨੀਤੀ, ਪੰਜਾਬ 'ਚ ਹਾਕਮ ਧਿਰ ਨੇ ਜਲੰਧਰ ਪਾਰਲੀਮੈਂਟ ਜਿਮਨੀ ਚੋਣ ਵੇਲੇ ਸੁਸ਼ੀਲ ਰਿੰਕੂ ਨੂੰ ਕਾਂਗਰਸ ਵਿਚੋਂ ਆਪਣੇ ਪਾਸਿਓਂ ਚੋਣ ਲੜਾਕੇ ਤੇ ਹਰ ਸਰਕਾਰੀ ਹੀਲਾ-ਵਸੀਲਾ ਵਰਤਕੇ ਜਿੱਤਕੇ, ਕੀਤੀ ਸੀ ਲੋਕ ਸਭਾ ਚੋਣਾਂ ਦੀ ਮੁਹਿੰਮ 'ਆਪ' ਨੇ ਕਾਂਗਰਸ ਦੇ ਅਸੰਬਲੀ 'ਚ ਉਸ ਨੇਤਾ, ਰਾਜਕੁਮਾਰ ਚੱਬੇਵਾਲ ਜਿਹੜਾ ਕੁਝ ਦਿਨ ਪਹਿਲਾਂ ਹੋਏ ਅਸੰਬਲੀ ਇਜਲਾਸ ਵੇਲੇ ਗਲ 'ਚ ਸੰਗਲ ਪਾਕੇ 'ਆਪ' ਦਾ ਜਲੂਸ ਕੱਢ ਰਿਹਾ ਸੀ, ਨੂੰ ਆਪਣੇ ਵਲੋਂ ਹੁਸ਼ਿਆਰਪੁਰ ਤੋਂ ਆਪਣਾ ਉਮੀਦਵਾਰ, ਆਇਆ ਰਾਮ, ਗਿਆ ਰਾਮ ਸਹਾਰਾ ਲੈ ਕੇ 13-0 ਜਿੱਤ ਲਈ, ਸ਼ੁਰੂ ਕੀਤੀ ਹੈ। ਇਹੋ ਕੰਮ ਭਾਜਪਾ ਨੇ ਪੰਜਾਬ 'ਚ ਕਾਂਗਰਸੀਆਂ ਨੂੰ ਉਧਰੋਂ ਪੁੱਟ ਕੇ ਕੀਤਾ ਸੀ ਤੇ ਆਪ ਵਾਲਿਆਂ ਅਸੰਬਲੀ ਚੋਣਾਂ ਵੇਲੇ ਵੀ ਇਹੋ ਜਿਹਾ ਕੁਝ ਕੀਤਾ ਸੀ। ਇਹੋ ਜਿਹੇ ਹਾਲਾਤਾਂ ਦੇ ਮੱਦੇਨਜ਼ਰ, ਜਦੋਂ ਸਿਆਸਤਦਾਨਾਂ ਦਾ ਕੋਈ ਦੀਨ ਧਰਮ ਹੀ ਨਹੀਂ ਰਿਹਾ, ਉਹਨਾ ਦੀ ਬੋਲੀ ਲੱਗ ਰਹੀ ਹੈ। ਪੰਜਾਬ ਮੁੜ ਫਿਰ ਆਪਣਾ ਵੱਖਰਾ ਰਾਹ ਅਖਤਿਆਰ ਕਰੇਗਾ ਅਤੇ ਉਹਨਾ ਸਿਆਸਤਦਾਨਾਂ, ਸਿਆਸੀ ਪਾਰਟੀਆਂ ਨੂੰ ਖੁੱਡੇ ਲਾਏਗਾ, ਜਿਹਨਾ ਲਈ ਅਸੂਲ, ਆਦਰਸ਼ ਤੇ ਲੋਕ ਹਿੱਤ ਕੁਝ ਵੀ ਮਾਇਨੇ ਨਹੀਂ ਰੱਖਦੇ। ਜਿਹਨਾ ਲਈ ਸਿਰਫ਼ ਜਿੱਤ ਹੀ ਅਹਿਮ ਹੈ।

# ਡਾ. ਰਤਨ ਸਿੰਘ ਜੱਗੀ ਦੀ 'ਆਧੁਨਿਕ ਪੰਜਾਬੀ ਸਾਹਿਤ ਪਰਿਚਯ' ਪੁਸਤਕ ਮੀਲ ਪੱਥਰ



ਉਜਾਗਰ ਸਿੰਘ
ਮੋਬਾਈਲ-94178 13072
ujagarsinghDH@yahoo.com

ਪੰਜਾਬੀ ਸਾਹਿਤ ਦੇ ਆਧੁਨਿਕ ਯੁਗ ਦੇ ਮੁੱਢਲੇ ਚਾਰ ਸਾਹਿਤਕਾਰਾਂ ਭਾਈ ਵੀਰ ਸਿੰਘ, ਪ੍ਰੋ.ਪੂਰਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਡਾ.ਮੋਹਨ ਸਿੰਘ ਦੀਵਾਨਾ ਦੇ ਆਪੋ ਆਪਣੇ ਖੇਤਰਾਂ ਦੇ ਯੋਗਦਾਨ ਬਾਰੇ ਡਾ.ਰਤਨ ਸਿੰਘ ਜੱਗੀ ਦੀ ਪੁਸਤਕ 'ਆਧੁਨਿਕ ਪੰਜਾਬੀ ਸਾਹਿਤ ਪਰਿਚਯ' ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਲਈ ਇੱਕ ਮਾਰਗ ਦਰਸ਼ਕ ਪੁਸਤਕ ਸਾਬਤ ਹੋਵੇਗੀ। ਜਿਹੜੇ ਸਾਹਿਤਕਾਰ ਸਾਹਿਤ ਦੇ ਇਕ ਤੋਂ ਵੱਧ ਰੂਪਾਂ ਵਿੱਚ ਰਚਨਾਵਾਂ ਕਰਦੇ ਹਨ, ਆਮ ਤੌਰ ਤੇ ਉਨ੍ਹਾਂ ਬਾਰੇ ਇਕੱਠਿਆਂ ਜਾਣਕਾਰੀ ਨਹੀਂ ਮਿਲਦੀ ਪ੍ਰੰਤੂ ਡਾ.ਰਤਨ ਸਿੰਘ ਜੱਗੀ ਨੇ ਇਨ੍ਹਾਂ ਮੀਲ ਪੱਥਰ ਸਥਾਪਤ ਕਰਨ ਵਾਲੇ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਸਮੁੱਚਾ ਸੰਗਠਤ ਵਿਸ਼ਲੇਸ਼ਣ ਕਰਕੇ ਵਿਲੱਖਣ ਕਾਰਜ ਕੀਤਾ ਹੈ। ਇਨ੍ਹਾਂ ਚਾਰ ਸਾਹਿਤਕਾਰਾਂ ਬਾਰੇ ਲਿਖਣ ਤੋਂ ਪਹਿਲਾਂ ਡਾ.ਜੱਗੀ ਨੇ ਪੰਜਾਬੀ ਵਿੱਚ ਕਦੋਂ 'ਤੇ ਕਿਸਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਅਤੇ ਉਸ ਤੋਂ ਬਾਅਦ ਕਿਹੜੇ ਸਾਹਿਤਕਾਰਾਂ ਨੇ ਇਸ ਨੂੰ ਅੱਗੇ ਤੋਰਿਆ ਬਾਰੇ ਦੋ ਅਧਿਆਇ ਵਿੱਚ ਲਿਖਿਆ ਗਿਆ ਹੈ ਤਾਂ ਜੋ ਖੋਜਕਾਰਾਂ ਲਈ ਖੋਜ ਕਰਨ ਵਿੱਚ ਕੋਈ ਮੁਸ਼ਕਲ ਨਾ ਆਵੇ। ਡਾ.ਰਤਨ ਸਿੰਘ ਜੱਗੀ ਨੇ ਬਹੁਤ ਹੀ ਪ੍ਰਮਾਣਿਕਤਾ ਨਾਲ ਸਮੇਂ ਤੇ ਕਾਲ ਅਨੁਸਾਰ ਵੇਰਵੇ ਦਿੱਤੇ ਹਨ। ਪੰਜਾਬੀ ਆਲੋਚਨਾ ਦੀ ਪਹਿਲੀ ਸੰਗਠਤ ਪੁਸਤਕ ਕਹੀ ਜਾ ਸਕਦੀ ਹੈ। ਪਹਿਲਾ ਅਧਿਆਇ ਸਾਹਿਤਕ ਪਿਛੋਕੜ: ਇਨ੍ਹਾਂ ਚਾਰ ਸਾਹਿਤਕਾਰਾਂ ਬਾਰੇ ਜਾਣਕਾਰੀ ਦੇਣ ਤੋਂ ਪਹਿਲਾਂ ਸਾਹਿਤਕ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਹੈ ਕਿ ਸਭ ਤੋਂ ਪਹਿਲਾਂ ਨਾਥ ਸਾਹਿਤ ਜਿਸ ਵਿੱਚ ਜੋਗੀਆਂ ਤੇ ਸਿੱਧਾਂ ਦੀਆਂ ਬਾਣੀਆਂ, ਸੂਫ਼ੀ ਸਾਹਿਤ ਵਿੱਚ ਸ਼ੇਖ਼ ਫ਼ਰੀਦ-ਉਦ-ਦੀਨ ਮਸਊਦ ਗੰਜ-ਏ ਸ਼ਕਰ ਅਤੇ ਲੋਕ ਸਾਹਿਤ ਰਚਿਆ ਗਿਆ। ਲੋਕ-ਧਾਰਾ ਇਸ ਕਾਲ ਦੀ ਤੀਜੀ ਸਾਹਿਤਕ ਪ੍ਰਵਿਰਤੀ ਹੈ। ਲੋਕ ਧਾਰਾ ਦਾ ਸੁੰਦਰ ਨਮੂਨਾ ਨੌਂ ਵਾਰਾਂ ਹਨ। ਫਿਰ ਗੁਰਮਤਿ ਕਾਵਿ ਧਾਰਾ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਬਾਬਾ ਫਰੀਦ ਦੇ 4 ਸ਼ਬਦ ਅਤੇ 112 ਸ਼ਲੋਕ, ਭਗਤਾਂ, ਸੰਤਾਂ, ਭੱਟਾਂ ਦੀ ਬਾਣੀ ਸ਼ਾਮਲ ਕਰ ਲਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕੀਤੀ। ਕਾਵਿਧਾਰਾ ਵਿੱਚ ਭਾਈ ਗੁਰਦਾਸ ਪ੍ਰਮੁੱਖ ਕਵੀ ਸਨ। ਲੋਕ-ਧਾਰਾ ਇਸ ਕਾਲ ਦੀ ਤੀਜੀ ਸਾਹਿਤਕ ਪ੍ਰਵਿਰਤੀ ਹੈ। ਇਸ ਕਾਲ ਦੀ ਤੀਜੀ ਕਾਵਿਧਾਰਾ ਕਿੱਸਾਕਾਰੀ ਹੈ। ਇਸ ਸਮੇਂ ਰੁਮਾਂਟਿਕ ਗੱਲਾਂ ਸ਼ਾਮਲ ਕੀਤੀਆਂ ਗਈਆਂ। ਵਾਰਤਕ ਇਸ ਕਾਲ ਦੀ ਅੰਤਮ ਅਤੇ ਮਹੱਤਵਪੂਰਨ ਸਾਹਿਤਕ ਧਾਰਾ ਹੈ। ਜਨਮ ਸਾਖੀਆਂ ਵਾਰਤਕ ਦਾ ਹੀ ਰੂਪ ਹਨ। ਮੱਧ ਕਾਲ ਅਠਾਰਵੀਂ ਸਦੀ ਨੂੰ ਮੰਨਿਆਂ ਗਿਆ। ਇਸ ਸਮੇਂ ਦਮੋਦਰ ਗੁਲਾਟੀ ਤੋਂ ਸ਼ੁਰੂ ਹੋ ਕੇ ਸਭ ਤੋਂ ਵਧੇਰੇ ਕਿੱਸੇ ਲਿਖੇ ਗਏ, ਵਾਰਿਸ ਸ਼ਾਹ ਦੀ ਹੀਰ ਸ਼ਾਹਕਾਰ ਗਿਣੀ ਗਈ ਹੈ। ਨੌਂ ਵਾਰਾਂ, ਜੰਗਨਾਮੇ ਅਤੇ ਗੁਰਬਿਲਾਸ ਦੀ ਰਚਨਾ ਹੋਈ।

ਜਾਗਰਣ ਅਵਧੀ: ਇਹ 19ਵੀਂ ਸਦੀ ਦਾ ਸਮਾਂ ਸੀ ਜਦੋਂ ਕਿੱਸਾ ਕਾਵਿ ਸਿਖ਼ਰ 'ਤੇ ਪਹੁੰਚਿਆ। ਇਸ ਸਮੇਂ ਬਹੁਤ ਸਾਰੇ ਕਿੱਸਾਕਾਰ ਹੋਏ ਡਾ.ਰਤਨ ਸਿੰਘ ਜੱਗੀ ਨੇ ਲਗਪਗ ਸਾਰੇ ਕਿੱਸਾਕਾਰਾਂ ਅਤੇ ਉਨ੍ਹਾਂ ਦੇ ਕਿੱਸਿਆਂ ਬਾਰੇ ਸੰਖੇਪ ਵਿੱਚ ਦੱਸਿਆ ਹੈ। ਇਸ ਦੌਰਾਨ ਹੀ ਕਵੀਸ਼ਰੀ ਦੀ ਸ਼ੁਰੂਆਤ ਹੋਈ। ਮੁੱਖ ਰੂਪ ਵਿੱਚ ਕਵੀਸ਼ਰੀ ਪੰਜਾਬੀ ਦੀ ਮਲਵਈ ਭਾਸ਼ਾ ਵਿੱਚ ਲਿਖੀ ਜਾਂਦੀ ਸੀ। ਕਵੀਸ਼ਰੀ ਦੇ ਸਮੇਂ ਸੂਫ਼ੀਕਾਵਿ ਦਾ ਅਸਰ ਘੱਟ ਗਿਆ। ਧਰਮਾ ਦੇ ਕਾਵਿ ਦਾ ਜ਼ੋਰ ਰਿਹਾ। 19ਵੀਂ ਸਦੀ ਦੇ ਅਖ਼ੀਰ ਵਿੱਚ ਸਾਹਿਤ ਦੇ ਅਨੇਕਾਂ ਰੂਪ ਸ਼ੁਰੂ ਹੋਏ ਜਿਨ੍ਹਾਂ ਵਿੱਚ ਸਫ਼ਰਨਾਮਾ, ਨਾਟਕ, ਨਾਵਲ, ਧਾਰਮਿਕ ਸਾਹਿਤ ਅਤੇ ਪੱਤਰਕਾਰੀ ਸਾਹਿਤ ਆਦਿ। ਇਸ ਸਮੇਂ ਬਹੁਤ ਸਾਰੇ ਅਖ਼ਬਾਰ ਪ੍ਰਕਾਸ਼ਤ ਹੋਣ ਲੱਗੇ ਡਾ.ਰਤਨ ਸਿੰਘ ਜੱਗੀ ਨੇ ਸਾਰੇ ਅਖ਼ਬਾਰਾਂ ਦਾ ਵਿਵਰਣ ਦਿੱਤਾ ਹੈ। ਸਾਰੀਆਂ ਸਾਹਿਤਕ ਪ੍ਰਵਿਰਤੀਆਂ ਬਾਰੇ ਚਾਨਣਾ ਪਾਇਆ।



ਧਰਮ ਸਾਧਕ ਭਾਈ ਵੀਰ ਸਿੰਘ: ਡਾ.ਰਤਨ ਸਿੰਘ ਜੱਗੀ ਅਨੁਸਾਰ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਮੋਢੀ ਕਿਹਾ ਜਾ ਸਕਦਾ। ਉਸ ਨੇ 1898 ਆਪਣੀ ਪਹਿਲੀ ਵਾਰਤਕ ਪੁਸਤਕ ਸੁੰਦਰੀ ਪ੍ਰਕਾਸ਼ਤ ਕਰਵਾਈ ਸੀ। ਉਸ ਦਾ ਮੁੱਖ ਮੰਤਵ ਸਿੱਖ-ਧਰਮ ਅਤੇ ਗੁਰਮਤਿ ਦਰਸ਼ਨ ਦੀ ਸਮਕਾਲੀ ਪ੍ਰਸਥਿਤੀਆਂ ਵਿੱਚ ਨਵੀਨ ਢੰਗ ਨਾਲ ਵਿਆਖਿਆ ਕਰਨਾ ਸੀ। ਉਸ ਨੇ ਲਗਪਗ ਤਿੰਨ ਦਰਜਨ ਪੁਸਤਕਾਂ ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਪ੍ਰਕਾਸ਼ਤ ਕਰਵਾਈਆਂ। ਇਕ ਸੰਸਥਾ ਜਿਤਨਾ ਕੰਮ ਕੀਤਾ। ਉਸ ਦੀ ਸਾਰੀ ਵਾਰਤਕ, ਨਾਵਲ, ਜਨਮ ਸਾਖੀਆਂ, ਲੇਖ, ਟ੍ਰੈਕਟ, ਨਾਟਕ, ਧਾਰਮਿਕ ਰੰਗ ਵਿੱਚ ਰੰਗੇ ਹੋਏ ਸਨ। ਉਨ੍ਹਾਂ ਅਧਿਆਤਮਿਕਤਾ ਦਾ ਰਸਤਾ ਚੁਣਿਆ। ਪੱਤਰਕਾਰੀ ਵਿੱਚ ਵੀ ਵਰਨਣਯੋਗ ਕਾਰਜ ਕੀਤਾ। ਸੰਸਥਾਵਾਂ ਬਣਾਈਆਂ, ਖਾਲਸਾ ਸਮਾਚਾਰ ਸਪਤਾਹਿਕ ਸ਼ੁਰੂ ਕੀਤਾ। ਸੰਥ੍ਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਉਨ੍ਹਾਂ ਦੀ ਮੌਤ ਹੋਣ ਕਰਕੇ ਅੱਧ ਵਿਚਕਾਰ ਰਹਿ ਗਈ। ਉਨ੍ਹਾਂ ਦੀ ਖ਼ੂਬੀ ਇਹ ਰਹੀ ਕਿ ਉਰਦੂ, ਅੰਗਰੇਜ਼ੀ ਤੇ ਬ੍ਰਜ ਭਾਸ਼ਾ ਦਾ ਬੋਲਬਾਲਾ ਹੋਣ ਦੇ ਬਾਵਜੂਦ ਉਨ੍ਹਾਂ ਨੇ ਪੰਜਾਬੀ ਵਿੱਚ ਲਿਖਣ ਨੂੰ ਚੁਣਿਆਂ। ਉਨ੍ਹਾਂ ਦੀਆਂ ਤਿੰਨ ਪੁਸਤਕਾਂ ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ ਅਤੇ ਅਸ਼ਟਗੁਰ ਚਮਤਕਾਰ ਦਾ ਮਨੋਰਥ ਸਿੱਖ ਜੀਵਨ, ਸਿੱਖ ਸਮਾਜ, ਸਿੱਖ ਇਤਿਹਾਸ ਅਤੇ ਸਿੱਖ ਦਰਸ਼ਨ ਨੂੰ ਘੋਖਣਾ ਅਤੇ ਯੁਗ ਅਨੁਰੂਪ ਉਸ ਦਾ ਵਿਸ਼ਲੇਸ਼ਣ ਕਰਨਾ ਸੀ ਜੋ ਮੀਲ ਪੱਥਰ ਸਾਬਤ ਹੋਈਆਂ। ਉਨ੍ਹਾਂ ਦੇ ਸਾਖੀ ਪ੍ਰਸੰਗ ਇਕ ਕਿਸਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਹਨ। ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਚੌਦਾਂ ਭਾਗਾਂ ਵਿੱਚ ਸੰਪਾਦਿਤ ਕੀਤੀ। ਉਨ੍ਹਾਂ ਪੰਜਾਬੀ ਦਾ ਖਿੰਡਿਆ ਪੁੰਡਿਆ ਸਾਹਿਤ ਇਕੱਠਾ ਕਰਕੇ ਸੰਪਾਦਿਤ ਕੀਤਾ। ਡਾ.ਰਤਨ ਸਿੰਘ ਜੱਗੀ ਨੇ ਬਾਖ਼ੂਬੀ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦਾ ਵਿਵਰਣ ਸਿਸਟੇਮੈਟਿਕ ਢੰਗ ਨਾਲ ਕੀਤਾ ਹੈ।

ਅਲਬੇਲਾ ਸਾਹਿਤਕਾਰ ਪ੍ਰੋ.ਪੂਰਨ ਸਿੰਘ: ਪ੍ਰੋ.ਪੂਰਨ ਸਿੰਘ ਅਲਬੇਲਾ ਰਹੱਸਵਾਦੀ ਤੇ ਵਿਸਮਾਦੀ ਸਾਹਿਤਕਾਰ ਸੀ। ਉਹ 50 ਸਾਲ ਦੀ ਉਮਰ ਵਿੱਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਪ੍ਰੰਤੂ ਇਤਨੇ ਥੋੜ੍ਹੇ ਜਿਹੇ ਸਮੇਂ ਵਿੱਚ ਸਿੱਖ ਧਰਮ ਅਤੇ ਹੋਰ ਕਈ ਵਿਸ਼ਿਆਂ ਦੀਆਂ 40 ਪੁਸਤਕਾਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਅਨੁਵਾਦ ਦੀਆਂ ਲਿਖ ਗਿਆ। ਇਤਨੇ ਥੋੜ੍ਹੇ ਸਮੇਂ ਵਿੱਚ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਇਤਨਾ ਸਾਹਿਤ ਰਚ ਦਿੱਤਾ, ਜਿਸ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਉਸ ਤੇ ਗੁਰਮਤਿ ਦਾ ਬਹੁਤ ਪ੍ਰਭਾਵ ਸੀ। ਉਹ ਦਾਰਸ਼ਨਿਕ ਚਿੰਤਕ, ਸਾਹਿਤਕਾਰ ਅਤੇ ਸੰਪਾਦਕ ਸੀ। ਪੰਜਾਬੀ ਅਤੇ ਬ੍ਰਜ ਭਾਸ਼ਾ ਬਹੁਤ ਸਾਰਾ ਖਿੱਲਰਿਆ ਪਏ ਸਾਹਿ ਦੀ ਉਸ ਨੇ ਸੰਪਾਦਨਾ ਦਾ ਕੰਮ ਵੱਡੇ ਪੱਧਰ 'ਤੇ ਕੀਤਾ। ਗੁਰਮਤਿ ਅਤੇ ਸਿੱਖ ਮਤ ਦੇ ਵਿਸ਼ਲੇਸ਼ਣ ਤੋਂ ਇਲਾਵਾ ਪੰਜਾਬੀ ਦਾ ਇਕ ਮਹਾਨ ਸਾਹਿਤਕਾਰ ਸੀ, ਉਹ ਪੰਜਾਬੀ ਜਗਤ ਵਿੱਚ ਇਕ ਵਾ ਵਰੋਲੇ ਦੀ ਤਰ੍ਹਾਂ ਆਇਆ ਅਤੇ ਆਪਣੀ ਹੋਂਦ ਦਾ ਅਹਿਸਾਸ ਕਰਵਾਕੇ ਛਾਂਈਂ ਮਾਂਈਂ ਹੋ ਗਿਆ। ਉਸ ਦੇ ਖੁਲ੍ਹੇ ਲੇਖ ਪੰਜਾਬੀਆਂ ਦੇ ਦਿਲਾਂ ਨੂੰ ਛੂਹ ਗਏ। ਉਸ ਦੀ ਵਾਰਤਕ ਵੀ ਕਾਵਿਮਈ ਹੈ। ਉਸ ਦੀ ਹਰ ਗੱਲ, ਹਰ ਬੋਲ, ਹਰ ਸ਼ਬਦ, ਹਰ ਵਾਕ ਹਰ ਲੇਖ, ਹਰ ਕਵਿਤਾ, ਹਰ ਪੁਸਤਕ ਸਭ ਕੁਝ ਅਨੋਖਾ ਤੇ ਨਿਵੇਕਲਾ ਸੀ। ਸ਼ਬਦਾਂ ਦਾ ਪਰਵਾਹ ਆਪ ਮੁਹਾਰੇ ਉਸਦੇ ਅੰਦਰੋਂ ਆਉਂਦਾ ਰਹਿੰਦਾ ਸੀ। ਉਹ ਕੋਈ ਵੀ ਰਚਨਾ ਸਜੱਗ ਹੋ ਕੇ ਨਹੀਂ ਸਗੋਂ ਜੋ ਦਿਲ ਵਿੱਚ ਆ ਗਿਆ ਉਹ ਹੀ ਲਿਖ ਦਿੰਦਾ ਸੀ। ਆਧੁਨਿਕ ਕਾਲ ਦਾ ਉਹ ਪ੍ਰਮੁੱਖ ਕਵੀ ਹੈ। ਉਹ ਛੰਦ ਬੱਧ ਕਵਿਤਾ ਨਹੀਂ ਸਗੋਂ ਖੁਲ੍ਹੀ ਕਵਿਤਾ ਲਿਖਦਾ ਸੀ। ਉਹ ਪ੍ਰਕ੍ਰਿਤੀ ਵਿੱਚੋਂ ਲੈ ਕੇ ਬਿੰਬ ਵਰਤਦਾ ਸੀ। ਉਸ ਦੀ ਲੇਖਣੀ ਭਾਵਨਾ ਦੀ ਤਸਵੀਰ ਖਿੱਚ ਦਿੰਦੀ ਸੀ।

ਪ੍ਰਮੁੱਖ ਵਾਰਤਕ-ਕਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਡਾ.ਜੱਗੀ ਨੇ ਨਵੀਂ ਵਾਰਤਕ ਦੇ ਅਲੰਬਰਦਾਰ ਦਾ ਦਰਜਾ ਦਿੱਤਾ ਹੈ ਕਿਉਂਕਿ ਉਸ ਨੇ ਵਾਰਤਕ ਨੂੰ ਪੁਰਾਤਨਤਾ ਵਿੱਚੋਂ ਕੱਢਕੇ ਨਵਾਂ ਮੂੰਹ ਮੱਥਾ ਪ੍ਰਦਾਨ ਕੀਤਾ ਹੈ। ਸਿੱਖ ਧਰਮ ਅਤੇ ਸਭਿਆਚਾਰ ਬਾਰੇ ਆਧੁਨਿਕ ਪਰਿਪੇਖ ਵਿੱਚ ਉਦਾਰਤਾ ਨਾਲ ਸੋਚਣ ਅਤੇ ਆਧੁਨਿਕ ਪੰਜਾਬੀ ਵਾਰਤਕ ਵਿੱਚ ਨਿਖ਼ਾਰ ਲਿਆਂਦਾ। ਉਸ ਦੀ ਸਾਰੀ ਰਚਨਾ ਦਾ ਆਧਾਰ ਪਿਆਰ ਦਾ ਸੰਕਲਪ ਹੈ, ਜੋ ਸਹਿਜ ਪ੍ਰੀਤ ਦੇ ਦੁਆਲੇ ਘੁੰਮਦਾ ਹੈ। ਉਸ ਨੇ ਸਾਹਿਤ ਦੇ ਲਗਪਗ ਸਾਰੇ ਰੂਪਾਂ ਤੇ ਹੱਥ ਅਜਮਾਇਆ ਅਤੇ 55 ਪੁਸਤਕਾਂ ਲਿਖੀਆਂ, ਜਿਨ੍ਹਾਂ ਵਿੱਚ 31 ਲੇਖ ਸੰਗ੍ਰਹਿ, ਤਿੰਨ ਨਾਵਲ ਪੰਜ ਇਕਾਂਗੀ ਸੰਗ੍ਰਹਿ, 11 ਕਹਾਣੀ ਸੰਗ੍ਰਹਿ, ਪੰਜ ਕਹਾਣੀ ਸੰਗ੍ਰਹਿ ਬੱਚਿਆਂ ਲਈ ਅਤੇ ਸਫਰਨਾਵਾਂ ਸ਼ਾਮਲ ਹੈ। ਪਿਆਰ ਦਾ ਸੰਕਲਪ ਉਸ ਦਾ ਮਾਂਗਵਾਂ ਸੀ, ਜਿਸ ਕਰਕੇ ਬਹੁਤਾ ਸਫਲ ਨਹੀਂ ਹੋਇਆ। ਆਸ਼ਾਵਾਦੀ ਅਤੇ ਆਦਰਸ਼ਵਾਦ ਦਾ ਮੁੱਦਈ ਬਣਕੇ ਲਿਖਦਾ ਰਿਹਾ। ਪ੍ਰੀਤ ਤੇ ਆਦਰਸ਼ਵਾਦ ਦਾ ਸਿਧਾਂਤ ਸਮੇਂ ਦਾ ਹਾਣੀ ਨਹੀਂ ਬਣ ਸਕਿਆ। ਉਸ ਤੋਂ ਬਾਅਦ ਉਸ ਨੇ ਸਮਾਜਵਾਦ ਵੱਲ ਝੁਕਾਅ ਕਰ ਲਿਆ। ਉਹ ਸਮਝਦਾ ਸੀ ਕਿ ਸਾਹਿਤ ਮਨਪ੍ਰਚਾਵੇ ਲਈ ਨਹੀਂ ਸਗੋਂ ਸਮਾਜ ਲਈ ਹੋਣਾ ਚਾਹੀਦਾ।

ਉਸ ਦੀਆਂ ਰਚਨਾਵਾਂ ਵਿੱਚ ਸੁਪਨੇ ਸਿਰਜਣਾ ਹੁੰਦਾ ਸੀ, ਜੋ ਕਦੀ ਪੂਰੇ ਨਹੀਂ ਹੁੰਦੇ। ਉਸ ਦੀਆਂ ਰਚਨਾਵਾਂ ਜਾਤ-ਪਾਤ, ਵਹਿਮਾ ਭਰਮਾ, ਊਚ ਨੀਚ ਅਤੇ ਛੂਤ-ਛਾਤ ਦੇ ਵਿਰੁੱਧ ਹਨ। ਅਮਨ ਲਹਿਰ ਦੇ ਹੱਕ ਵਿੱਚ ਵੀ ਲਿਖਦਾ ਰਿਹਾ। ਅਸਲੀ ਅਰਥਾਂ ਵਿੱਚ ਉਹ ਮਾਨਵਵਾਦੀ ਸੀ। ਉਸ ਦੀ ਸ਼ੈਲੀ ਪੱਛਮ ਦਾ ਪ੍ਰਭਾਵ ਹੋਣ ਕਰਕੇ ਨਿਵੇਕਲੀ ਹੈ, ਉਹ ਉਰਦੂ ਅਤੇ ਅੰਗਰੇਜ਼ੀ ਦੇ ਸ਼ਬਦ ਵੀ ਵਰਤਦਾ ਹੈ, ਜਿਸ ਕਰਕੇ ਉਸਦੀ ਵੱਖਰੀ ਪਛਾਣ ਹੈ। ਪਾਠਕ ਨੂੰ ਆਪਣੇ ਨਾਲ ਜੋੜ ਲੈਂਦਾ ਹੈ, ਰੌਚਿਕਤਾ ਬਣਾਈ ਰੱਖਦਾ ਹੈ, ਕੋਹਜ ਨੂੰ ਸਹਜ ਵਿੱਚ ਬਦਲ ਦਿੰਦਾ ਹੈ, ਵਿਵੇਕ ਪ੍ਰਧਾਨ ਸ਼ੈਲੀ ਹੈ।

ਪ੍ਰਬੁੱਧ ਵਿਦਵਾਨ ਡਾ.ਮੋਹਨ ਸਿੰਘ ਦੀਵਾਨਾ: ਡਾ.ਮੋਹਨ ਸਿੰਘ ਦੀਵਾਨਾ ਮਹਾਨ ਸਿੱਖ ਚਿੰਤਕ, ਪ੍ਰਤੀਬੱਧ ਸੰਤ ਕਵੀ ਯੋਗ ਸਾਧਕ ਸੀ। ਉਹ ਗਿਆਨ ਦਾ ਮੁਜੱਸਮਾ ਸਨ ਕਿਉਂਕਿ ਧਰਮ, ਇਤਿਹਾਸ, ਦਰਸ਼ਨ, ਭਾਸ਼ਾ, ਕਾਵਿ ਸ਼ਾਸ਼ਤ੍ਰ, ਸਭਿਅਚਾਰ ਆਦਿ ਅਨੇਕ ਵਿਸ਼ਿਆਂ ਬਾਰੇ ਵਿਸਤ੍ਰਿਤ ਗਿਆਨ ਪ੍ਰਾਪਤ ਕੀਤਾ ਸੀ। ਅੰਗਰੇਜ਼ੀ, ਹਿੰਦੀ, ਉਰਦੂ ਪੰਜਾਬੀ ਭਾਸ਼ਾਵਾਂ ਦੇ ਸਾਹਿਤ ਦੇ ਸਾਰੇ ਰੂਪਾਂ ਵਿੱਚ ਲਿਖਿਆ। ਉਨ੍ਹਾਂ ਦੀਆਂ 25 ਤੋਂ ਵੱਧ ਮੌਲਿਕ ਤੇ ਸੰਪਾਦਿਤ ਪੁਸਤਕਾਂ ਪ੍ਰਕਾਸ਼ਤ ਹੋਈਆਂ, ਜਿਨ੍ਹਾਂ ਵਿੱਚ 8 ਪੰਜਾਬੀ ਦੇ ਕਾਵਿ ਸੰਗ੍ਰਹਿ ਸ਼ਾਮਲ ਹਨ। ਡਾ.ਜੱਗੀ ਨੇ ਡਾ. ਮੋਹਨ ਸਿੰਘ ਦੀਵਾਨਾਂ ਦੇ ਸਾਹਿਤਕ ਯੋਗਦਾਨ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਦਿੱਤੀ ਹੈ। ਉਨ੍ਹਾਂ ਅਨੇਕ ਪ੍ਰਕਾਰ ਦੇ ਰੂਪਕਾਰਾਂ ਵਿੱਚ ਕਾਵਿ ਰਚਨਾ ਕੀਤੀ। ਉਸ ਨੇ ਪ੍ਰਕ੍ਰਿਤੀ ਬਾਰੇ ਵੀ ਕਵਿਤਾਵਾਂ ਲਿਖੀਆਂ। ਉਨ੍ਹਾਂ ਨੂੰ ਵਿਦਵਤਾ ਦਾ ਸੂਰਜ ਕਿਹਾ ਜਾਂਦਾ ਸੀ। ਉਹ ਇਕ ਸਾਕਾਰ ਪ੍ਰਤਿਭਾ ਸਨ। ਉਹ ਖੁਲ੍ਹੀ ਕਵਿਤਾ ਦਾ ਸਿੱਧ-ਹਸਤ ਕਵੀ ਸੀ। ਡਾ.ਦੀਵਾਨਾ ਦੀ ਪ੍ਰਗੀਤ-ਸਿਰਜਨਾ ਦੀ ਨੁਹਾਰ ਕਲਾਸੀਕਲ ਹੈ। ਉਹ ਫਿਲਾਸਫਰ ਕਵੀ ਸੀ। ਉਸ ਦੀ ਕਵਿਤਾ ਵਿੱਚ ਦੋ ਰੂਪ ਉਘੜ ਹਨ। ਇਕ ਕਾਮ ਅਧਾਰਿਤ ਦੂਜਾ ਸੱਚਾ ਸੁੱਚਾ। ਉਨ੍ਹਾਂ ਰੁਬਾਈਆਂ ਵੀ ਲਿਖੀਆਂ। ਉਨ੍ਹਾਂ ਨੂੰ ਰੁਬਾਈ ਸਮਰਾਟ ਕਿਹਾ ਜਾਂਦਾ ਹੈ। ਡਾ.ਰਤਨ ਸਿੰਘ ਜੱਗੀ ਦੀ ਇਹ ਪੁਸਤਕ ਖੋਜਕਾਰਾਂ ਲਈ ਲਾਭਦਾਇਕ ਸਾਬਤ ਹੋਵੇਗੀ ਕਿਉਂਕਿ ਉਨ੍ਹਾਂ ਤੱਥਾਂ ਅਤੇ ਹਵਾਲਿਆਂ ਨਾਲ ਜਾਣਕਾਰੀ ਦਿੱਤੀ ਹੈ।

217 ਪੰਨਿਆਂ, 500 ਰੁਪਏ ਕੀਮਤ ਵਾਲੀ ਇਹ ਪੁਸਤਕ ਗ੍ਰੇਸ਼ੀਅਸ ਬੁਕਸ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
780-258-5800
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬੀ ਸਿਨੇਮਾ



ਸੁਰਜੀਤ ਜੱਸਲ - 9814607737

## ਕਾਮੇਡੀ, ਰੁਮਾਂਸ ਤੇ ਡਰਾਮੇ ਦਾ ਸੁਮੇਲ ਪੰਜਾਬੀ ਫਿਲਮ ਪ੍ਰਹੁਣਾ 2



ਪੰਜਾਬੀਆ ਦੀ ਮੌਜੂਦਾ ਸਮੇਂ ਦੀ ਅਸਲ ਤਸਵੀਰ ਪੇਸ਼ ਕਰਦੀ ਫ਼ਿਲਮ ਪ੍ਰਹੁਣਾ 2 ਮਨੋਰੰਜਨ ਦੇ ਨਾਲ-ਨਾਲ ਗੰਭੀਰ ਮੁੱਦੇ 'ਤੇ ਵਿਅੰਗ ਕਰਦੀ ਹੋਈ ਵਿਦੇਸ਼ਾਂ ਵੱਲ ਭੱਜ ਰਹੇ ਨੌਜਵਾਨਾਂ ਨੂੰ ਵੱਡਾ ਸੁਨੇਹਾ ਦਿੰਦੀ ਪੰਜਾਬੀ ਫ਼ਿਲਮ ਹੈ। ਆਪਣੇ ਨਾਂ ਤੋਂ ਬੇਸ਼ੱਕ ਇਹ ਫਿਲਮ ਵਿਆਹਾਂ ਵਾਲੀ ਜਾਪਦੀ ਹੈ ਪਰ ਜਦੋਂ ਤੁਸੀਂ ਇਸਦਾ ਟ੍ਰੇਲਰ ਵੇਖਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਫ਼ਿਲਮ ਬਿਲਕੁਲ ਇੱਕ ਨਵੇਂ ਅਤੇ ਹਾਸੋਹੀਣੇ ਮੁੱਦੇ 'ਤੇ ਬਣੀ ਖ਼ੂਬਸੂਰਤ ਪੰਜਾਬੀ ਫ਼ਿਲਮ ਹੈ ਜੋ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦਾ ਦਮ ਰੱਖਦੀ ਹੈ। ਰਣਜੀਤ ਬਾਵਾ, ਅਦਿੱਤੀ ਸ਼ਰਮਾ ਤੇ ਗੁਰਪ੍ਰੀਤ ਘੁੱਗੀ ਦੀ ਮੁੱਖ ਭੂਮਿਕਾ ਵਾਲੀ ਇਸ ਫ਼ਿਲਮ ਨੂੰ ਸਿਤਿਜ ਚੌਧਰੀ ਨੇ ਡਾਇਰੈਕਟ ਕੀਤਾ ਹੈ। ਧੀਰਜ ਰਤਨ ਦੀ ਲਿਖੀ ਇਸ ਫਿਲਮ ਵਿੱਚ ਅਜੇ ਹੁੱਡਾ, ਓਸ਼ਿਨ ਬਰਾੜ, ਫਤਿਹ ਟਿੱਬੀ, ਬਦਰ ਖਾਨ ਸਮੇਤ ਕਈ ਹੋਰ ਵੀ ਚਰਚਿਤ ਚਿਹਰੇ ਨਜ਼ਰ ਆਉਂਣਗੇ। 29 ਮਾਰਚ ਨੂੰ ਰਿਲੀਜ ਹੋ ਰਹੀ ਇਹ ਫਿਲਮ ਲੰਡਨ ਦੀਆਂ ਵੱਖ-ਵੱਖ ਖ਼ੂਬਸੂਰਤ ਲੋਕੇਸ਼ਨਾਂ 'ਤੇ ਫਿਲਮਾਈ ਗਈ ਹੈ ਇਹ ਫਿਲਮ ਇੱਕ ਅਜਿਹੇ ਨੌਜਵਾਨ ਦੀ ਕਹਾਣੀ ਹੈ ਜੋ ਪੰਜਾਬ ਵਿੱਚ ਵਧੀਆ ਜ਼ਿੰਦਗੀ ਜਿਉਂ ਰਿਹਾ ਹੈ। ਉਸਦੀ ਮੰਗੇਤਰ ਸੋਹਣੇ ਭਵਿੱਖ ਦੀ ਤਲਾਸ਼ ਵਿੱਚ ਵਿਦੇਸ਼ ਜਾਂਦੀ ਹੈ। ਵਿਦੇਸ਼ ਜਾਣ ਤੋਂ ਬਾਅਦ ਉਸਦਾ ਵਤੀਰਾ ਅਚਾਨਕ ਬਦਲ ਜਾਂਦਾ ਹੈ। ਅੱਧ-ਵਿਚਕਾਰ ਲਟਕੇ ਫਿਲਮ ਦੇ ਨਾਇਕ ਕੋਲ ਹੁਣ ਵਿਦੇਸ਼ ਵਿੱਚ ਵੱਸਣ ਲਈ ਕਿਸੇ ਪੱਕੀ ਕੁੜੀ ਨਾਲ ਵਿਆਹ ਕਰਵਾਉਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ। ਉਹ ਕਿਵੇਂ ਇਕ ਵਿਦੇਸ਼ੀ ਕੁੜੀ ਲੱਭਦਾ ਹੈ, ਯੂ ਕੇ ਪੱਕੇ ਹੋਣ ਲਈ ਉਸਨੂੰ ਕੀ ਕੀ ਪਾਪੜ ਵੇਲਣੇ ਪੈਂਦੇ ਹਨ। ਕੱਚੇ ਤੌਰ 'ਤੇ ਰਹਿ ਰਹੇ ਲੋਕਾਂ ਨਾਲ ਉੱਥੇ ਕਿਹੋ ਜਿਹਾ ਵਤੀਰਾ ਕੀਤਾ ਜਾਂਦਾ ਹੈ। ਇਹ ਸਭ ਕੁਝ ਇਸ ਫਿਲਮ ਦਾ ਅਹਿਮ ਹਿੱਸਾ ਹੈ। ਇਹ ਫਿਲਮ ਮਜ਼ਾਕ ਮਜ਼ਾਕ ਵਿੱਚ ਵਿਦੇਸ਼ਾਂ ਵਿੱਚ ਵੱਸਦੇ ਨੌਜਵਾਨਾਂ, ਵਿਆਹ ਦਾ ਲਾਰਾ ਲਾ ਕੇ ਜਾਂ ਵਿਆਹ ਕਰਵਾਕੇ ਆਈਆਂ ਕੁੜੀਆਂ ਅਤੇ ਉਹਨਾਂ ਦੇ ਅਚਾਨਕ ਬਦਲਣ ਦੀ ਕਹਾਣੀ ਨੂੰ ਵੀ ਖ਼ੂਬਸੂਰਤ ਤਰੀਕੇ ਨਾਲ ਪਰਦੇ ਤੇ ਪੇਸ਼ ਕੀਤਾ ਗਿਆ ਹੈ। ਇਸ ਗੱਲ ਦਾ ਝਲਕਾਰਾ ਫ਼ਿਲਮ ਦੇ ਟ੍ਰੇਲਰ ਤੋਂ ਵੀ ਮਿਲਦਾ ਹੈ। ਫ਼ਿਲਮ ਨਿਰਮਾਤਾ ਮਨੀ ਧਾਲੀਵਾਲ, ਮੋਹਿਤ ਬਨਵੈਤ, ਇੰਦਰ ਨਾਗਰਾ ਅਤੇ ਸੁਰਿੰਦਰ ਸੋਹਨਪਾਲ ਵੱਲੋਂ ਦਾਰਾ ਫਿਲਮ, ਬਨਵੈਤ ਫਿਲਮਜ਼ ਅਤੇ ਹਿਊਮਨ ਮੋਸ਼ਨ ਪਿਕਚਰ ਦੇ ਬੈਨਰ ਹੇਠ ਬਣਾਈ ਗਈ ਇਸ ਫ਼ਿਲਮ ਬਾਰੇ ਗੱਲਬਾਤ ਕਰਦਿਆਂ ਫਿਲਮ ਦੇ ਨਾਇਕ ਰਣਜੀਤ ਬਾਵਾ ਨੇ ਦੱਸਿਆ ਕਿ ਇਸ ਫਿਲਮ ਵਿੱਚ ਉਹ ਭਿੰਦਰ ਨਾਂ ਦੇ ਪੰਜਾਬ ਦੇ ਇੱਕ ਮੱਧ ਵਰਗੀ ਨੌਜਵਾਨ ਦੀ ਭੂਮਿਕਾ ਨਿਭਾਈ ਹੈ। ਉਹ ਹਰਜੋਤ ਨਾਂ ਦੀ ਇੱਕ ਕੁੜੀ ਨੂੰ ਪਿਆਰ ਕਰਦਾ ਹੈ।ਪਰਿਵਾਰ ਦੀ ਸਹਿਮਤੀ ਨਾਲ ਦੋਵਾਂ ਦਾ ਵਿਆਹ ਹੋਣਾ ਵੀ ਨਿਸਚਤ ਹੋ ਜਾਂਦਾ ਹੈ। ਵਿਆਹ ਤੋਂ ਕੁਝ ਦਿਨ ਪਹਿਲਾਂ ਹਰਜੋਤ ਦਾ ਯੂ ਕੇ ਦਾ ਵੀਜ਼ਾ ਆ ਜਾਂਦਾ ਹੈ। ਹਰਜੋਤ ਲਈ ਯੂ ਕੇ ਗਏ ਭਿੰਦਰ ਨਾਲ ਉੱਥੇ ਕੀ ਕੁਝ ਵਾਪਰਦਾ ਹੈ ਇਹ ਪਹਿਲੂ ਬੇਹੱਦ ਦਿਲਚਸਪ ਹਨ। ਬਾਵੇ ਮੁਤਾਬਕ ਇਹ ਫਿਲਮ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਦੀ ਬਾਤ ਪਾਵੇਗਾ। ਇਸ ਫਿਲਮ ਵਿੱਚ ਦਰਸ਼ਕ ਉਸਨੂੰ ਇੱਕ ਵੱਖਰੇ ਅੰਦਾਜ਼ ਵਿੱਚ ਦੇਖਣਗੇ।

ਸੰਗੀਤ ਹਰ ਫਿਲਮ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਦਾ ਹੈ। ਇਸ ਫਿਲਮ ਦਾ ਸੰਗੀਤ ਵੀ ਕੁਝ ਇਸ ਤਰ੍ਹਾਂ ਦਾ ਹੀ ਹੈ। ਫਿਲਮ ਦਾ ਸੰਗੀਤ ਦੇਸੀ ਕਰਿਓ,ਜੱਗੀ ਸਿੰਘ ਅਤੇ ਡਾਊਡ ਬੀਟਸ ਨੇ ਤਿਆਰ ਕੀਤਾ ਹੈ। ਫਿਲਮ ਦੇ ਗੀਤ ਡੀ ਹਾਰਪ, ਜੱਗੀ ਸਿੰਘ ਅਤੇ ਪ੍ਰਗਟ ਕੋਟਗੁਰੂ ਨੇ ਲਿਖੇ ਹਨ। ਇਹਨਾਂ ਗੀਤਾਂ ਨੂੰ ਆਵਾਜ਼ ਰਣਜੀਤ ਬਾਵਾ, ਅਜੇ ਹੁੱਡਾ, ਕਮਲ ਖਾਨ ਅਤੇ ਡੀ ਹਾਰਪ ਨੇ ਦਿੱਤੀ ਹੈ। 29 ਮਾਰਚ ਨੂੰ ਦੁਨੀਆ ਭਰ ਵਿੱਚ ਰਿਲੀਜ਼ ਹੋਣ ਜਾ ਰਹੀ ਹੈ ਇਹ ਫ਼ਿਲਮ ਸਿਨੇਮਾਘਰਾਂ ਵਿੱਚ ਮੁੜ ਰੌਣਕਾਂ ਲੈ ਕੇ ਆਵੇਗੀ।

## ਮਨੋਰੰਜਨ ਭਰੀ ਕਾਮੇਡੀ ਦੀ ਖ਼ਜਾਨਾ
## ਫੇਰ ਮਾਮਲਾ ਗੜਬੜ ਹੈ




ਮੌਜੂਦਾ ਪੰਜਾਬੀ ਸਿਨਮੇ ਦੇ ਦੌਰ ਵਿਚ ਮਨੋਰੰਜਨ ਦੇ ਨਿੱਤ ਨਵੇਂ ਰੰਗ ਵੇਖਣ ਨੂੰ ਮਿਲ ਰਹੇ ਹਨ। ਕਦੇ ਸੰਗੀਤਕ ਫ਼ਿਲਮਾਂ, ਕਦੇ ਰੁਮਾਂਟਿਕ , ਕਦੇ ਕਾਮੇਡੀ ...ਹਰੇਕ ਫ਼ਿਲਮ ਦਾ ਆਪਣਾ ਵੱਖਰਾ ਸੁਆਦ ਰਿਹਾ ਹੈ।ਇੰਨ੍ਹੀ ਦਿਨੀਂ ਰਿਲੀਜ਼ ਹੋਣ ਜਾ ਰਹੀ ਫ਼ਿਲਮ ਫੇਰ ਮਾਮਲਾ ਗੜਬੜ ਹੈ ਆਪਣੇ ਟਰੇਲਰ ਨਾਲ ਕਾਫ਼ੀ ਚਰਚਾ ਵਿਚ ਹੈ ਕਿਉਕਿ ਇਹ ਮਨੋਰੰਜਨ ਤੇ ਹਾਸਿਆਂ ਦਾ ਵੱਡਾ ਖ਼ਜਾਨਾ ਹੈ ਜਿਸ ਨੂੰ ਵੇਖਦੇ ਦਰਸ਼ਕ ਹੱਸ ਹੱਸ ਦੂਹਰੇ ਹੋਣਗੇ ਤੇ ਮੁੜ- ਮੁੜ ਵੇਖਣ ਜਾਣਗੇ ਕਿਉਂਕਿ ਇਹ ਫ਼ਿਲਮ ਕਾਮੇਡੀ ਦੇ ਨਾਲ ਨਾਲ ਇਕ ਸਮਾਜਿਕ ਮੈਸ਼ਜ ਵੀ ਦਿੰਦੀ ਹੈ। ਬੀਤੇ ਦਿਨੀਂ ਰਿਲੀਜ਼ ਹੋਏ ਇਸ ਫ਼ਿਲਮ ਦੇ ਟਰੇਲਰ ਨੇ ਇਹ ਸਾਬਤ ਕਰ ਦਿੱਤਾ ਕਿ ਇਹ ਫ਼ਿਲਮ ਪੰਜਾਬੀ ਸਿਨਮੇ ਲਈ ਮੀਲ ਪੱਥਰ ਹੋਵੇਗੀ। ਅੱਲ੍ਹੜ ਦਿਲਾਂ ਦੇ ਪਿਆਰ ਮੁਹੱਬਤਾਂ ਦੀ ਗੱਲ ਕਰਦੀ ਇਸ ਫ਼ਿਲਮ ਵਿਚ ਪੰਜਾਬੀ ਗਾਇਕ ਤੇ ਅਦਾਕਾਰ ਨਿੰਜਾ ਤੇ ਖ਼ੂਬਸੂਰਤ ਨਾਇਕਾ ਪ੍ਰੀਤ ਕਮਲ ਨੇ ਮੁੱਖ ਭੂਮਿਕਾ ਨਿਭਾਈ ਹੈ। ਕਾਮੇਡੀ ਕਿਰਦਾਰਾਂ ਦੇ ਬਾਦਸ਼ਾਹ ਬੀ ਐਨ ਸ਼ਰਮਾ ਨੂੰ ਦਰਸ਼ਕ ਪਹਿਲੀ ਵਾਰ ਮਰਦ-ਔਰਤ ਦੇ ਰਲਵੇਂ ਕਿਰਦਾਰ ਵਿਚ ਵੇਖਣਗੇ। ਇਹ ਫ਼ਿਲਮ ਦੋ ਦੋਸਤਾਂ ਦੀ ਕਹਾਣੀ ਹੈ ਜਿੰਨ੍ਹਾ ਦੇ ਸੁਪਨੇ ਬਹੁਤ ਵੱਡੇ ਹਨ। ਇਹ ਆਪਣੇ ਸੁਪਨੇ ਸੱਚ ਕਰਨ ਲਈ ਕਿਹੜੇ ਕਿਹੜੇ ਰਾਹ ਤੁਰਦੇ ਹਨ, ਇਹ ਤਾਂ ਦਰਸ਼ਕ ਸਿਨਮਿਆਂ ਵਿਚ ਹੀ ਵੇਖਣਗੇ। ਓਹਰੀ ਪ੍ਰੋਡਕਸ਼ਨ ਅਤੇ ਬ੍ਰਿਮਿੰਗ ਵਿਜ਼ਨ ਫ਼ਿਲਮ ਤੇ ਰੋਇਲ ਪੰਜਾਬ ਫ਼ਿਲਮ ਦੀ ਪੇਸ਼ਕਸ ਇਸ ਫ਼ਿਲਮ ਨੂੰ ਸਾਗਰ ਕੁਮਾਰ ਸ਼ਰਮਾ ਨੇ ਡਾਇਰੈਕਟ ਕੀਤਾ ਹੈ। ਫ਼ਿਲਮ ਦੀ ਕਹਾਣੀ ਤੇ ਸਕਰੀਨਪਲੇਅ ਕੁਮਾਰ ਅਜੇ ਨੇ ਲਿਖਿਆ ਹੈ। ਡਾਇਲਾਗ ਰਾਜੂ ਵਰਮਾ ਨੇ ਲਿਖੇ ਹਨ। ਇਸ ਫ਼ਿਲਮ ਵਿਚ ਨਿੰਜਾ, ਪ੍ਰੀਤ ਕਮਲ, ਉਪੇਸ਼ ਜੰਗਵਾਲ,ਬੀ ਐਨ ਸ਼ਰਮਾ, ਜਸਵਿੰਦਰ ਭੱਲਾ, ਬਨਿੰਦਰ ਬੰਨੀ,ਭੂਮਿਕਾ ਸ਼ਰਮਾ, ਨਗਿੰਦਰ ਗੱਖੜ,ਦਿਲਾਵਰ ਸਿੱਧੂ, ਗੁਰਪ੍ਰੀਤ ਕੌਰ ਭੰਗੂ ਤੇ ਰੋਜ਼ ਜੇ ਕੌਰ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫ਼ਿਲਮ ਦੇ ਨਿਰਮਾਤਾ ਮੋਨਾ ਓਹਰੀ, ਵਿਜੇ ਕੁਮਾਰ ਤੇ ਜਸਪ੍ਰੀਤ ਕੌਰ ਹਨ। 29 ਮਾਰਚ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦੀ ਦਰਸ਼ਕਾਂ ਨੂੰ ਬੇਸਬਰੀ ਨਾਲ ਉਡੀਕ ਹੈ।

## ਬਾਬਰ ਵੇਲੇ ਦਾ ਜਿਹੜਾ ਹੁੰਦੇ ਸੁਣਦੇ ਸਾਂ

ਸਮੇਂ ਨੂੰ ਲੋੜ ਜਵਾਨਾਂ ਦੀ ਨਾ ਬੇਹੋਸ਼ ਰਹੇ।
ਨਸ਼ਿਆਂ ਤੋਂ ਰਹਿਣ ਦੁਰੇਡੇ ,ਸਿਰ ਨਾ ਦੋਸ਼ ਰਹੇ।
ਬੇਵਕਤ ਅਜਾਈਂ ਕੋਈ ਜਾਨ ਗੁਆਵੇ ਨਾ,
ਮਹਿਲਾਂ ਨੂੰ ਵੰਗਾਰਣ ਲਈ ਸੀਨੇ ਜੋਸ਼ ਰਹੇ।
ਕੰਡੇ ਹੋਵਣ ਰਸਤੇ ਵਿੱਚ ਜੇ ਰਸਤਾ ਰੁਕ ਜਾਵੇ,
ਫੂਕ ਛੱਡੋ ਕੰਡਿਆਂ ਨੂੰ ਦਿੱਲੀ ਨਾ ਕੋਸ ਰਹੇ।
ਚੰਗੇ ਭਵਿੱਖ ਲਈ ਮੰਗਾਂ ਮਨਾਵਣ ਨਿੱਕਲੇ ਹੋ,
ਕੰਕਰ ਜਾਵੋ ਮਸਲਦੇ ਪੈਰਾਂ ਦਾ ਨਾ ਦੋਸ਼ ਰਹੇ।
ਕ੍ਰਿਤੀਆਂ ਦੀਆਂ ਕਿਰਤਾਂ ਖੁਰਦੀਆਂ ਜਾਵਣ,
ਚੋਰਾਂ ਦੀ ਚੋਰੀ ਪਕੜੋ ਜੋ ਰੂਹਪੋਸ਼ ਰਹੇ।
ਆਦਰਸਾਂ ਦੀ ਲੀਹੋਂ ਬੇ ਲੀਹੇ ਪਏ ਹਾਕਮ,
ਲਾਲਚ ਵੱਸ਼ ਭੁੱਲੇ ਫਰਜ਼ ,ਦੱਸਦੇ ਨਿਰਦੋਸ਼ ਰਹੇ।
ਬਾਬਰ ਵੇਲੇ ਦਾ ਜਿਹੜਾ ਹੁੰਦੇ ਸੁਣਦੇ ਸਾਂ,
ਅੱਜ ਵੀ ਹੁੰਦਾ ਵੇਖਦੇ ਹਕੂਮਤ ਬੇਹੋਸ਼ ਰਹੇ।
ਲੋਕਤੰਤਰ ਦੀ ਲੀਲਾ ਉਹਲੇ ਦਾਗੀ ਸੰਸਦ 'ਚ,
ਕਾਨੂੰਨ ਨੂੰ ਬਾਂਦੀ ਬਣਾਉਣ ਦੇ ਉਡਦੇ ਦੋਸ਼ ਰਹੇ।
ਰਾਹ ਦਿਸੇਰੇ ਦੀ ਸੌਂਹ ਜਿਸ ਚੁੱਕੀ "ਜਗੈਤ"
ਦੁੱਖ ਦੱਸਣ ਲਈ ਨਾ ਜਾਣ ਦਿੰਦੇ ਪਾਸ ਓਸ ਰਹੇ।

ਜਸਵੰਤ ਸਿੰਘ ਜਗੈਤ
(ਕੈਲਗਰੀ) 825 431 7703
















# ਮਾਨਯੋਗ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਪੰਜਾਬੀ ਅਖ਼ਬਾਰ ਦੇ ਕੈਲਗਰੀ ਦਫ਼ਤਰ ਪਹੁੰਚਣ 'ਤੇ ਹੋਈ ਖ਼ਾਸ ਗੱਲਬਾਤ




ਕੈਲਗਰੀ ਸਟੂਡੀਓ ਵਿੱਚ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਅਤੇ ਮਾਨਯੋਗ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਸਾਹਿਬ ਟਰੂਡੋ।

ਮਾਣਯੋਗ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਾਹਿਬ ਪੰਜਾਬੀ ਅਖ਼ਬਾਰ ਦਫਤਰ ਵਿੱਚ ਅੱਜ ਵਿਸ਼ੇਸ਼ ਤੌਰ 'ਤੇ ਆਉਣ ਲਈ ਅਸੀਂ ਤੁਹਾਨੂੰ ਜੀ ਆਇਆਂ ਨੂੰ ਆਖਦੇ ਹਾਂ। ਕੈਨੇਡਾ ਵਾਸੀਆਂ ਦੇ,ਖਾਸ ਕਰ ਪੰਜਾਬੀ ਅਖ਼ਬਾਰ ਦੇ ਪਾਠਕਾਂ ਦੇ ਕੁੱਝ ਸਵਾਲ ਹਨ,ਜਿਹਨਾਂ ਬਾਰੇ ਅੱਜ ਅਸੀਂ ਤੁਹਾਡੇ ਕੋਲੋਂ ਮੌਜੂਦਾ ਕੈਨੇਡੀਅਨ ਸਰਕਾਰ ਦਾ ਮੁਖੀ ਹੋਣ ਦੇ ਨਾਤੇ ਜਵਾਬ ਲੈਣਾ ਚਾਹੁੰਦੇ ਹਾਂ। ਸਰ ਆਪਾਂ ਸਵਾਲ ਜਵਾਬ ਦਾ ਸਿਲਸਿਲਾ ਸੁਰੂ ਕਰੀਏ?

ਜਸਟਿਨ ਟਰੂਡੋ: ਜਰੂਰ, ਪੰਜਾਬੀ ਅਖ਼ਬਾਰ ਦੇ ਪਾਠਕਾਂ ਦੇ ਜੋ ਵੀ ਸਵਾਲ ਹਨ ਉਹਨਾਂ ਦਾ ਜਵਾਬ ਜਰੂਰ ਮਿਲੇਗਾ।

ਹਰਬੰਸ ਬੁੱਟਰ : ਟਰੂਡੋ ਸਾਹਿਬ ਪਹਿਲਾ ਸਵਾਲ ਇਹ ਹੈ ਕਿ ਗਰੋਸਰੀ ਦੀਆਂ ਵਧੀਆਂ ਹੋਈਆਂ ਕੀਮਤਾਂ ਕਾਰਨ ਲੋਕ ਕਾਫੀ ਚਿੰਤਤ ਹਨ ਕਿਉਂਕਿ ਉਨਾਂ ਦੀਆਂ ਪਹਿਲਾਂ ਤੋਂ ਕੀਤੀਆਂ ਹੋਈਆਂ ਬੱਚਤਾਂ ਵੀ ਖਤਮ ਹੋ ਰਹੀਆਂ ਹਨ ਅਤੇ ਕਰਜ਼ਾ ਵੱਧਦਾ ਜਾ ਰਿਹਾ ਹੈ। ਤੁਸੀਂ ਆਮ ਲੋਕਾਂ ਉੱਪਰ ਪਏ ਇਸ ਬੋਝ ਨੂੰ ਖਤਮ ਕਰਨ ਲਈ ਕੀ ਕਰ ਰਹੇ ਹੋ ?

ਜਸਟਿਨ ਟਰੂਡੋ : ਅਫੋਡੇਬਿਲਿਟੀ ਇਸ ਵਕਤ ਇੱਕ ਵੱਡੀ ਸਮੱਸਿਆ ਬਣੀ ਹੋਈ ਹੈ ਤੇ ਸਾਡੀ ਕੋਸ਼ਿਸ਼ ਹੈ ਕਿ ਅਸੀਂ ਲੋਕਾਂ ਨੂੰ ਰਾਹਤ ਦੇਣ ਵਾਸਤੇ ਵੱਧ ਤੋਂ ਵੱਧ ਕੰਮ ਕਰੀਏ ਅਤੇ ਇਸ ਵਾਸਤੇ ਅਸੀਂ ਨਿਵੇਸ਼ ਕਰ ਰਹੇ ਹਾਂ ਤਾਂ ਕਿ ਲੋਕਾਂ ਦੇ ਰੋਜ਼ਾਨਾ ਬਜਟ ਦੇ ਬੋਝ ਨੂੰ ਘੱਟ ਕੀਤਾ ਜਾ ਸਕੇ । ਇਸ ਦੇ ਨਾਲ ਹੀ ਅਸੀਂ ਘਰਾਂ ਦੇ ਕਿਰਾਏ ਦੇ ਬੋਝ ਨੂੰ ਘੱਟ ਕਰਨ ਵਾਸਤੇ ਹਾਊਸਿੰਗ ਐਕਸੀਲੇਟਰ ਫੰਡ ਰੱਖਿਆ ਹੈ ਜੋ ਕਿ 230 ਮਿਲੀਅਨ ਡਾਲਰ ਦੇ ਕਰੀਬ ਹੈ। ਜਿਸ ਨਾਲ ਅਫੋਰਡੇਬਲ ਘਰਾਂ ਦੀ ਉਸਾਰੀ ਹੋ ਸਕੇ ਅਤੇ ਅਫੋਰਡੇਬਲ ਰੈਂਟਲ ਅਪਾਰਟਮੈਂਟਸ ਮਿਲ ਸਕਣ। ਇਸ ਤੋਂ ਇਲਾਵਾ ਗਰੋਸਰੀ ਦੀਆਂ ਕੀਮਤਾਂ ਨੂੰ ਸਥਿਰ ਰੱਖਣ ਵਾਸਤੇ ਅਸੀਂ ਗਰੋਸਰੀ ਸਟੋਰਾਂ ਵਾਲੀਆਂ ਕੰਪਨੀਆਂ ਚ ਮੁਕਾਬਲੇ ਨੂੰ ਪਹਿਲ ਦੇ ਰਹੇ ਹਾਂ ਇਸ ਦੇ ਨਾਲ-ਨਾਲ ਲੋਕਾਂ ਨੂੰ ਗਰੋਸਰੀ ਬੈਨੀਫਿਟ ਵੀ ਦਿੱਤੇ ਜਾ ਰਹੇ ਹਨ। ਚਾਇਲਡ ਕੇਅਰ ਬੈਨੀਫਿਟ ਰਾਹੀਂ ਬੱਚਿਆਂ ਪਰਿਵਾਰ ਸਾਲ ਦਾ 10 ਹਜਾਰ ਡਾਲਰ ਤੱਕ ਬਚਾਅ ਸਕਦੇ ਹਨ। ਬਜ਼ੁਰਗ ਜੋ ਕਿ ਆਪਣੇ ਦੰਦਾਂ ਦਾ ਇਲਾਜ ਕਰਾਉਣ ਤੋਂ ਅਸਮਰੱਥ ਹਨ ਉਹਨਾਂ ਵਾਸਤੇ ਡੈਂਟਲ ਕੇਅਰ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ ਤੇ ਹੁਣ ਤੱਕ 1.3 ਮਿਲੀਅਨ ਬਜ਼ੁਰਗਾਂ ਵੱਲੋਂ ਇਸ ਪ੍ਰੋਗਰਾਮ ਵਾਸਤੇ ਰਜਿਸਟਰੇਸ਼ਨ ਕਰਵਾਈ ਜਾ ਚੁੱਕੀ ਹੈ ਇਹਨਾਂ ਸਭ ਕਦਮਾਂ ਦੇ ਨਾਲ ਆਮ ਲੋਕਾਂ ਉੱਪਰੋਂ ਅਫੋਡੇਬਿਲਿਟੀ ਦੇ ਬੋਝ ਨੂੰ ਘੱਟ ਕੀਤਾ ਜਾ ਰਿਹਾ ਹੈ। ਫਾਰਮਾ ਕੇਅਰ ਪ੍ਰੋਗਰਾਮ ਰਾਹੀਂ ਵੀ ਲੋਕਾਂ ਨੂੰ ਖਾਸ ਕਰਕੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ ਜਿਨ੍ਹਾਂ ਵਿੱਚ ਸ਼ੂਗਰ ਦੀ ਬਿਮਾਰੀ ਬਹੁਤ ਜਿਆਦਾ ਹੈ। ਇਹ ਇਸ ਕਾਰਨ ਸ਼ੂਗਰ ਦੀ ਬਿਮਾਰੀ ਦੀ ਦਵਾਈ ਮੁਫਤ ਦਿੱਤੀ ਜਾਵੇਗੀ ਤਾਂ ਕਿ ਉਸ ਪੈਸੇ ਨੂੰ ਲੋਕ ਆਪਣੀਆਂ ਹੋਰਨਾਂ ਜਰੂਰਤਾਂ ਉੱਪਰ ਖਰਚ ਕਰ ਸਕਣ ਅਤੇ ਆਪਣੇ ਆਪ ਨੂੰ ਤੰਦਰੁਸਤ ਵੀ ਰੱਖ ਸਕਣ।

ਹਰਬੰਸ ਬੁੱਟਰ : ਪਹਿਲੀ ਅਪ੍ਰੈਲ ਤੋਂ ਕਾਰਬਨ ਟੈਕਸ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਤੁਸੀਂ ਦੱਸੋ ਕਿ ਜਦੋਂ ਤੋਂ ਇਹ ਟੈਕਸ ਲਾਗੂ ਕੀਤਾ ਗਿਆ ਹੈ ਇਸ ਦਾ ਕੀ ਫਾਇਦਾ ਹੋਇਆ ਹੈ

ਜਸਟਿਨ ਟਰੂਡੋ : ਜਦੋਂ ਤੋਂ ਕਾਰਬਨ ਟੈਕਸ ਲਾਗੂ ਕੀਤਾ ਗਿਆ ਹੈ ਉਦੋਂ ਤੋਂ ਅਮਿਸ਼ਨ ਜਾਂ ਗੈਸਾਂ ਦੇ ਰਿਸਾਅ ਵਿੱਚ ਵੱਡੀ ਕਮੀ ਆਈ ਹੈ ਸਵੱਛ ਬਿਜਨਸ ਵਿੱਚ ਇਨੋਵੇਸ਼ਨ ਅਤੇ ਨਿਵੇਸ਼ ਵਧਿਆ ਹੈ ਸਭ ਤੋਂ ਵੱਡੀ ਗੱਲ ਹਰੇਕ ਦਸਾਂ ਵਿੱਚੋਂ 8 ਪਰਿਵਾਰ ਵੱਡੇ ਵੱਡੇ ਚੈੱਕ ਪ੍ਰਾਪਤ ਕਰ ਰਹੇ ਹਨ ਜੋ ਕਿ ਉਹ ਕਾਰਬਨ ਟੈਕਸ ਦੇ ਰੂਪ ਵਿੱਚ ਅਦਾ ਕਰਦੇ ਹਨ ਜੇਕਰ ਅਲਬਰਟਾ ਸੂਬੇ ਦੀ ਹੀ ਗੱਲ ਕੀਤੀ ਜਾਵੇ ਤਾਂ ਚਾਰ ਮੈਂਬਰਾਂ ਵਾਲੇ ਪਰਿਵਾਰ ਪੂਰੇ ਸਾਲ ਦੇ ਵਿੱਚ 1800 ਡਾਲਰ ਦੇ ਕੁੱਲ ਚਾਰ ਚੈੱਕ ਪ੍ਰਾਪਤ ਕਰ ਰਹੇ ਹਨ ਇਸ ਲਈ ਜਦੋਂ ਕਾਰਬਨ ਟੈਕਸ ਵਧੇਗਾ ਤਾਂ ਇਹ ਚੈੱਕ ਵੀ ਵੱਡੇ ਹੁੰਦੇ ਜਾਣਗੇ ਇਸ ਨਾਲ ਅਸੀਂ ਵਾਤਾਵਰਨ ਤਬਦੀਲੀ ਨਾਲ ਵੀ ਨਜਿੱਠ ਸਕਾਂਗੇ, ਆਪਣੇ ਅਰਥਚਾਰੇ ਨੂੰ ਮਜਬੂਤ ਕਰ ਸਕਾਂਗੇ ਅਤੇ ਕਾਰਬਨ ਟੈਕਸ ਰਾਹੀਂ ਪ੍ਰਾਪਤ ਕੀਤਾ ਪੈਸਾ ਵਾਪਸ ਲੋਕਾਂ ਦੀ ਜੇਬ ਵਿੱਚ ਪਾ ਸਕਾਂਗੇ

ਹਰਬੰਸ ਬੁੱਟਰ : ਕੀ ਅਸੀਂ ਆਉਣ ਵਾਲੇ ਫੈਡਰਲ ਬਜਟ ਵਿੱਚ ਆਮ ਲੋਕਾਂ ਵਾਸਤੇ ਕੁਝ ਰਾਹਤ ਦੀ ਉਮੀਦ ਕਰ ਸਕਦੇ ਹਾਂ ?

ਜਸਟਿਨ ਟਰੂਡੋ: ਸਾਡਾ ਬਜਟ ਪੂਰੀ ਤਰ੍ਹਾਂ ਲੋਕਾਂ ਦੇ ਉੱਪਰ ਅਧਾਰਿਤ ਹੈ ਇਸ ਬਜਟ ਵਿੱਚ ਖਿਆਲ ਰੱਖਿਆ ਜਾ ਰਿਹਾ ਹੈ ਕਿ ਨੌਜਵਾਨ ਪਰਿਵਾਰ ਆਪਣਾ ਘਰ ਅਫੋਰਡ ਕਰ ਸਕਦੇ। ਨੌਜਵਾਨਾਂ ਨੂੰ ਚੰਗੀਆਂ ਨੌਕਰੀਆਂ ਮਿਲਣ ਅਤੇ ਉਹਨਾਂ ਦਾ ਭਵਿੱਖ ਸੁਰੱਖਿਤ ਹੋਵੇ। ਬਜਟ ਇੱਕ ਬਹਿਸ ਦਾ ਵਿਸ਼ਾ ਹੋ ਸਕਦਾ ਹੈ ਪਰ ਸਾਡਾ ਵਿਸ਼ਵਾਸ ਭਾਈਚਾਰਿਆਂ ਵਿੱਚ ਨਿਵੇਸ਼ ਕਰਨ ਵਿੱਚ ਹੈ , ਸਾਡਾ ਵਿਸ਼ਵਾਸ ਹਾਊਸਿੰਗ ਵਿੱਚ ਨਿਵੇਸ਼ ਕਰਨ ਵਿੱਚ ਹੈ। ਅਸੀਂ ਬਜ਼ੁਰਗਾਂਦੇ ਦੰਦਾਂ ਦੀ ਸੰਭਾਲ ਵਿੱਚ ਨਿਵੇਸ਼ ਕਰਨ ਵਿੱਚ ਵਿਸ਼ਵਾਸ ਕਰਦੇ ਹਾਂ ਪਰ ਦੂਜੇ ਪਾਸੇ ਕੰਜਰਵਟਿਵ ਪਾਰਟੀ ਡੈਂਟਲ ਕੇਅਰ ਦੇ ਖਿਲਾਫ ਹੈ ਉਹ ਇਹ ਵਿਸ਼ਵਾਸ ਨਹੀਂ ਕਰਦੇ ਕਿ ਅਸੀਂ ਮਿਊਨਸੀਪਲਟੀਆਂ ਨੂੰ ਹਾਊਸਿੰਗ ਦੇ ਨਿਰਮਾਣ ਵਾਸਤੇ ਪੈਸਾ ਦਈਏ ਅਤੇ ਉਹ ਲੋਕਾਂ ਵਿੱਚ ਕੀਤੇ ਜਾ ਰਹੇ ਨਿਵੇਸ਼ ਵਿੱਚ ਕਟੌਤੀ ਕਰਨਾ ਚਾਹੁੰਦੇ ਹਨ ਪਰ ਸਾਡਾ ਵਿਸ਼ਵਾਸ ਹੈ ਕਿ ਲੋਕਾਂ ਵਿੱਚ ਨਿਵੇਸ਼ ਕਰਨ ਨਾਲ ਹੀ ਦੇਸ਼ ਦੇ ਭਵਿੱਖ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਹਰਬੰਸ ਬੁੱਟਰ : ਮੌਜੂਦਾ ਸਮੇਂ ਵਿੱਚ ਚੰਗੀ ਆਮਦਨ ਵਾਲੇ ਪਰਿਵਾਰਾਂ ਵਾਸਤੇ ਵੀ ਘਰ ਖਰੀਦਣਾ ਔਖਾ ਹੋ ਚੁੱਕਾ ਹੈ। ਨੌਜਵਾਨ ਮਹਿਸੂਸ ਕਰ ਰਹੇ ਹਨ ਕਿ ਉਹ ਕਦੇ ਵੀ ਘਰ ਨਹੀਂ ਖਰੀਦ ਸਕਣਗੇ । ਇਸ ਸਮੱਸਿਆ ਦੇ ਹੱਲ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?




ਜਸਟਿਨ ਟਰੂਡੋ: ਕੈਨੇਡਾ ਇਸ ਤੋਂ ਪਹਿਲਾਂ ਵੀ ਹਾਊਸਿੰਗ ਦੀ ਸਮੱਸਿਆ ਨਾਲ ਜੂਝ ਚੁੱਕਾ ਹੈ ਅਤੇ ਅਸੀਂ ਉਸ ਨੂੰ ਹੱਲ ਕਰ ਚੁੱਕੇ ਹਾਂ ਤੇ ਅਸੀਂ ਇਸ ਸਮੱਸਿਆ ਨੂੰ ਹੁਣ ਵੀ ਹੱਲ ਕਰ ਸਕਦੇ ਹਾਂ। ਸਾਨੂੰ ਪਤਾ ਹੈ ਕਿ ਇਹ ਕਿਸ ਤਰ੍ਹਾਂ ਕਰਨਾ ਹੈ। ਅਸੀਂ ਮਿਊਨਸੀਪੈਲਿਟੀਆਂ ਨਾਲ ਮਿਲ ਕੇ ਇਸ ਪਾਸੇ ਨਿਵੇਸ਼ ਕਰ ਰਹੇ ਹਾਂ। ਜੇਕਰ ਕੈਲਗਰੀ ਦੀ ਮੇਅਰ ਜੋਤੀ ਗੋਂਡੇਕ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਵੱਲੋਂ ਫੈਡਰਲ ਸਰਕਾਰ ਦੀ ਸੈਂਕੜੇ ਮਿਲੀਅਨ ਡਾਲਰ ਦੀ ਮੱਦਦ ਨਾਲ ਹਾਊਸਿੰਗ ਦੀ ਸਮੱਸਿਆ ਨੂੰ ਹੱਲ ਕਰਨ ਲਈ ਜੀਅ ਤੋੜ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਦੂਜੇ ਪਾਸੇ ਕੰਜ਼ਰਵਟਿਵ ਪਾਰਟੀ ਅਤੇ ਉਹਨਾਂ ਦੇ ਦੋਸਤ ਨਹੀਂ ਚਾਹੁੰਦੇ ਕਿ ਅਸੀਂ ਲੋਕਾਂ ਦੇ ਵਿੱਚ ਨਿਵੇਸ਼ ਕਰੀਏ।

ਹਰਬੰਸ ਬੁੱਟਰ : ਤੁਹਾਡੀ ਸਰਕਾਰ ਦਾ ਟੀਚਾ ਹੈ ਕਿ ਹਰ ਸਾਲ 5 ਲੱਖ ਇਮੀਗਰੈਂਟਸ ਨੂੰ ਕੈਨੇਡਾ ਲੈ ਕੇ ਆਉਣਾ ਹੈ, ਪਰ ਕੀ ਅਸਲ ਵਿੱਚ ਕੈਨੇਡਾ ਜ਼ਮੀਨੀ ਪੱਧਰ 'ਤੇ ਇਸ ਸਭ ਲਈ ਤਿਆਰ ਹੈ ?

ਜਸਟਿਨ ਟਰੂਡੋ: ਜੀ ਹਾਂ ਅਸੀਂ ਇਸ ਲਈ ਪੂਰੀ ਤਰ੍ਹਾਂ ਤਿਆਰ ਹਾਂ ਹਰ ਸਾਲ 5 ਹਜ਼ਾਰ ਪਰਮਾਨੈਂਟ ਰੈਜੀਡੈਂਟਸ ਨੂੰ ਕੈਨੇਡਾ ਵਿੱਚ ਲੈ ਕੇ ਆਉਣਾ ਕੈਨੇਡਾ ਦੇ ਵਿਕਾਸ ਅਤੇ ਕੈਨੇਡਾ ਦੀ ਆਰਥਿਕਤਾ ਵਾਸਤੇ ਬੇਹਦ ਜਿਆਦਾ ਜ਼ਰੂਰੀ ਹੈ ਪਰ ਇਮੀਗਰੇਸ਼ਨ ਵਿੱਚ ਸਭ ਤੋਂ ਵੱਡੀ ਜੋ ਚੁਣੌਤੀ ਇਸ ਵਕਤ ਅਸੀਂ ਦੇਖ ਰਹੇ ਹਾਂ ਉਹ ਅਸਥਾਈ ਜਾਂ ਕੱਚੇ ਲੋਕਾਂ ਦੀ ਹੈ।

ਜਿੰਨਾਂ 'ਚ ਰਿਫਿਊਜੀ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਕੱਚੇ ਕਾਮੇ ਸ਼ਾਮਿਲ ਹਨ। ਅਸੀਂ ਇਸ ਨਿਸ਼ਚਿਤ ਕਰਨਾ ਚਾਹੁੰਦੇ ਹਾਂ ਭਾਵੇਂ ਲੋਕ ਇੱਥੇ ਪੜ੍ਹਨ ਲਈ ਆਉਣ ਚਾਹੇ ਕੰਮ ਵਾਸਤੇ ਆਉਣ ਪਰ ਉਹਨਾਂ ਨੂੰ ਹਰੇਕ ਤਰ੍ਹਾਂ ਦੀ ਮਦਦ ਮਿਲੇ ਚਾਹੇ ਉਹ ਹੈਲਥ ਕੇਅਰ ਦੀ ਹੋਵੇ ਚਾਹੇ ਹਾਊਸਿੰਗ ਦੀ ਹੋਵੇ ਇਸ ਲਈ ਪਜ ਲੱਖ ਪਰਮਾਨੈਂਟ ਰੈਜੀਡੈਂਟਸ ਦੇ ਕੈਨੇਡਾ ਆਉਣ ਦੇ ਬਾਵਜੂਦ ਪਿਛਲੇ ਸਾਲਾਂ ਵਿੱਚ 20 ਲੱਖ ਦੇ ਕਰੀਬ ਟੈਂਪਰੇਰੀ ਰੈਜੀਡੈਂਟਸ ਕੈਨੇਡਾ ਵਿੱਚ ਆਏ ਹਨ ਅਸੀਂ ਉਸ ਗਿਣਤੀ ਨੂੰ ਘੱਟ ਕਰਨਾ ਚਾਹੁੰਦੇ ਹਾਂ ਤਾਂ ਕਿ ਸਾਡੇ ਇਮੀਗਰੇਸ਼ਨ ਸਿਸਟਮ ਦੇ ਵਿੱਚ ਵਿਸ਼ਵਾਸ ਬਣਿਆ ਰਹੇ ਅਤੇ ਦੇਸ਼ ਵਿਕਾਸ ਕਰਦਾ ਰਹੇ

ਹਰਬੰਸ ਬੁੱਟਰ : ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨੌਕਰੀਆਂ ਅਤੇ ਹਾਊਸਿੰਗ ਵਾਸਤੇ ਜਦੋ ਜਹਿਦ ਕਰਨੀ ਪੈ ਰਹੀ ਹੈ ਨਾ ਤੇ ਉਹਨਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ ਨਾ ਹੀ ਰਹਿਣ ਲਈ ਥਾਂ ਮਿਲ ਰਹੀ ਹੈ ਉਹ ਬੇਹਦ ਜ਼ਿਆਦਾ ਸੰਘਰਸ਼ ਕਰ ਰਹੇ ਹਨ ਇਸ ਸਮੱਸਿਆ ਨੂੰ ਹੱਲ ਕਰਨ ਵਾਸਤੇ ਤੁਹਾਡੀ ਸਰਕਾਰ ਕੀ ਕਰ ਰਹੀ ਹੈ ?

ਜਸਟਿਨ ਟਰੂਡੋ: ਪਿਛਲੇ ਸਾਲਾਂ ਦੇ ਦੌਰਾਨ ਇਹ ਸਮੱਸਿਆ ਇਸ ਕਾਰਨ ਆਈ ਕਿ ਵੱਖ ਵੱਖ ਸੂਬਿਆਂ ਵਿੱਚ ਵਿੱਦਿਅਕ ਸੰਸਥਾਵਾਂ ਵੱਲੋਂ ਮੌਜੂਦਾ ਢਾਂਚੇ ਅਤੇ ਸਿਸਟਮ ਨਾਲੋਂ ਕਿਤੇ ਜਿਆਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖ਼ਲਾ ਦੇ ਦਿੱਤਾ ਗਿਆ। ਫੈਡਰਲ ਸਰਕਾਰ ਵੱਲੋਂ ਸੂਬਾ ਸਰਕਾਰਾਂ ਨੂੰ ਕਿਹਾ ਗਿਆ ਸੀ ਕਿ ਇਸ ਵਰਤਾਰੇ ਦੀ ਰਫਤਾਰ ਘੱਟ ਕਰਨ ਦੀ ਲੋੜ ਹੈ ਪਰ ਸੂਬਾ ਸਰਕਾਰਾਂ ਨੇ ਅਜਿਹਾ ਨਹੀਂ ਕੀਤਾ ਜਿਸ ਕਾਰਨ ਹੁਣ ਫੈਡਰਲ ਸਰਕਾਰ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਨੂੰ ਸੀਮਤ ਕਰਨਾ ਪਿਆ ਹੈ। ਅਸੀਂ ਸੂਬਿਆਂ ਨੂੰ ਆਖਿਆ ਹੈ ਕਿ ਤੁਹਾਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਬਿਹਤਰ ਦੇਖਭਾਲ ਕਰਨ ਦੀ ਜਰੂਰਤ ਹੈ ਕਿਉਂਕਿ ਕਈ ਵਿਦਿਆਰਥੀ ਗੈਰ ਮਿਆਰੀ ਵਿਦਿਅਕ ਸੰਸਥਾਵਾਂ ਵਿੱਚ ਆ ਚੁੱਕੇ ਹਨ ਅਤੇ ਉਨ੍ਹਾਂ ਦਾ ਨਾਜਾਇਜ਼ ਫਾਇਦਾ ਚੁੱਕਿਆ ਜਾ ਰਿਹਾ ਹੈ ਅਤੇ ਬਾਕੀ ਵਿਦਿਆਰਥੀਆਂ ਨੂੰ ਹਾਊਸਿੰਗ ਆਦਿ ਵਿੱਚ ਮੱਦਦ ਨਹੀਂ ਮਿਲ ਰਹੀ ਹੈ ਇਸ ਲਈ ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰ ਰਹੇ ਹੈ ਤਾਂਕਿ ਉਹ ਅੰਤਰਰਾਸ਼ਟਰੀ ਵਿਦਿਆਰਥੀ ਜੋ ਇਥੇ ਪੜਨ ਲਈ ਆਏ ਹਨ ਤੇ ਆਪਣੇ ਭਵਿੱਖ ਨੂੰ ਸੁਰੱਖਿਤ ਕਰਨਾ ਚਾਹੁੰਦੇ ਹਨ ਉਹਨਾਂ ਦੀ ਮੱਦਦ ਕੀਤੀ ਜਾ ਸਕੇ ਅਤੇ ਕੋਈ ਵੀ ਉਹਨਾਂ ਦਾ ਨਾਜਾਇਜ਼ ਫਾਇਦਾ ਨਾ ਚੁੱਕ ਸਕੇ ਇਸ ਲਈ ਅਸੀਂ ਕਿਹਾ ਹੈ ਕਿ ਬਸ ਹੁਣ ਬਹੁਤ ਹੋ ਚੁੱਕਾ ਹੈ।

ਹਰਬੰਸ ਬੁੱਟਰ : ਕੈਨੇਡਾ ਤੋਂ ਰਿਵਰਸ ਮਾਈਗ੍ਰੇਸ਼ਨ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ ਇਸ ਮੁੱਦੇ ਤੇ ਤੁਹਾਡਾ ਕੀ ਕਹਿਣਾ ਹੈ ?

ਜਸਟਿਨ ਟਰੂਡੋ: ਲੋਕ ਹਮੇਸ਼ਾ ਹੀ ਇਹ ਕਰਦੇ ਰਹਿਣਗੇ ਕਿ ਉਹਨਾਂ ਨੇ ਕਿੱਥੇ ਜਾਣਾ ਹੈ । ਲੋਕ ਕੈਨੇਡਾ ਆਉਂਦੇ ਰਹਿਣਗੇ ਅਤੇ ਉਹ ਇਹ ਫੈਸਲੇ ਵੀ ਕਰਦੇ ਰਹਿਣਗੇ ਕਿ ਉਹਨਾਂ ਨੇ ਕਿਸੇ ਹੋਰ ਦੇਸ਼ ਵਿੱਚ ਜਾ ਕੇ ਕੰਮ ਕਰਨਾ ਹੈ ਜਾਂ ਰਹਿਣਾ ਹੈ ਪਰ ਸਾਡਾ ਬਤੌਰ ਦੇਸ਼ ਸਾਡੀ ਇਹ ਜਿੰਮੇਵਾਰੀ ਹੈ ਕਿ ਜੋ ਲੋਕ ਕੈਨੇਡਾ ਵਿੱਚ ਆਉਣ ਉਹ ਜ਼ਿੰਦਗੀ ਵਿੱਚ ਕਾਮਯਾਬ ਹੋਣ ਅਤੇ ਦੇਸ਼ ਵਿੱਚ ਭਾਈਚਾਰੇ ਅਤੇ ਸਦਭਾਵਨਾ ਦਾ ਮਾਹੌਲ ਸਿਰਜਣ। ਇਸੇ ਲਈ ਅਸੀਂ ਹੈਲਥ ਕੇਅਰ ਅਤੇ ਹਾਊਸਿੰਗ ਵਿੱਚ ਨਿਵੇਸ਼ ਕਰ ਰਹੇ ਹਾਂ ਕਿਉਂਕਿ ਕੈਨੇਡਾ ਇਮੀਗਰੇਸ਼ਨ ਕਾਰਨ ਹੀ ਇੱਕ ਸਫਲ ਦੇਸ਼ ਹੈ। ਲੋਕ ਕਈ ਪੀੜੀਆਂ ਤੋਂ ਇਸ ਦੇਸ਼ ਵਿੱਚ ਆ ਰਹੇ ਹਨ ਅਤੇ ਰਹਿ ਰਹੇ ਹਨ ਇਸ ਕਾਰਨ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਦੀ ਕਾਮਯਾਬੀ ਵਾਸਤੇ ਉਨ੍ਹਾਂ ਵਿੱਚ ਨਿਵੇਸ਼ ਕਰੀਏ , ਇਹੀ ਸਭ ਤੋਂ ਵਧੀਆ ਤਰੀਕਾ ਹੈ।

ਹਰਬੰਸ ਬੁੱਟਰ : ਐਨਡੀਪੀ ਨਾਲ ਹੋਏ ਸਪਲਾਈ ਐਂਡ ਕਾਨਫੀਡੈਂਸ ਐਗਰੀਮੈਂਟ ਦਾ ਕਿੰਨਾ ਦਬਾਅ ਮਹਿਸੂਸ ਕਰਦੇ ਹੋ ਕਿਉਂਕਿ ਐਨਡੀਪੀ ਵੱਲੋਂ ਫਾਰਮਾਕੇਅਰ ਦੇ ਮੁੱਦੇ 'ਤੇ ਪਿਛਲੇ ਦਿਨੀ ਸਰਕਾਰ ਤੋਂ ਸਮਰਥਨ ਵਾਪਸ ਲੈਣ ਦੀ ਧਮਕੀ ਦਿੱਤੀ ਜਾ ਚੁੱਕੀ ਹੈ ?

ਜਸਟਿਨ ਟਰੂਡੋ: ਸਾਡਾ ਵਿਸ਼ਵਾਸ ਹੈ ਕਿ ਕੈਨੇਡਾ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਦੂਜੀਆਂ ਪਾਰਟੀਆਂ ਨਾਲ ਮਿਲ ਕੇ ਕੰਮ ਕੀਤਾ ਜਾਵੇ ਜਿਸ ਤਰ੍ਹਾਂ ਅਸੀਂ ਮਿਲ ਕੇ ਬਜ਼ੁਰਗਾਂ ਦੀ ਡੈਂਟਲ ਕੇਅਰ ਵਾਸਤੇ ਕੰਮ ਕਰ ਰਹੇ ਹਾਂ ਜਿਸ ਕਾਰਨ ਲੱਖਾਂ ਬਜ਼ੁਰਗ ਮੁਫਤ ਡੈਂਟਲ ਕੇਅਰ ਵਾਸਤੇ ਰਜਿਸਟਰ ਕਰ ਚੁੱਕੇ ਹਨ ਇਹ ਇੱਕ ਵੱਡੀ ਪ੍ਰਾਪਤੀ ਹੈ ਜੋ ਅਸੀਂ ਮਿਲ ਕੇ ਕੀਤੀ ਹੈ ਪਰ ਦੂਜੇ ਪਾਸੇ ਕੰਜਰਵਟਿਵ ਪਾਰਲੀਮੈਂਟ ਮੈਂਬਰ ਅਤੇ ਉਨ੍ਹਾਂ ਦੇ ਆਗੂ ਪੀਅਰੇ ਪੋਲੀਵਰ ਵੱਲੋਂ ਬਜ਼ੁਰਗਾਂ ਲਈ ਮੁਫ਼ਤ ਡੈਂਟਲ ਕੇਅਰ ਦਾ ਵਿਰੋਧ ਕੀਤਾ ਜਾ ਰਿਹਾ ਹੈ ਇਸ ਲਈ ਅਸੀਂ ਦੂਜੀਆਂ ਪਾਰਟੀਆਂ ਨਾਲ ਮਿਲ ਕੇ ਇਸ ਪ੍ਰੋਗਰਾਮ ਨੂੰ ਅੱਗੇ ਵਧਾ ਰਹੇ ਹਾਂ ਜੋ ਕਿ ਦੇਸ਼ ਵਾਸਤੇ ਬੇਹਦ ਜਰੂਰੀ ਹੈ ਇਸ ਲਈ ਅਸੀਂ ਦੂਜੀਆਂ ਪਾਰਟੀਆਂ ਨਾਲ ਮਿਲ ਕੇ ਕੰਮ ਕਰਦੇ ਰਹਾਂਗੇ।

ਹਰਬੰਸ ਬੁੱਟਰ : ਇੱਕ ਪਾਸੇ ਜਦੋਂ ਬਹੁਤ ਸਾਰੇ ਮੁੱਦਿਆਂ ਤੇ ਦੂਜੇ ਸੂਬਿਆਂ ਦੀਆਂ ਕੰਜਰਵਟਿਵ ਸਰਕਾਰਾਂ ਫੈਡਰਲ ਸਰਕਾਰ ਨਾਲ ਬਹੁਤ ਸਾਰੇ ਮੁੱਦਿਆਂ 'ਤੇ ਮਿਲ ਕੇ ਚਲਦੀਆਂ ਹਨ ਤਾਂ ਅਲਬਰਟਾ ਦੀ ਸਰਕਾਰ ਵਾਰ-ਵਾਰ ਉਨ੍ਹਾਂ ਮੁੱਦਿਆਂ ਤੇ ਫੈਡਰਲ ਸਰਕਾਰ ਦਾ ਵਿਰੋਧ ਕਿਉਂ ਕਰਦੀ ਹੈ , ਇਸ ਅਸਹਿਮਤੀ ਦਾ ਕਾਰਨ ਕੀ ਹੈ ?

ਜਸਟਿਨ ਟਰੂਡੋ: ਪ੍ਰੀਮੀਅਰ ਡੈਨੀਅਲ ਸਮਿਥ ਨਾਲ ਮੇਰੀ ਬੜੀ ਹੀ ਸਾਰਥਕ ਮੀਟਿੰਗ ਹੋਈ ਹੈ ਡੈਨੀਅਲ ਸਮਿੱਥ ਆਪਣੀ ਫੈਡਰਲ ਕੰਜਰਵਟਿਵ ਪਾਰਟੀ ਦੇ ਸਾਥੀਆਂ ਦੇ ਉਲਟ ਚਾਈਲਡ ਕੇਅਰ ਦੇ ਮੁੱਦੇ ਤੇ ਬੜਾ ਹੀ ਸਾਰਥਕ ਰੱਵਈਆ ਅਖ਼ਤਿਆਰ ਕਰ ਰਹੀ ਹੈ , ਇਸ ਤੋਂ ਇਲਾਵਾ ਅਸੀਂ ਮਿਲ ਕੇ ਗੈਸਾਂ ਦੇ ਰਿਸਾਅ ਨੂੰ ਜ਼ੀਰੋ ਤੱਕ ਲੈ ਕੇ ਆਉਣ ਲਈ ਕੰਮ ਕਰ ਰਹੇ ਹਾਂ ਭਾਵੇਂ ਕਿ ਇਸ ਮੁੱਦੇ ' ਤੇ ਅਸੀਂ ਇੱਕ ਦੂਜੇ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ ਪਰ ਅਸੀਂ ਇਸ ਬਾਰੇ ਗੱਲਬਾਤ ਜਾਰੀ ਰੱਖ ਸਕਦੇ ਹਾਂ ਜੋ ਕਿ ਸਾਰਿਆਂ ਵਾਸਤੇ ਹਰੇਕ ਸਥਿਤੀ ਅਨੁਸਾਰ ਅਨੁਕੂਲ ਹੋਵੇ। ਸਮੱਸਿਆਵਾਂ ਉਦੋਂ ਹੀ ਪੈਦਾ ਹੁੰਦੀਆਂ ਹਨ ਜਦੋਂ ਅਸੀਂ ਗੱਲ ਨਹੀਂ ਕਰਦੇ ਇਸ ਕਰਕੇ ਮੈਂ ਕਈ ਸਾਲਾਂ ਤੋਂ ਲਗਾਤਾਰ ਇਸ ਕੋਸ਼ਿਸ਼ ਵਿੱਚ ਹਾਂ ਕਿ ਹਰੇਕ ਨਾਲ ਗੱਲਬਾਤ ਰਾਹੀਂ ਸਮੱਸਿਆ ਨੂੰ ਹੱਲ ਕੀਤਾ ਜਾਵੇ ਅਤੇ ਅਲਬਰਟਾ ਸੂਬੇ ਵਾਸਤੇ ਵੀ ਅਸੀਂ ਅਜਿਹਾ ਹੀ ਕਰ ਰਹੇ ਹਾਂ।

ਆਖੀਰ ਵਿੱਚ ਅੱਜ ਦੀ ਇਸ ਗੱਲਬਾਤ ਦੇ ਆਖਿਰੀ ਸਮੇਂ ਮਾਣਯੋਗ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਾਹਿਬ ਆਪਣੇ ਕੀਮਤੀ ਸਮੇਂ ਵਿੱਚੋਂ ਪੰਜਾਬੀ ਅਖ਼ਬਾਰ ਦੇ ਦਫਤਰ ਆਉਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ। ਅਸੀਂ ਤੁਹਾਡੇ ਇਹ ਕੀਮਤੀ ਵਿਚਾਰ ਪੰਜਾਬੀ ਅਖ਼ਬਾਰ ਦੇ ਪਾਠਕਾਂ ਤੱਕ ਇਸ ਪੰਨੇ ਰਾਹੀ ਪਹੁੰਚਾ ਰਹੇ ਹਾਂ। ਧੰਨਵਾਦ।

# ਪਹਿਲਾ ਭਾਰਤੀ ਸਿੱਖ ਜੰਗੀ ਪਾਇਲਟ ਹਰਦਿੱਤ ਸਿੰਘ ਮਲਿਕ



ਬਲਵਿੰਦਰ ਸਿੰਘ ਭੁੱਲਰ

ਸਾਹਸੀ ਉਹ ਹੈ, ਜੋ ਕਦੇ ਨਿਰਾਸ਼ ਨਹੀਂ ਹੁੰਦਾ ਅਤੇ ਹੌਸਲਾ ਨਹੀਂ ਛੱਡਦਾ। ਜੇਕਰ ਇਸ ਸੰਸਾਰ ਵਿੱਚ ਕੁੱਝ ਕਰਕੇ ਵਿਖਾਉਣਾ ਹੈ ਤਾਂ ਇਹ ਨਹੀਂ ਕਿ ਅਸੀਂ ਠੰਢ ਤੋਂ ਡਰਦੇ ਰਹੀਏ ਤੇ ਕਿਨਾਰੇ ਬੈਠੇ ਪਾਣੀ ਵੇਖ ਵੇਖ ਕੰਬਦੇ ਰਹੀਏ। ਬਲਕਿ ਚਾਹੀਦਾ ਹੈ ਕਿ ਛਾਲ ਮਾਰ ਕੇ ਪਾਣੀ ਦੇ ਅੰਦਰ ਜਾਈਏ ਤੇ ਹੌਂਸਲੇ ਨਾਲ ਪਾਰ ਲੰਘਣ ਦਾ ਯਤਨ ਕਰੀਏ। ਉਤਸ਼ਾਹ ਬਾਝੋਂ ਵੱਡੀ ਪ੍ਰਾਪਤੀ ਨਹੀਂ ਹੋ ਸਕਦੀ, ਪਰ ਅਜਿਹੀ ਸਥਿਤੀ ਹਰ ਇਨਸਾਨ ਦੇ ਹਿੱਸੇ ਨਹੀਂ ਆਉਂਦੀ। ਜਿਸਦੇ ਹਿੱਸੇ ਆ ਜਾਂਦੀ ਹੈ ਉਹ ਇੱਕ ਮਹਾਨ ਵਿਅਕਤੀ ਬਣ ਕੇ ਦੂਜਿਆਂ ਅੱਗੇ ਮਿਸਾਲ ਬਣ ਜਾਂਦਾ ਹੈ। ਅਜਿਹਾ ਇੱਕ ਸਾਹਸੀ, ਉੱਦਮੀ, ਦਲੇਰ, ਮਿਹਨਤੀ ਪੰਜਾਬੀ ਵਿਅਕਤੀ ਸੀ ਹਰਦਿੱਤ ਸਿੰਘ ਮਲਿਕ। ਉਸਨੇ ਪਹਿਲਾ ਭਾਰਤੀ ਸਿੱਖ ਜੰਗੀ ਪਾਇਲਟ ਬਣ ਕੇ ਮਿਸਾਲ ਕਾਇਮ ਕੀਤੀ।

ਆਜ਼ਾਦੀ ਤੋਂ ਪਹਿਲਾਂ ਪੁਰਾਣੇ ਸਾਂਝੇ ਪੰਜਾਬ 'ਚ ਹੁਣ ਦੀ ਪਾਕਿਸਤਾਨੀ ਧਰਤੀ ਤੇ ਜਨਮ ਲੈਣ ਵਾਲਾ ਹਰਦਿੱਤ ਸਿੰਘ ਮਲਿਕ ਪਹਿਲਾ ਭਾਰਤੀ ਸਿੱਖ ਨੌਜਵਾਨ ਸੀ, ਜਿਸਨੇ ਜੰਗੀ ਪਾਇਲਟ ਬਣ ਕੇ ਅਸਮਾਨ 'ਚ ਲੜਾਈਆਂ ਲੜੀਆਂ ਤੇ ਆਪਣੀ ਬਹਾਦਰੀ ਦਾ ਲੋਹਾ ਮਨਵਾਇਆ। ਇਸ ਉਪਰੰਤ ਦੇਸ਼ ਵਿਦੇਸ਼ ਵਿੱਚ ਉੱਚ ਅਹੁਦਿਆਂ ਤੇ ਕੰਮ ਕਰਨ ਤੋਂ ਇਲਾਵਾ ਪਟਿਆਲਾ ਰਾਜ 'ਚ ਦੀਵਾਨ ਵਜੋਂ ਵੀ ਸੇਵਾ ਨਿਭਾਈ ਅਤੇ ਆਜ਼ਾਦੀ ਸਦਕਾ ਆਪਣੇ ਜੱਦੀ ਪਿੰਡ ਤੋਂ ਸਦਾ ਲਈ ਵਿਛੜ ਜਾਣ ਕਾਰਨ ਭਾਰਤ ਦੀ ਰਾਜਧਾਨੀ ਵਿਖੇ ਆਪਣਾ ਆਖ਼ਰੀ ਸਾਹ ਲਿਆ।



ਹਰਦਿੱਤ ਸਿੰਘ ਮਲਿਕ ਦਾ ਜਨਮ ਸਾਂਝੇ ਪੰਜਾਬ ਦੇ ਪਿੰਡ ਰਾਵਲਪਿੰਡੀ ਵਿਖੇ ਸਰਦੇ ਪੁਜਦੇ ਜੱਟ ਸਿੱਖ ਪਰਿਵਾਰ ਵਿੱਚ ਪਿਤਾ ਮੋਹਨ ਸਿੰਘ ਦੇ ਘਰ ਮਾਤਾ ਲਾਜਵੰਤੀ ਦੀ ਕੁੱਖੋਂ 23 ਨਵੰਬਰ 1892 ਨੂੰ ਹੋਇਆ। 14 ਕੁ ਸਾਲ ਦੀ ਉਮਰ ਵਿੱਚ ਉਹ ਮੁੱਢਲੀ ਪੜ੍ਹਾਈ ਲਈ ਇੰਗਲੈਂਡ ਚਲਾ ਗਿਆ ਅਤੇ ਇੰਗਲਿਸ਼ ਪਬਲਿਕ ਸਕੂਲ ਵਿੱਚ ਦਾਖਲਾ ਲੈ ਲਿਆ। ਸਕੂਲੀ ਪੜ੍ਹਾਈ ਉਪਰੰਤ ਉਸਨੇ ਈਸਟਬਾਰਨ ਕਾਲਜ ਅਤੇ ਬੈਲੀਅਲ ਕਾਲਜ ਤੋਂ ਉੱਚ ਵਿੱਦਿਆ ਹਾਸਲ ਕੀਤੀ। ਪੜ੍ਹਾਈ ਦੇ ਨਾਲ ਨਾਲ ਖੇਡਾਂ ਪ੍ਰਤੀ ਵੀ ਰੁਚੀ ਰਖਦਾ ਹੋਣ ਕਰਕੇ ਉਹ ਪੜ੍ਹਾਈ ਦੌਰਾਨ ਹੀ ਕ੍ਰਿਕਟ ਅਤੇ ਗੌਲਫ ਦਾ ਵੀ ਚੰਗਾ ਖਿਡਾਰੀ ਬਣ ਗਿਆ ਸੀ।

1914 ਵਿੱਚ ਜਦ ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਹਰਦਿੱਤ ਸਿੰਘ ਮਲਿਕ ਉਸ ਸਮੇਂ ਪੜ੍ਹ ਰਿਹਾ ਸੀ। ਉਸਦੇ ਹੋਰ ਕਈ ਸਾਥੀ ਬ੍ਰਿਟਿਸ਼ ਸਰਕਾਰ ਦੀਆਂ ਲੜਾਕੂ ਕਾਰਵਾਈਆਂ ਲਈ ਵਾਲੰਟੀਅਰ ਭਰਤੀ ਹੋ ਗਏ ਸਨ। ਦੇਸ਼ ਅੰਗਰੇਜ਼ਾਂ ਦੇ ਅਧੀਨ ਸੀ, ਉਸ ਸਮੇਂ ਫੌਜ ਵਿੱਚ ਭਰਤੀ ਹੋਣਾ ਅੰਗਰੇਜ਼ਾਂ ਦੀ ਅਧੀਨਗੀ ਮੰਨਣ ਵਾਲੀ ਗੱਲ ਨਹੀਂ ਮੰਨੀ ਜਾਂਦੀ ਸੀ, ਸਗੋਂ ਦੇਸ਼ ਦੀ ਫੌਜ ਵਿੱਚ ਸੇਵਾ ਕਰਨੀ ਇੱਕ ਫ਼ਰਜ਼ ਸਮਝਿਆ ਜਾਂਦਾ ਸੀ। ਮਲਿਕ ਵੀ ਫੌਜ ਵਿੱਚ ਭਰਤੀ ਹੋਣ ਦਾ ਇੱਛਕ ਸੀ, ਪਰ ਨਸਲੀ ਵਿਤਕਰੇ ਕਾਰਨ ਉਸਨੂੰ ਫੌਜ ਦੀ ਬਜਾਏ ਭਾਰਤੀ ਮਿਲਟਰੀ ਹਸਪਤਾਲ ਵਿੱਚ ਨੌਕਰੀ ਦੇ ਦਿੱਤੀ। ਫੌਜ ਵਿੱਚ ਭਰਤੀ ਨਾ ਕੀਤੇ ਜਾਣ ਸਦਕਾ ਉਹ ਕਾਫ਼ੀ ਨਿਰਾਸ਼ ਹੋ ਗਿਆ ਅਤੇ 1916 'ਚ ਫਰਾਂਸ ਚਲਾ ਗਿਆ। ਉੱਥੇ ਉਸਦੀ ਕਾਬਲੀਅਤ ਦੀ ਪਰਖ ਕਰਨ ਵਾਸਤੇ ਉਸਨੂੰ ਐਂਬੂਲੈਂਸ ਲਈ ਡਰਾਈਵਰ ਭਰਤੀ ਕਰ ਲਿਆ। ਇੱਥੇ ਉਸਦੀ ਪਰਖ ਕਰਨ ਵਾਲੇ ਅਧਿਕਾਰੀਆਂ ਨੇ ਰਿਪੋਰਟ ਜਾਰੀ ਕਰ ਦਿੱਤੀ ਕਿ ਉਹ ਏਅਰ ਫੋਰਸ ਵਿੱਚ ਨੌਕਰੀ ਕਰਨ ਦੇ ਕਾਬਲ ਹੈ। ਇਹ ਪਤਾ ਲੱਗਣ ਤੇ ਮਲਿਕ ਨੇ ਆਪਣੇ ਇੱਕ ਕਾਲਜ ਅਧਿਆਪਕ ਨੂੰ ਸੂਚਨਾ ਦਿੰਦਿਆਂ ਖੁਸ਼ੀ ਪ੍ਰਗਟ ਕੀਤੀ। ਉਹ ਅਧਿਆਪਕ ਇਹ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ। ਉਸਦੇ ਮਨ ਵਿੱਚ ਗੁੱਸਾ ਵੀ ਆਇਆ ਕਿ ਇੱਕ ਕਾਬਲ ਨੌਜਵਾਨ ਨੂੰ ਵਿਤਕਰੇ ਕਾਰਨ ਬਣਦਾ ਹੱਕ ਨਹੀਂ ਮਿਲਿਆ, ਜਿਸ ਸਦਕਾ ਉਸਨੂੰ ਦੂਜੇ ਦੇਸ਼ ਵਿੱਚ ਜਾਣਾ ਪਿਆ। ਉਸ ਅਧਿਆਪਕ ਗੁੱਸੇ ਵਿੱਚ ਹੀ ਬ੍ਰਿਟਿਸ਼ ਰਾਇਲ ਫਲਾਂਇੰਗ ਕੋਰ ਦੇ ਮੁਖੀ ਨੂੰ ਪੱਤਰ ਲਿਖਿਆ ਕਿ ਇੱਕ ਬ੍ਰਿਟਿਸ਼ ਰਾਜ ਦਾ ਕਾਬਲ ਨੌਜਵਾਨ ਫਰਾਂਸ ਵਿੱਚ ਨੌਕਰੀ ਕਰੇ ਇਹ ਚੰਗੀ ਗੱਲ ਨਹੀਂ ਹੈ, ਇਸ ਨਾਲ ਪੰਜਾਬੀਆਂ ਦੇ ਮਨਾਂ ਨੂੰ ਠੇਸ ਪਹੁੰਚੀ ਹੈ। ਇਸ ਪੱਤਰ ਤੇ ਵਿਚਾਰ ਕਰਨ ਉਪਰੰਤ ਹਰਦਿੱਤ ਸਿੰਘ ਨੂੰ 1917 'ਚ ਰਾਇਲ ਫਲਾਂਇੰਗ ਕੋਰ ਵਿੱਚ ਕਮਿਸਨ ਦੇ ਕੇ ਫਲਾਂਇੰਗ ਅਫ਼ਸਰ ਨਿਯੁਕਤ ਕਰ ਦਿੱਤਾ ਗਿਆ ਅਤੇ ਫਿਰ ਉਹ ਪਹਿਲਾ ਭਾਰਤੀ ਜੰਗੀ ਹਵਾਈ ਸੈਨਿਕ ਬਣਨ ਦੀ ਤਿਆਰੀ ਕਰਨ ਲੱਗਾ। ਇਸ ਨਿਯੁਕਤੀ ਨੇ ਹੀ ਜਹਾਜੀ ਸਰਵਿਸ ਲਈ ਭਾਰਤੀਆਂ ਵਾਸਤੇ ਰਾਹ ਪੱਧਰਾ ਕੀਤਾ। 1918 ਵਿੱਚ ਉਸਦੀ ਲੈਫਟੀਨੈਂਟ ਵਜੋਂ ਤਰੱਕੀ ਹੋ ਗਈ।





ਮਲਿਕ ਦੀ ਕਾਬਲੀਅਤ, ਦਲੇਰੀ ਤੇ ਦ੍ਰਿੜ ਇਰਾਦੇ ਸਦਕਾ ਉਸ ਦੀ ਜਲਦੀ ਹੀ ਜੰਗੀ ਜਹਾਜੀ ਲੜਾਕੂਆਂ ਵਿੱਚ ਗਿਣਤੀ ਹੋਣ ਲੱਗੀ। ਉਸਨੇ ਸੰਸਾਰ ਜੰਗ ਵਿੱਚ ਹਿੱਸਾ ਲੈਂਦਿਆਂ ਜਰਮਨ ਦੇ 6 ਲੜਾਕੂ ਜਹਾਜਾਂ ਨੂੰ ਤਬਾਹ ਕੀਤਾ। ਬਹਾਦਰੀ ਦੇ ਜੌਹਰ ਦਿਖਾਉਂਦਿਆਂ ਉਹ ਕਈ ਵਾਰ ਖ਼ੁਦ ਵੀ ਫੱਟੜ ਹੋਇਆ, ਪਰ ਇਲਾਜ ਉਪਰੰਤ ਉਹ ਮੁੜ ਪੂਰੀ ਦਲੇਰੀ ਨਾਲ ਜੰਗ ਦੇ ਮੈਦਾਨ ਵਿੱਚ ਪਹੁੰਚ ਜਾਂਦਾ। ਇਹ ਇੱਕ ਅਜਿਹਾ ਬਹਾਦਰ ਸਿੱਖ ਲੜਾਕੂ ਪਾਇਲਟ ਸੀ, ਜਿਸਨੇ ਸਾਰੀ ਲੜਾਈ ਵਿੱਚ ਭਾਗ ਲਿਆ। ਹਰਦਿੱਤ ਸਿੰਘ ਮਲਿਕ ਦੀ ਇਹ ਵੀ ਇੱਕ ਵਿਸੇਸ਼ਤਾ ਸੀ ਕਿ ਫੌਜ ਦੀ ਨੌਕਰੀ ਕਰਦਿਆਂ ਅਤੇ ਜੰਗ ਵਿੱਚ ਜੂਝਦਿਆਂ ਵੀ ਉਸਨੇ ਕਦੇ ਆਪਣੇ ਸਿਰ ਤੋਂ ਦਸਤਾਰ ਨਹੀਂ ਸੀ ਉਤਾਰੀ। ਜੇਕਰ ਉਸਨੂੰ ਹੈਲਮਟ ਪਹਿਣਨਾ ਜਰੂਰੀ ਹੋਇਆ ਤਾਂ ਪਗੜੀ ਉਪਰ ਦੀ ਵਿਸੇਸ਼ ਤਿਆਰ ਕੀਤਾ ਹੈਲਮਟ ਹੀ ਵਰਤਿਆ।

ਸੰਸਾਰ ਜੰਗ ਖਤਮ ਹੋਣ ਤੇ 1919 ਵਿੱਚ ਉਹ ਆਪਣੇ ਵਤਨ ਪਰਤ ਆਇਆ ਅਤੇ ਉਸਦਾ ਲਹੌਰ ਦੇ ਇੱਕ ਉਘੇ ਵਕੀਲ ਦੀ ਪੁੱਤਰੀ ਪ੍ਰਕਾਸ਼ ਕੌਰ ਨਾਲ ਵਿਆਹ ਹੋ ਗਿਆ। ਇਸ ਉਪਰੰਤ ਉਸਨੇ ਇੰਡੀਅਨ ਸਿਵਲ ਸਰਵਿਸ਼ਜ ਵਿੱਚ ਭਰਤੀ ਹੋਣ ਦਾ ਫੈਸਲਾ ਕਰ ਲਿਆ ਅਤੇ ਇੰਗਲੈਂਡ ਚਲਾ ਗਿਆ। ਸੰਨ 1921 ਵਿੱਚ ਇਸ ਭਰਤੀ ਲਈ ਇਮਤਿਹਾਨ ਪਾਸ ਕਰਕੇ ਜਨਵਰੀ 1922 ਵਿੱਚ ਜਿਲ੍ਹਾ ਸੇਖੂਪੁਰਾ (ਅੱਜ ਦੇ ਪਾਕਿਸਤਾਨ) ਵਿਖੇ ਅਸਿਸ਼ਟੈਂਟ ਕਮਿਸਨਰ ਨਿਯੁਕਤ ਹੋ ਗਿਆ ਅਤੇ 1927 ਵਿੱਚ ਡਿਪਟੀ ਕਮਿਸਨਰ ਬਣ ਗਿਆ। 1930 ਵਿੱਚ ਉਸ ਸਮੇਂ ਦੀ ਸਰਕਾਰ ਵੱਲੋਂ ਸ੍ਰੀ ਮਲਿਕ ਦੀ ਲੰਡਨ ਲਈ ਵਪਾਰ ਕਮਿਸਨਰ ਵਜੋਂ ਨਿਯੁਕਤੀ ਕਰ ਦਿੱਤੀ ਗਈ। ਇਸਤੋਂ ਬਾਅਦ 1934 ਵਿੱਚ ਉਸਨੂੰ ਭਾਰਤ ਸਰਕਾਰ ਦਾ ਜੁਆਇੰਟ ਸਕੱਤਰ ਨਿਯੁਕਤ ਕਰ ਦਿੱਤਾ ਗਿਆ। ਇਸ ਉਪਰੰਤ 1938 ਵਿੱਚ ਉਸਦੀ ਨਿਯੁਕਤੀ ਅਮਰੀਕਾ ਵਿਖੇ ਬਤੌਰ ਯੂਨਾਇਟਿਡ ਸਟੇਟਸ ਆਫ਼ ਕੈਨੇਡਾ ਕੀਤੀ ਗਈ।

ਉਸ ਸਮੇਂ ਭਾਰਤ ਵਿੱਚ ਰਾਜਿਆਂ ਦਾ ਰਾਜ ਭਾਗ ਸੀ, ਸ੍ਰੀ ਮਲਿਕ ਦੀ ਕਾਬਲੀਅਤ ਤੇ ਉੱਚੀ ਸੁੱਚੀ ਸੋਚ ਤੇ ਸਿਆਣਪ ਨੂੰ ਦੇਖਦਿਆਂ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੇ ਉਸਨੂੰ ਆਪਣੇ ਅਧੀਨ ਪਟਿਆਲਾ ਰਾਜ ਦਾ ਦੀਵਾਨ ਨਿਯੁਕਤ ਕਰ ਲਿਆ। 1947 'ਚ ਦੇਸ਼ ਆਜ਼ਾਦ ਹੋਣ ਉਪਰੰਤ ਜਦ ਰਾਜਿਆਂ ਦੇ ਰਾਜ ਭਾਗ ਖੁੱਸ ਗਏ, ਤਾਂ ਸ੍ਰੀ ਮਲਿਕ ਨੇ ਇੰਡੀਅਨ ਫੌਰਨ ਸਰਵਿਸ ਜੁਆਇਨ ਕਰ ਲਈ। ਸਾਲ 1949 ਵਿੱਚ ਭਾਰਤ ਸਰਕਾਰ ਵੱਲੋਂ ਉਸਨੂੰ ਕੈਨੇਡਾ ਦਾ ਇੰਡੀਅਨ ਹਾਈ ਕਮਿਸਨਰ ਨਿਯੁਕਤ ਕਰ ਦਿੱਤਾ ਗਿਆ। 1956 ਵਿੱਚ ਸ੍ਰੀ ਮਲਿਕ ਇਸ ਉੱਚ ਅਹੁਦੇ ਤੋਂ ਸੇਵਾਮੁਕਤ ਹੋ ਗਿਆ। ਉਸ ਸਮੇਂ ਤੱਕ ਉਸਦਾ ਜੱਦੀ ਪੁਸਤੀ ਪਿੰਡ ਰਾਵਲਪਿੰਡੀ ਨਵੇਂ ਬਣੇ ਦੇਸ਼ ਪਾਕਿਸਤਾਨ ਵਿੱਚ ਚਲਾ ਗਿਆ ਸੀ, ਇਸ ਕਰਕੇ ਉਸਨੇ ਆਪਣੀ ਰਿਹਾਇਸ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਹੀ ਕਰ ਲਈ। ਉੱਥੇ ਆਪਣੀ ਜਿੰਦਗੀ ਦਾ ਨੌ ਦਹਾਕਿਆਂ ਤੋਂ ਲੰਬਾ ਸਮਾਂ ਪਾਰ ਕਰਦਿਆਂ ਆਪਣੇ ਪੁੱਤਰ ਹਰਮਾਲਾ ਮਲਿਕ, ਦੋ ਧੀਆਂ ਹਰਸਿਮਰਨ ਤੇ ਵੀਨਾ ਨੂੰ ਛੱਡ ਕੇ ਆਪਣੇ ਵਤਨ ਵਾਸੀਆਂ ਨੂੰ ਵੀ 31 ਅਕਤੂਬਰ 1985 ਨੂੰ ਸਦਾ ਲਈ ਅਲਵਿਦਾ ਕਹਿ ਗਿਆ।

ਮੋਬਾ: 098882 75913

# ਗੱਲ ਬਣੀ ਜਿਹੀ ਨਹੀਂ



ਬਲਰਾਜ ਸਿੰਘ ਸਿੱਧੂ
ਏਆਈਜੀ (ਰਿਟਾ)
ਮੋ. 9501100062

ਸੰਨ 2000 ਵਿੱਚ ਮੈਂ ਪੁਲਿਸ ਜਿਲ੍ਹਾ ਖੰਨਾ ਦੀ ਸਬ ਡਵੀਜ਼ਨ ਪਾਇਲ ਵਿਖੇ ਬਤੌਰ ਡੀ.ਐਸ.ਪੀ. ਤਾਇਨਾਤ ਸੀ। ਪਾਇਲ ਲੁਧਿਆਣੇ ਦੇ ਨਜ਼ਦੀਕ ਹੈ ਤੇ ਇਥੇ ਕਈ ਵੱਡੀਆਂ ਕੰਪਨੀਆਂ ਦੀਆਂ ਫੈਕਟਰੀਆਂ ਹਨ ਜਿਸ ਕਾਰਨ ਇੱਕਾ ਦੁੱਕਾ ਲੁੱਟ ਖੋਹ ਦੀਆਂ ਵਾਰਦਾਤਾਂ ਹੁੰਦੀਅ ਰਹਿੰਦੀਆਂ ਸਨ। ਉਸ ਸਮੇਂ ਤੱਕ ਸੀ.ਸੀ. ਟੀਵੀ, ਮੋਬਾਇਲ ਲੋਕੇਸ਼ਨਾਂ ਅਤੇ ਮੁਜ਼ਰਿਮਾਂ ਨੂੰ ਲੱਭਣ ਵਾਲੀਆਂ ਹੋਰ ਸੂਖਮ ਤਕਨੀਕਾਂ ਦਾ ਜਿਆਦਾ ਵਿਕਾਸ ਨਹੀਂ ਸੀ ਹੋਇਆ ਤੇ ਸਾਰੀਆਂ ਵਾਰਦਾਤਾਂ ਤਫਤੀਸ਼ੀ ਅਫਸਰਾਂ ਦੀ ਕਾਬਲੀਅਤ ਅਤੇ ਮੁਖਬਰਾਂ ਦੇ ਸਿਰ 'ਤੇ ਹੱਲ ਕੀਤੀਆਂ ਜਾਂਦੀਆਂ ਸਨ। ਜਨਵਰੀ ਮਹੀਨੇ ਦੀ ਗੱਲ ਹੈ, ਮੈਂ ਆਪਣੇ ਦਫਤਰ ਹਾਜ਼ਰ ਸੀ ਕਿ ਚੌਂਕੀ ਇੰਚਾਰਜ ਦੋਰਾਹਾ ਦਾ ਫੋਨ ਆਇਆ ਕਿ ਖੋਹ ਦੀ ਵਾਰਦਾਤ ਹੋ ਗਈ ਹੈ। ਦੋ ਸਕੂਟਰ ਸਵਾਰ ਲੁਟੇਰੇ ਇੱਕ ਟਰੱਕ ਡਰਾਈਵਰ ਤੋਂ 9 ਲੱਖ ਰੁਪਏ ਖੋਹ ਕੇ ਫਰਾਰ ਹੋ ਗਏ ਹਨ। ਉਸ ਸਮੇਂ 9 ਲੱਖ ਬਹੁਤ ਵੱਡੀ ਰਕਮ ਮੰਨੀ ਜਾਂਦੀ ਸੀ ਤੇ ਪਿੰਡਾਂ ਵਿੱਚ ਇੱਕ ਏਕੜ ਵਾਹੀਯੋਗ ਜ਼ਮੀਨ ਦੀ ਕੀਮਤ ਲੱਖ ਡੇਢ ਲੱਖ ਤੋਂ ਵੱਧ ਨਹੀਂ ਸੀ। ਵੈਸੇ ਵੀ ਚਿੱਟੇ ਦਿਨ ਭਾਰੀ ਟਰੈਫਿਕ ਵਾਲੇ ਜੀ.ਟੀ. ਰੋਡ (ਨੈਸ਼ਨਲ ਹਾਈਵੇਅ ਨੰਬਰ ਵੰਨ) 'ਤੇ ਖੋਹ ਕਰਨੀ ਕਿਸੇ ਆਮ ਬਦਮਾਸ਼ ਦੇ ਵੱਸ ਦੀ ਗੱਲ ਨਹੀਂ ਹੁੰਦੀ। ਅਜਿਹੀ ਵਾਰਦਾਤ ਦੀ ਪੁੱਛ ਗਿੱਛ ਡੀ.ਜੀ.ਪੀ. ਲੈਵਲ ਤੱਕ ਹੁੰਦੀ ਹੈ।

ਮੈਂ ਐਸ.ਐਸ.ਪੀ. ਅਤੇ ਹੋਰ ਸੀਨੀਅਰ ਅਫਸਰਾਂ ਨੂੰ ਸੂਚਨਾ ਦੇ ਕੇ ਦਲ ਬਲ ਸਮੇਤ ਮਿੰਟੋ ਮਿੰਟੀ ਮੌਕਾ ਏ ਵਾਰਦਾਤ 'ਤੇ ਪਹੁੰਚ ਗਿਆ। ਨੰਬਰ ਪਲੇਟ 'ਤੇ ਚਿੱਕੜ ਮਲਿਆ ਹੋਣ ਕਾਰਨ ਸਕੂਟਰ ਦਾ ਨੰਬਰ ਤਮਾਸ਼ਬੀਨਾਂ ਕੋਲੋਂ ਨੋਟ ਨਹੀਂ ਸੀ ਕੀਤਾ ਜਾ ਸਕਿਆ। ਫਿਰ ਵੀ ਸਾਡੇ ਪਹੁੰਚਣ ਤੋਂ ਪਹਿਲਾਂ ਚੌਂਕੀ ਇੰਚਾਰਜ ਨੇ ਆਸ ਪਾਸ ਦੇ ਥਾਣਿਆਂ ਤੇ ਜਿਲ੍ਹਿਆਂ ਨੂੰ ਸਕੂਟਰ ਸਵਾਰਾਂ ਦੇ ਹੁਲੀਏ ਤੇ ਸਕੂਟਰ ਦੇ ਰੰਗ ਬਾਰੇ ਵਾਇਰਲੈੱਸ ਕਰਵਾ ਦਿੱਤੀ ਸੀ। ਮੇਰੀ ਕਿਸਮਤ ਚੰਗੀ ਸੀ ਕਿ ਐਸ.ਐਸ.ਪੀ. ਜ਼ਿਲੇ ਤੋਂ ਬਾਹਰ ਸੀ। ਉਹ ਸਿਰੇ ਦਾ ਵਹਿਮੀ ਆਦਮੀ ਸੀ ਤੇ ਜੇ ਕਿਤੇ ਮੌਕੇ 'ਤੇ ਆ ਜਾਂਦਾ ਤਾਂ ਕੇਸ ਹੱਲ ਹੀ ਨਹੀਂ ਸੀ ਹੋਣਾ ਕਿਉਂਕਿ ਉਸ ਨੇ ਗਾਈਡ ਕਰਨ ਦੀ ਬਜਾਏ ਦਬਕੇ ਮਾਰੀ ਜਾਣੇ ਸਨ ਕਿ ਡਾਕਾ ਪਿਆ ਹੀ ਕਿਉਂ ਹੈ? ਖੈਰ ਚਲੋ ਜਦੋਂ ਮੈਂ ਵਾਰਦਾਤ ਵਾਲੀ ਥਾਂ 'ਤੇ ਪਹੁੰਚਿਆ ਤਾਂ ਟਰੱਕ ਨਹਿਰ ਪੁਲ ਦੀ ਖੰਨਾ ਸਾਈਡ 'ਤੇ ਜੀ.ਟੀ. ਰੋਡ ਤੋਂ ਥੋੜ੍ਹਾ ਹਟਵਾਂ ਕੱਚੀ ਸੜਕ 'ਤੇ ਖੜਾ ਸੀ। ਡਰਾਈਵਰ ਦੀ ਸੱਜੀ ਬਾਂਹ 'ਤੇ ਦੋ ਤਿੰਨ ਜ਼ਖਮ ਸਨ ਜੋ ਕਿਸੇ ਤੇਜ਼ਧਾਰ ਹਥਿਆਰ ਨਾਲ ਲੱਗੇ ਜਾਪਦੇ ਸਨ ਤੇ ਕਲੀਨਰ ਬਿਲਕੁਲ ਠੀਕ ਠਾਕ ਸੀ।

ਜਿਸ ਜਗ੍ਹਾ 'ਤੇ ਖੋਹ ਹੋਈ ਸੀ, ਉਸ ਦੇ ਬਿਲਕੁਲ ਸਾਹਮਣੇ ਇੱਕ ਮੈਰਿਜ ਪੈਲੇਸ ਸੀ। ਅਸੀਂ ਡਰਾਈਵਰ ਤੇ ਕਲੀਨਰ ਨੂੰ ਉਥੇ ਲੈ ਗਏ ਤਾਂ ਜੋ ਸ਼ਾਂਤੀ ਨਾਲ ਪੁੱਛ ਗਿੱਛ ਕੀਤੀ ਜਾ ਸਕੇ। ਡਰਾਈਵਰ ਤੇ ਕਲੀਨਰ ਦੀ ਕਹਾਣੀ ਲਗਭਗ ਇੱਕੋ ਜਿਹੀ ਹੀ ਸੀ। ਉਹ ਮੰਡੀ ਗੋਬਿੰਦਗੜ੍ਹ ਦੀ ਇੱਕ ਸਟੀਲ ਮਿੱਲ ਤੋਂ ਸਰੀਆ ਲੱਦ ਕੇ ਲੁਧਿਆਣੇ ਵਿਖੇ ਕਿਸੇ ਵਪਾਰੀ ਦੇ ਗੁਦਾਮ ਵਿੱਚ ਲਾਹ ਕੇ ਆਏ ਸਨ ਅਤੇ ਅੱਜ ਦੀ ਤੇ ਪਹਿਲਾਂ ਭੇਜੇ ਮਾਲ ਦੀ ਕੁੱਲ 9 ਲੱਖ ਰੁਪਏ ਪੇਮੈਂਟ ਲੈ ਕੇ ਆ ਰਹੇ ਸਨ। ਉਹ ਟਰੱਕ ਮੰਡੀ ਗੋਬਿੰਦਗੜ੍ਹ ਵਾਲੀ ਫੈਕਟਰੀ ਵਾਲਿਆਂ ਦਾ ਆਪਣਾ ਸੀ। ਫੈਕਟਰੀ ਮਾਲਕ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਡਰਾਈਵਰ ਅਤੇ ਕਲੀਨਰ ਕਈ ਸਾਲਾਂ ਤੋਂ ਉਥੇ ਕੰਮ ਕਰ ਰਹੇ ਸਨ ਤੇ ਭਰੋਸੇਯੋਗ ਹੋਣ ਕਾਰਨ ਪਹਿਲਾਂ ਵੀ ਪੇਮੈਂਟਾਂ ਲੈ ਆਉਂਦੇ ਸਨ। ਡਰਾਈਵਰ ਦੀ ਪੁੱਛ ਗਿੱਛ ਸ਼ੁਰੂ ਕੀਤੀ ਤਾਂ ਉਸ ਨੇ ਦੱਸਿਆ ਕਿ ਜਦੋਂ ਉਹ ਪੁਲ ਤੋਂ ਹੇਠਾਂ ਉੱਤਰ ਰਹੇ ਸਨ ਤਾਂ ਸਕੂਟਰ 'ਤੇ ਸਵਾਰ ਤਿੰਨ ਬਦਮਾਸ਼ਾਂ ਨੇ ਤਲਵਾਰ ਵਿਖਾ ਕੇ ਉਸ ਨੂੰ ਟਰੱਕ ਰੋਕਣ ਲਈ ਕਿਹਾ। ਜਦੋਂ ਉਹ ਨਾ ਰੁਕਿਆ ਤਾਂ ਇੱਕ ਬਦਮਾਸ਼ ਨੇ ਉਸ ਦੀ ਸੱਜੀ ਬਾਂਹ 'ਤੇ ਤਲਵਾਰ ਨਾਲ ਤਿੰਨ ਚਾਰ ਵਾਰ ਕਰ ਦਿੱਤੇ। ਇਸ ਕਾਰਨ ਉਸ ਨੂੰ ਟਰੱਕ ਰੋਕਣਾ ਪਿਆ ਤੇ ਬਦਮਾਸ਼ ਪੈਸੇ ਲੈ ਕੇ ਫਰਾਰ ਹੋ ਗਏ।

ਉਸ ਦੀ ਕਹਾਣੀ ਸੁਣ ਕੇ ਸਾਰੇ ਹੈਰਾਨ ਰਹਿ ਗਏ ਕਿਉਂਕਿ ਪੰਜਾਬ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਹੋਵੇਗਾ ਕਿ ਕਿਸੇ ਸਕੂਟਰ ਸਵਾਰ ਨੇ ਦਿਨ ਦਿਹਾੜੇ ਟਰੱਕ ਰੋਕ ਕੇ ਲੁੱਟ ਕੀਤੀ ਹੋਵੇ। ਮੈਂ ਉਸ ਨੂੰ ਪੁੱਛਿਆ ਕਿ ਤੂੰ ਟਰੱਕ ਰੋਕਿਆ ਕਿਉਂ? ਬਦਮਾਸ਼ ਨੂੰ ਫੇਟ ਮਾਰ ਕੇ ਪਰ੍ਹਾਂ ਸੁੱਟ ਦੇਣਾ ਸੀ। ਟਰੱਕ ਵਾਲੇ ਨੇ ਭੋਲਾ ਭਾਲਾ ਜਿਹਾ ਬਣ ਕੇ ਜਵਾਬ ਦਿੱਤਾ ਕਿ ਮੈਂ ਉਸ ਦੀ ਤਲਵਾਰ ਵੇਖ ਕੇ ਡਰ ਗਿਆ ਸੀ। ਮੈਰਿਜ ਪੈਲੇਸ ਦਾ ਮਾਲਕ ਧਰਮਪਾਲ ਧੰਮਾ (ਕਾਲਪਨਿਕ ਨਾਮ) ਸਾਡਾ ਵਧੀਆ ਵਾਕਿਫ ਸੀ ਤੇ ਕੋਲ ਹੀ ਬੈਠਾ ਸੀ। ਮੈਂ ਉਸ ਨੂੰ ਪੁੱਛਿਆ ਕਿ ਧਰਮਪਾਲ ਤੂੰ ਇਹ ਘਟਨਾ ਵੇਖੀ ਹੈ? ਧਰਮਪਾਲ ਨੇ ਜਵਾਬ ਦਿੱਤਾ ਕਿ ਉਸ ਨੇ ਸਾਰੀ ਘਟਨਾ ਆਪਣੀ ਅੱਖੀਂ ਵੇਖੀ ਹੈ। ਬਿਲਕੁਲ ਉਸੇ ਤਰਾਂ ਹੀ ਹੋਇਆ ਸੀ ਜਿਵੇਂ ਡਰਾਈਵਰ ਨੇ ਬਿਆਨ ਕੀਤਾ ਹੈ। ਉਹ ਮੈਰਿਜ ਪੈਲੇਸ ਵਿੱਚ ਜਿਸ ਜਗ੍ਹਾ 'ਤੇ ਬੈਠਾ ਧੁੱਪ ਸੇਕ ਰਿਹਾ ਸੀ, ਉਥੋਂ ਸੜਕ ਬਿਲਕੁਲ ਸਾਫ ਦਿਖਾਈ ਦਿੰਦੀ ਸੀ। ਇਹ ਸੁਣ ਕੇ ਮੇਰਾ ਤੇ ਐਸ.ਐਚ.ਉ. ਦਾ ਜੋਸ਼ ਠੰਡਾ ਪੈ ਗਿਆ ਕਿਉਂਕਿ ਅਸੀਂ ਸੋਚ ਰਹੇ ਸੀ ਕਿ ਕੋਈ ਖੋਹ ਵਗੈਰਾ ਨਹੀਂ ਹੋਈ, ਬੱਸ ਪੈਸੇ ਹਜ਼ਮ ਕਰਨ ਲਈ ਡਰਾਈਵਰ ਕਲੀਨਰ ਨੇ ਕਹਾਣੀ ਬਣਾਈ ਹੈ। ਇੱਕ ਦੋ ਮਿੰਟ ਸੋਚ ਕੇ ਉਹ ਦੁਬਾਰਾ ਬੋਲਿਆ, ਉਪਰ ਸਰ, ਖੋਹ ਵਾਲੀ ਗੱਲ ਬਣੀ ਜਿਹੀ ਨਹੀਂ।" ਮੈਂ ਖਿਝ ਕੇ ਕਿਹਾ ਜਿਵੇਂ ਖੋਹ ਧਰਮਪਾਲ ਨੇ ਕੀਤੀ ਹੋਵੇ, ਉਇੱਕ ਪਾਸੇ ਤੂੰ ਕਹਿ ਰਿਹਾਂ ਕਿ ਤੇਰੇ ਸਾਹਮਣੇ ਖੋਹ ਹੋਈ ਆ, ਦੂਸਰੇ ਪਾਸੇ ਕਹਿ ਰਿਹਾਂ ਕਿ ਗੱਲ ਬਣੀ ਜਿਹੀ ਨਹੀਂ। ਜਦੋਂ ਖੋਹ ਈ ਹੋਗੀ ਤਾਂ ਗੱਲ ਹੋਰ ਕਿਵੇਂ ਬਣਨੀ ਸੀ, ਤੇਰੇ ਮੁਤਾਬਕ ਦੋ ਚਾਰ ਬੰਦੇ ਵੀ ਮਰਨੇ ਚਾਹੀਦੇ ਸੀ?"

ਉਸਰ ਜੀ, ਬੀ.ਪੀ. ਹਾਈ ਨਾ ਕਰੋ ਤੇ ਠੰਡੇ ਮੱਤੇ ਨਾਲ ਮੇਰੀ ਗੱਲ ਸੁਣੋ। ਇਹ ਡਰਾਈਵਰ ਤਾਂ ਇਸ ਤਰਾਂ ਹੌਲੀ ਹੌਲੀ ਟਰੱਕ ਚਲਾ ਰਿਹਾ ਸੀ ਜਿਵੇਂ ਲੁਟੇਰਿਆਂ ਨੂੰ ਉਡੀਕ ਰਿਹਾ ਹੋਵੇ। ਬਦਮਾਸ਼ਾਂ ਨੇ ਦੋ ਚਾਰ ਵਾਰ ਤਲਵਾਰ ਬਾਰੀ 'ਤੇ ਮਾਰੀ ਤਾਂ ਇਸ ਨੇ ਟਰੱਕ ਰੋਕ ਦਿੱਤਾ। ਮੈਨੂੰ ਤਾਂ ਲੱਗਦਾ ਖੋਹ ਨੂੰ ਸਹੀ ਠਹਿਰਾਉਣ ਵਾਸਤੇ ਇਹ ਮਾੜੀਆਂ ਮੋਟੀਆਂ ਸੱਟਾਂ ਇਹਨਾਂ ਨੇ ਆਪੇ ਈ ਮਰਵਾ ਲਈਆਂ ਨੇ। ਬਾਕੀ ਤੁਸੀਂ ਸਿਆਣੇ ਉ," ਉਸ ਨੇ ਗੇਂਦ ਮੇਰੇ ਪਾਲੇ ਵੱਲ ਰੇੜ੍ਹ ਦਿੱਤੀ। ਉਸ ਦੀ ਗੱਲ ਸੁਣ ਕੇ ਮੇਰਾ ਦਿਮਾਗ ਚੱਲਣਾ ਸ਼ੁਰੂ ਹੋ ਗਿਆ। ਸਾਡੇ ਕਹਿਣ 'ਤੇ ਧਰਮਪਾਲ ਨੇ ਗੁਦਾਮ ਵਾਲਾ ਕਮਰਾ ਖੋਲ੍ਹ ਦਿੱਤਾ। ਸਿਰਫ ਦਸ ਕੁ ਮਿੰਟ ਦੀ ਤਫਤੀਸ਼ ਤੋਂ ਬਾਅਦ ਹੀ ਡਰਾਈਵਰ ਤੋਤੇ ਵਾਂਗ ਬੋਲਣ ਲੱਗ ਪਿਆ ਕਿ ਸਕੂਟਰ 'ਤੇ ਕੋਈ ਬਦਮਾਸ਼ ਨਹੀਂ, ਬਲਕਿ ਮਿੱਲ ਮਾਲਕ ਦਾ ਮੈਨੇਜਰ ਤੇ ਉਸ ਦੇ ਭਰਾ ਸਨ। ਡਰਾਈਵਰ, ਕਲੀਨਰ ਤੇ ਮੈਨੇਜਰ ਨੇ ਮਿਲ ਕੇ ਪੈਸੇ ਹਜ਼ਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਦੋ ਤਿੰਨ ਘੰਟਿਆਂ ਵਿੱਚ ਸਾਰੇ ਪੈਸੇ ਵੀ ਬਰਾਮਦ ਹੋ ਗਏ ਤੇ ਨਵੇਂ ਬਣੇ ਬਦਮਾਸ਼ ਵੀ ਕਾਬੂ ਆ ਗਏ। ਉਹਨਾਂ ਨਾਲ ਉਹ ਹੋਈ ਕਿ ਪਹਿਲੀ ਚੋਰੀ ਤੇ ਮੌਤ ਦੀ ਸਜ਼ਾ।

# ਚੱਲ ਛੱਡ, ਆ ਹੋਰ ਸੁਣਾ ਗਰਾਂਓ ਕੀਆਂ ਬਾਤਾਂ



ਕਾਲਾ ਸਿੰਘ ਸੈਣੀ,
99882-80386



ਚੁਗਲੀਆਂ ਅਤੇ ਨਿੰਦਿਆ ਦਾ ਅਰਥ ਭਾਵੇਂ ਵੱਖੋਂ ਵੱਖਰਾ ਹੈ। ਪਰ ਨਤੀਜਾ ਬਹੁਤ ਭੈੜਾ ਹੈ। ਆਓ, ਆਪਾਂ ਗੱਲ ਕਰਦੇ ਹਾਂ। ਸ਼ਬਦ 'ਚੁਗਲੀਆਂ' ਦੀ। ਹਰ ਕੋਈ ਇਹੋ ਗੱਲ ਕਹਿੰਦਾ ਕਿ ਮੈਂ ਚੁਗਲੀ ਨਹੀਂ ਕਰਦਾ ਪਰ ਹੋ ਜਾਂਦੀ ਹੈ। ਚੁਗਲੀਆਂ ਕਰਨ ਵਾਲੇ ਨੂੰ ਸਮਾਜ ਅੰਦਰ 'ਚੁਗਲਖੋਰ' ਵੱਜੋਂ ਸੰਬੋਧਨ ਕੀਤਾ ਜਾਂਦਾ ਹੈ। ਚੁਗਲੀਆਂ ਕਰਨ ਦਾ ਵੀ ਆਪੋ-ਆਪਣਾ ਢੰਗ (ਅੰਦਾਜ਼) ਹੈ। ਉਨ੍ਹਾਂ ਦਾ ਇਹ ਅੰਦਾਜ਼ ਚੁਗਲੀਆਂ ਕਰਨ ਵਾਲੇ ਵਿਅਕਤੀ ਦੀ ਪਛਾਣ ਬਣ ਜਾਂਦਾ ਹੈ। ਚੁਗਲੀਆਂ ਕਰਨ ਦੀ ਆਦਤ ਹੈ ਬਹੁਤ ਮਾੜੀ। ਇਹ ਆਦਤ ਕਈ ਵਾਰੀ ਵਸਦੇ ਘਰਾਂ ਨੂੰ ਉਜਾੜ ਦਿੰਦੀ ਹੈ। ਬਜੁਰਗਾਂ ਦਾ ਆਖਣਾ ਹੈ ਕਿ ਜਦੋਂ ਦੋ ਔਰਤਾਂ ਇਕਠੀਆਂ ਹੋ ਕੇ ਚੁਗਲੀਆਂ ਕਰਨ ਲੱਗ ਜਾਂਣ ਤਾਂ ਉਹ ਆਪਣੇ ਸਿਰ ਉੱਤੇ ਚੁੱਕੇ ਗੋਹੇ 'ਕੂੜੇ' ਦੇ ਟੋਕਰੇ ਦਾ ਭਾਰ ਵੀ ਭੁੱਲ ਜਾਂਦੀਆਂ ਸਨ। ਅੱਜ ਭਾਵੇਂ ਅਸੀਂ ਆਧੁਨਿਕ ਯੁੱਗ ਅੰਦਰ ਪ੍ਰਵੇਸ਼ ਕਰ ਚੁੱਕੇ ਹਾਂ, ਸਮਾਜ ਅੰਦਰ ਅੱਜ ਵੀ ਸਾਡੀ ਜ਼ਿੰਦਗੀ 'ਚ ਕੁਝ ਲੋਕ ਸਾਨੂੰ ਅਜਿਹੇ ਮਿਲਣਗੇ ਜੋ ਤੁਹਾਡੀਆਂ ਗੱਲ ਨੂੰ ਸਭ ਤੋਂ ਪਹਿਲਾ ਦੂਸਰੇ ਵਿਅਕਤੀ ਕੋਲ ਪਹੁੰਚਾਣ ਦੀ ਜਲਦਬਾਜ਼ੀ ਕਰਦੇ ਹੋਏ ਆਪਣਾ ਵਡੱਪਣ ਸਮਝਦੇ ਹਨ। ਜਿਨ੍ਹਾਂ ਦੀ ਪਛਾਣ ਸਮਾਜ ਅੰਦਰ 'ਚੁਗਲਖੋਰ' ਵੱਜੋਂ ਹੋ ਜਾਂਦੀ ਹੈ। ਚੁਗਲੀਆਂ ਦੀ ਇਹ ਆਦਤ ਕਈ ਵਾਰੀ ਢਿੱਡਾਂ ਦੀ ਪੀੜ੍ਹ ਬਣ ਜਾਂਦੀ ਹੈ। ਜਿਨ੍ਹਾਂ ਨੂੰ ਇੱਕ ਫਿਲਮ ਇੱਕ ਫਿਲਮ ਦੀ ਕਹਾਣੀ 'ਚ ਬਹੁਤ ਹੀ ਸੁੱਚਜੇ ਢੰਗ ਨਾਲ ਪਰੋਇਆ ਹੈ। ਜੋ ਕਿ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ:

**ਕੁੜੇ ਬਚਨੀਏਂ ਘਰੇਈ ਐ, 'ਨੀਂ ਆਜਾ ਲੱਗ ਆ, ਹਮੇਂ ਕੇਹੜਾ ਤੜਕੇ ਤੜਕੇ ਕਨੈਡਾ ਜਾਣ ਲਗ ਰਹੀਆਂ॥ ਆਹ ਲੈ ਤੂੰ ਵੀ ਫੂਕ ਲੈ ਘੁੱਟ ਚਾਹ ਕੀ॥**

**ਨਾ ਭੈਣਾਂ ਹਮੇਂ ਤਾਂ ਚਾਹ ਨਾ ਪੀਵਾਂ, ਕਿਉਂ, ਆਹ ਅੱਗ ਲੱਗਣੀ ਕਿਆ ਕਹਾਂ..ਐਂ..ਐਸਟੀਡੀ ਬਹੁਤ ਬਣੇ॥**

**ਚੱਲ ਛੱਡ, ਆ ਹੋਰ ਸੁਣਾ ਗਰਾਂਓ ਕੀਆਂ ਬਾਤਾਂ, ਗਰਾਂਓ ਕੀਆਂ ਬਾਂਤਾ ਕਿਆ ਬਤਾਓ ਗਰਾਂਓ ਕੀਆਂ ਬਾਤਾਂ, ਪਤਾ ਨੀਂ ਕੱਲ ਦੀ ਬਾਤ ਤੀਂ, ਪਤਾ ਨੀਂ ਪਰਸ਼ੋ ਕੀ॥**

**ਪਰਸੋ ਕੀਓ ਹੋਣੀ ਆ। ਕੱਲ ਤਾਂ ਗਰਾਂਓ ਮਾਂ ਕੋਈ ਬਾਤ ਨਾ ਹੋਈ।**

**ਕੁੜੇ ਪਤਾ ਨੀਂ ਸੀਤੋ ਕਹਾ ਤੀ, ਪਤਾ ਨੀ ਪਰਸ਼ੀਨੀ ਕਹਾ ਤੀ॥**

**ਪਰਸ਼ੀਨੀ ਓ ਕਰਾ ਕਰਾ ਐਸੀਂ ਬਾਤਾਂ, ਸੀਤੋ ਨਾ ਕਰਾ॥**


**ਪਤਾ ਨੀ ਜਾਗਰ ਕੀ ਬਾਤ ਐ, ਪਤਾ ਨੀਂ ਛੱਜੂ ਕੀ॥**

**ਛੱਜੂ ਕੀਓ ਬਾਤ ਹੋਣੀ ਐ, ਆ ਜਾਗਰ ਤਾਂ ਇੱਕ ਰੁਪਇਆ ਲੈ ਕੇ ਬੋਲਾ॥**

ਉਪਰੋਕਤ ਵਿਸ਼ੇ ਦਾ ਕੋਈ ਹੱਲ ਨਹੀਂ ਨਿਕਲੀਆ? ਚੁਗਲੀਆਂ ਬਾਰੇ ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ। 'ਚੁਗਲ ਖੋਰ ਨਾ ਚੁਗਲੀਓਂ ਬਾਜ ਆਉਂਦੇ, ਗੱਲ ਕਹਿੰਦੇ ਕਹਿੰਦੇ ਕਹਿ ਜਾਂਦੇ..। ਚੁਗਲੀਆਂ ਕਰਨ ਦੇ ਕਈ ਢੰਗ ਤਰੀਕੇ ਹਨ। ਜਿਵੇਂ ਕਿ 'ਮੇਰੀ ਗੱਲ ਸੁਣ ਜੇ ਤੂੰ ਭੈਣੇ ਹੱਸੀਂ ਨਾ, ਲੈ ਮੈਂ ਤੈਨੂੰ ਗੱਲ ਦੱਸੀ ਅੱਗੇ ਦੱਸੀ ਨਾ',। ਕਈ ਵਿਅਕਤੀ ਰੱਬ ਦੀ ਸ਼ੌਹ ਖਾ ਕੇ ਗੱਲ ਸ਼ੁਰੂ ਕਰਨਗੇ 'ਰੱਬ ਝੂਠ ਨਾ ਬੁਲਾਵੇ.., ਭੈਣੇ ਏਧਰ ਨੂੰ ਹੋ ਕੇ ਸੁਣ ਲੈ ਕੋਈ ਦੇਖ ਹੀ ਨਾਂ ਲਏ..'।'ਬਾਈ ਊਂ ਗੱਲ ਕੀਤੀ ਤਾਂ ਬਹੁਤ ਦੂਰ ਚਲੀ ਜਾਂਦੀ ਐ, ਪਰ ਗੱਲ ਕੀਤੀਆਂ ਰਹਿ ਵੀ ਨੀਂ ਹੁੰਦਾ ਕੋਈ ਸੁਣ ਵੀ ਨਾ ਲਏ ਕਹਿੰਦੇ ਕੰਧਾਂ ਦੇ ਵੀ ਕੰਨ ਹੁੰਦੇ ਐ..',। ਮਨੋਰੰਜ਼ਨ ਦੀ ਦੁਨੀਆਂ 'ਚ ਜਾ ਕੇ ਜੇਕਰ ਗੀਤ, ਸੰਗੀਤ ਦੀ ਗੱਲ ਕਰਿਏ ਤਾਂ ਪੰਜਾਬੀਆਂ ਦੇ ਹਰਮਨ ਪਿਆਰੇ ਲੋਕ ਗਾਇਕ ਗੁਰਦਾਸ ਮਾਨ ਦਾ ਗੀਤ 'ਚੁਗਲੀਆਂ' ਸਾਡੇ ਮਨ੍ਹਾਂ ਨੂੰ ਬਹੁਤ ਕੁਝ ਸਮਝਾਉਂਦਾ ਹੈ। ਓਏ ਹੋਏ ਆਹ ਮੈਂ ਕੀ ਕਹਿ ਬੈਠੇ..ਹੁਣ ਮੈਂ ਕਿ ਕਰਾਂ, ਰਿਹਾ ਮੇਰੇ ਤੋਂ ਵੀ ਨਹੀਂ ਗਿਆ.. ..।



# ਸਿਹਤ ਸਬੰਧੀ ਦੁਨੀਆਂ ਦੀਆਂ ਬਿਹਤਰੀਨ ਪੁਸਤਕਾਂ ਦੇ ਪੰਜਾਬੀ ਅਨੁਵਾਦ ਦੀ ਲੋੜ



ਪ੍ਰੋ. ਕੁਲਬੀਰ ਸਿੰਘ

ਬੀਤੇ ਸਾਲ ਛੇ ਮਹੀਨੇ ਦੌਰਾਨ ਕੁਝ ਅਜਿਹੀਆਂ ਅਨੁਵਾਦਤ ਪੁਸਤਕਾਂ ਪੜ੍ਹਨ ਦਾ ਸਬੱਬ ਬਣਿਆ ਕਿ ਮੈਨੂੰ ਦੁਨੀਆਂ ਦੀਆਂ ਸਿਹਤ ਸੰਬੰਧੀ ਬਿਹਤਰੀਨ ਪੁਸਤਕਾਂ ਦੇ ਪੰਜਾਬੀ ਅਨੁਵਾਦ ਦੀ ਲੋੜ ਮਹਿਸੂਸ ਹੋਣ ਲੱਗੀ ਹੈ। ਸੋਚਦਾ ਹਾਂ ਉਹ ਹੁਣ ਤੱਕ ਅਨੁਵਾਦ ਕਿਉਂ ਨਹੀਂ ਹੋਈਆਂ? ਉਹ ਪੰਜਾਬੀ ਵਿਚ ਉਪਲਬਦ ਕਿਉਂ ਨਹੀਂ ਹਨ?

ਜਦ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਐਮ.ਏ. ਆਨਰਜ਼ ਪੰਜਾਬੀ ਕਰ ਰਿਹਾ ਸਾਂ ਤਾਂ ਆਨਰਜ਼ ਦੇ ਵਿਦਿਆਰਥੀ ਇਕ ਵਾਧੂ ਪੇਪਰ ਪੜ੍ਹਦੇ ਸਨ। ਦੁਨੀਆਂ ਭਰ ਦੇ ਕਲਾਸਿਕ ਲਿਟਰੇਚਰ ਦਾ ਪੰਜਾਬੀ ਅਨੁਵਾਦ। ਉਦੋਂ ਤੋਂ ਅਨੁਵਾਦ ਪੜ੍ਹਨ ਦੀ ਚੇਟਕ ਲੱਗ ਗਈ।

ਪਰ ਅੱਜ ਹੁਣ ਉਮਰ ਦੇ ਇਸ ਪੜਾ 'ਤੇ ਮੈਂ ਦੁਨੀਆਂ ਭਰ ਦੀਆਂ ਸਹਿਤ ਅਤੇ ਜੀਵਨ ਸੰਬੰਧੀ, ਲੰਮੀ ਉਮਰ ਦੇ ਭੇਤ ਦੱਸਦੀਆਂ ਬਿਹਤਰੀਨ ਪੁਸਤਕਾਂ ਦੇ ਪੰਜਾਬੀ ਅਨੁਵਾਦ ਪੜ੍ਹਨੇ ਚਾਹੁੰਦਾ ਹਾਂ। ਅਜਿਹੀਆਂ ਬਹੁਤ ਸਾਰੀਆਂ ਅੰਗਰੇਜ਼ੀ ਕਿਤਾਬਾਂ ਮੇਰੀ ਨਿੱਜੀ ਲਾਇਬਰੇਰੀ ਵਿਚ ਪਈਆਂ ਹਨ। ਜਿਨ੍ਹਾਂ ਨੂੰ ਸਮੇਂ ਸਮੇਂ ਪੜ੍ਹਦਾ ਰਹਿੰਦਾ ਹਾਂ। ਪਰ ਉਨ੍ਹਾਂ ਨੂੰ ਪੜ੍ਹ ਕੇ ਨਾ ਉਹ ਲੁਤਫ਼ ਆਉਂਦਾ ਹੈ, ਨਾ ਆਪਣੇਪਨ ਦਾ ਅਹਿਸਾਸ ਹੁੰਦਾ ਹੈ।

ਕਦੇ ਅਨੁਵਾਦ ਪੜ੍ਹ ਕੇ ਮਨ ਕਰਦਾ ਹੈ ਇਸਦਾ ਅਸਲ ਰੂਪ ਪੜ੍ਹਿਆ ਜਾਵੇ ਪਰ ਬਹੁਤੀ ਵਾਰ ਹੋਰਨਾਂ ਭਾਸ਼ਾਵਾਂ ਦੀਆਂ ਵਧੀਆ ਕਿਤਾਬਾਂ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਪੜ੍ਹਨ ਦੀ ਇੱਛਾ ਰਹਿੰਦੀ ਹੈ ਕਿਉਂ ਕਿ ਕਿਸੇ ਕਿਤਾਬ ਵਿਚਲੇ ਵਿਚਾਰਾਂ ਨੂੰ ਜਿਵੇਂ ਤੁਸੀਂ ਆਪਣੀ ਭਾਸ਼ਾ ਵਿਚ ਗ੍ਰਹਿਣ ਕਰ ਸਕਦੇ ਹੋ, ਕਿਸੇ ਹੋਰ ਭਾਸ਼ਾ ਵਿਚ ਅਜਿਹਾ ਸੰਭਵ ਨਹੀਂ ਹੁੰਦਾ।



ਅਜੋਕੇ ਸਮਿਆਂ ਵਿਚ ਭਾਵੇਂ ਬਹੁਤੀ ਜਾਣਕਾਰੀ ਕੰਪਿਊਟਰ ਅਤੇ ਸਮਾਰਟ ਫੋਨ ਰਾਹੀਂ ਪ੍ਰਾਪਤ ਕੀਤੀ ਜਾ ਰਹੀ ਹੈ ਪਰੰਤੂ ਅਨੁਵਾਦਤ ਸਮੱਗਰੀ ਦਾ ਮਹੱਤਵ ਜਿਉਂ ਦਾ ਤਿਉਂ ਬਰਕਰਾਰ ਹੈ। ਅਨੁਵਾਦ ਰਾਹੀਂ ਅਸੀਂ ਨਵੀ ਦੁਨੀਆਂ, ਨਵੇਂ ਸਮਾਜ, ਨਵੇਂ ਸਭਿਆਚਾਰ, ਨਵੇਂ ਲੋਕਾਂ ਅਤੇ ਉਨ੍ਹਾਂ ਦੀ ਜੀਵਨ-ਸ਼ੈਲੀ ਸੰਬੰਧੀ ਜਾਣਦੇ ਹਾਂ। ਦੂਰ ਦੁਰੇਡੀਆਂ ਧਰਤੀਆਂ ਅਤੇ ਵਿਦੇਸ਼ੀਆਂ ਦੇ ਰਹਿਣ ਸਹਿਣ, ਖਾਣ-ਪੀਣ, ਸਿਹਤ-ਸੰਭਾਲ ਅਤੇ ਲੰਮੀ ਉਮਰ ਦੇ ਭੇਤ ਪਤਾ ਚੱਲਦੇ ਹਨ। ਵੱਡੀ ਗਹਿਰੀ ਪ੍ਰੇਰਨਾ ਮਿਲਦੀ ਹੈ।

ਇਕੀਗਾਈ ਇਸਦੀ ਬਿਹਤਰੀਨ ਉਦਾਹਰਨ ਹੈ। ਹੈਕਟਰ ਗਾਰਸੀਆ ਅਤੇ ਫ੍ਰਾਂਸੇਕ ਮਿਰਾਲੇਸ ਦੁਆਰਾ ਲਿਖਤ ਲੰਮੇ ਅਤੇ ਖੁਸ਼ਹਾਲ ਜੀਵਨ ਲਈ ਜਪਾਨੀ ਭੇਤ 'ਤੇ ਆਧਾਰਿਤ ਪੁਸਤਕ। ਜਿਸਦਾ ਅਨੁਵਾਦ ਜਗਵਿੰਦਰ ਜੋਧਾ ਨੇ ਕੀਤਾ ਹੈ। ਮੈਂ ਇਸਨੂੰ ਵਾਰ ਵਾਰ ਪੜ੍ਹ ਰਿਹਾ ਹਾਂ। ਪ੍ਰੇਰਿਤ ਹੋ ਰਿਹਾ ਹਾਂ ਆਨੰਦਿਤ ਮਹਿਸੂਸ ਕਰ ਰਿਹਾ ਹਾਂ।

ਜੇਕਰ ਤੁਸੀਂ ਪਤਾ ਕਰਨਾ ਚਾਹੁੰਦੇ ਹੋ ਕਿ ਤੁਸੀਂ ਆਪਣੀ ਜ਼ਿੰਦਗੀ ਦਾ ਕੀ ਕਰੋ, ਤਾਂ ਇਕੀਗਾਈ ਪੜ੍ਹੋ। ਜੇਕਰ ਤੁਹਾਡੇ ਅੰਦਰ ਸੌ ਸਾਲ ਜੀਣ ਦੀ ਇੱਛਾ ਹੈ ਤਾਂ ਇਕੀਗਾਈ ਪੜ੍ਹੋ। ਜੇਕਰ ਵਧੇਰੇ ਸਾਲ ਜਿਊਂਦੇ ਰਹਿਣ ਦੇ ਨਾਲ ਨਾਲ ਤੁਹਾਡੇ ਜੀਵਨ ਦੇ ਹੋਰ ਵੀ ਵੱਡੇ ਤੇ ਵੱਖਰੇ ਟੀਚੇ ਹਨ ਤਾਂ ਇਕੀਗਾਈ ਪੜ੍ਹੋ। ਦਰਅਸਲ ਇਕੀਗਾਈ ਦਾ ਅਰਥ ਹੀ ਟੀਚਾ ਹੈ। ਹਮੇਸ਼ਾ ਰੁੱਝੇ ਰਹਿਣ ਨਾਲ ਮਿਲਣ ਵਾਲਾ ਆਨੰਦ। ਇਕੀਗਾਈ ਸ਼ਬਦ ਜਪਾਨੀ ਲੋਕਾਂ ਦੀ ਲੰਮੀ ਉਮਰ ਦੇ ਭੇਤ ਦੱਸਦਾ ਹੈ। ਉਹ ਥਾਵਾਂ, ਉਹ ਸ਼ਹਿਰ ਜਿਥੋਂ ਦੇ ਵਧੇਰ ਲੋਕਾਂ ਦੀ ਉਮਰ ਸੌ ਸਾਲ ਤੋਂ ਵੱਧ ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਵਿਚ ਸਿਹਤਮੰਦ ਭੋਜਨ, ਗਰੀਨ ਟੀ ਅਤੇ ਚੰਗਾ ਸੁਖਾਵਾਂ ਮੌਸਮ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਰ ਇਥੋਂ ਦੇ ਲੋਕਾਂ ਦੇ ਲੰਮੀ ਉਮਰ ਜੀਣ ਪਿੱਛੇ ਅਸਲੀ ਕਾਰਨ ਇਕੀਗਾਈ ਹੈ। ਇਹ ਸ਼ਬਦ ਉਨ੍ਹਾਂ ਦੇ ਜੀਵਨ ਨੂੰ ਹੀ ਦਿਸ਼ਾ ਦਿੰਦਾ ਹੈ। ਓਕੀਨਾਵਾ ਦੇ ਨਿਵਾਸੀ ਆਨੰਦ ਭਰਪੂਰ ਰੁੱਝਿਆ ਜੀਵਨ ਜਿਉਂਦੇ ਹਨ। ਹੈਕਟਰ ਗਾਰਸੀਆ ਅਤੇ ਫ੍ਰਾਂਸੇਕ ਮਿਰਾਲੇਸ ਲਿਖਦੇ ਹਨ ਕਿ ਕਿਧਰੇ ਨਿੰਬੂ ਵਰਗਾ ਦਿਸਣ ਵਾਲਾ ਫਲ੍ਹ ਸ਼ਿਕੂਵਾਸਾ, ਮੋਰਿੰਗਾ ਚਾਹ ਜਾਂ ਸ਼ੁੱਧ ਪਾਣੀ ਤਾਂ ਉਨ੍ਹਾਂ ਦੀ ਲੰਮੀ ਉਮਰ ਦੀ ਵਜ੍ਹਾ ਨਹੀਂ? ਉਹ ਲੋਕ ਜੀਵਵਾਦੀ ਧਰਮ ਦੇ ਅਸੂਲਾਂ ਦੇ ਧਰਨੀ ਵੀ ਹਨ। ਉਹ ਹਰੇ ਭਰੇ ਵਾਤਾਵਰਨ ਵਿਚ ਕੰਮ ਕਰਦੇ, ਹੱਸਦੇ ਤੇ ਲਤੀਫ਼ੇ ਸੁਣਾਉਂਦੇ ਰਹਿੰਦੇ ਹਨ। ਕੁਦਰਤੀ ਮਾਹੌਲ, ਵਚਿੱਤਰ ਊਰਜਾ ਦੇ ਉਤਸ਼ਾਹ, ਕੰਮ ਦਾ ਵਹਾਅ ਉਨ੍ਹਾਂ ਦੀ ਲੰਮੀ ਉਮਰ ਦੇ ਭੇਤ ਹਨ। ਉਹ ਮਨ ਵਿਚ ਕਿਸੇ ਲਈ ਕੋਈ ਨਾਕਾਰਾਤਮਕ ਭਾਵਨਾ ਨਹੀਂ ਰੱਖਦੇ। ਖੁਸ਼ ਰਹਿੰਦੇ ਹਨ, ਸੰਤੁਸ਼ਟ ਰਹਿੰਦੇ ਹਨ, ਸਾਰਿਆਂ ਨਾਲ ਭਾਈਚਾਰੇ ਵਾਲਾ ਵਿਹਾਰ ਕਰਦੇ ਹਨ। ਦਰਅਸਲ ਉਨ੍ਹਾਂ ਦੇ ਲੰਮੇ ਜੀਵਨ ਦਾ ਰਾਜ ਸਿਹਤਮੰਦ ਸਮਾਜਕ ਜੀਵਨ ਵਿਚ ਛੁਪਿਆ ਹੈ। ਉਹ ਲੋਕ ਟੀਮ ਭਾਵਨਾ ਨਾਲ ਅਪਣੱਤ ਭਰਿਆ ਜੀਵਨ ਜਿਉਂਦੇ ਹਨ। ਇਕ ਦੂਜੇ ਦੀ ਮਦਦ ਕਰਦੇ ਹਨ। ਸਨੇਹ ਨਾਲ ਪੇਸ਼ ਆਉਂਦੇ ਹਨ। ਦੋਸਤਾਨਾ ਢੰਗ ਦਾ ਜੀਵਨ, ਹਲਕਾ ਭੋਜਨ, ਆਰਾਮ, ਕਸਰਤ ਉਨ੍ਹਾਂ ਦੇ ਸਿਹਤਮੰਦ ਜੀਵਨ ਦੇ ਆਧਾਰ ਹਨ। ਪਰ ਸੱਭ ਤੋਂ ਉਪਰ ਹੈ ਇਕੀਗਾਈ।

ਮੈਂ ਇਹ ਪੁਸਤਕ ਵਾਰ ਵਾਰ ਪੜ੍ਹ ਰਿਹਾ ਹਾਂ ਆਨੰਦ ਉਡਾ ਰਿਹਾ ਹਾਂ। ਪਰ ਪ੍ਰੇਸ਼ਾਨ ਹਾਂ ਕਿ ਇਹ ਪੁਸਤਕ ਮੇਰੇ ਤੱਕ ਐਨੀ ਦੇਰੀ ਨਾਲ ਕਿਉਂ ਪੁੱਜੀ। ਮੈਨੂੰ ਅਜਿਹੀਆਂ ਹੋਰ ਹੋਰ ਅਨੁਵਾਦਤ ਪੁਸਤਕਾਂ ਦੀ ਲੋੜ ਹੈ।

# ਤਾਈ ਮਾਲਣ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਲਿਖਤੁਮ ਤਾਈ ਮਾਲਣ...ਤਾਈ ਮਾਲਣ ਦਾ ਜਨਮ ਸਾਲ 1928 ਵਿੱਚ ਜ਼ਿਲ੍ਹਾ ਫ਼ਰੀਦਕੋਟ ਵਿੱਚ ਹੋਇਆ ਸੀ...ਉਸ ਦੇ ਜੱਦੀ ਪਿੰਡ ਦਾ ਨਾਮ ਉਸ ਨੂੰ ਖੁਦ ਹੀ ਭੁੱਲ ਚੁੱਕਿਆ ਸੀ ਤੇ ਉਹ ਉੱਕਾ ਵੀ ਪੜ੍ਹੀ ਲਿਖੀ ਨਹੀਂ ਸੀ। ਉਸ ਦਾ ਵਿਆਹ ਜ਼ਿਲ੍ਹਾ ਜਲੰਧਰ ਦੇ ਪਿੰਡ ਸ਼ੰਕਰ ਦੇ ਰਹਿਣ ਵਾਲੇ ਤਾਏ ਲਛਮਣ ਨਾਲ 1943 ਵਿੱਚ ਉਸ ਵੇਲੇ ਹੋਇਆ ਜਦੋਂ ਉਹ ਸਿਰਫ਼ 15 ਸਾਲ ਦੀ ਸੀ। ਦੋਵੇਂ ਪਰਿਵਾਰ ਬਹੁਤ ਗ਼ਰੀਬ ਸਨ ਤੇ ਉਹ ਦੱਸਦੀ ਹੁੰਦੀ ਸੀ ਕਿ ਤਾਏ ਦੀ ਬਾਰਾਤ ਊਠਾਂ 'ਤੇ ਉਸ ਦੇ ਸਹੁਰੇ ਪਿੰਡ ਢੁੱਕੀ ਸੀ। ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਨੂੰ ਆਪਣੇ ਪਿੰਡੇ 'ਤੇ ਹੰਢਾਉਣ ਵਾਲੀ ਤਾਈ, ਮੇਰੀ ਗੁਆਂਢਣ ਸੀ ਤੇ ਉਹ ਸਾਲ 2005 ਵਿੱਚ ਕਈ ਸਰੀਰਕ ਬਿਮਾਰੀਆਂ ਨੂੰ ਹੰਢਾਉਂਦੀ ਚੱਲ ਵਸੀ। ਮੇਰਾ ਨਾਮ ਉਸ ਨੇ ਬਿੱਲਾ ਰੱਖਿਆ ਹੋਇਆ ਸੀ ਤੇ ਉਸ ਨੂੰ ਮੇਰਾ ਅਸਲ ਨਾਮ ਬਿਲਕੁਲ ਨਹੀਂ ਪਤਾ ਸੀ। ਹੁਣ ਉਸ ਦੀ ਚਿੱਠੀ ਆਈ ਹੈ !**




ਬਿੱਲਿਆ, ਸਾਸਰੀਕਾਲ!

ਕਿੱਦਾਂ ਪੁੱਤ ਓਇ! ਤੂੰ ਤਾਂ ਮੈਨੂੰ ਬਿਲਕੁਲ ਈ ਭੁਲਾ ਦਿੱਤਾ ਪਰ ਮੈਂ ਨਹੀਂ ਤੈਨੂੰ ਭੁੱਲੀ! ਭੁੱਲਾਂ ਵੀ ਕਿਉਂ...ਤੂੰ ਤਾਂ ਮੈਨੂੰ ਕਦੀ ਕਦੀ 5-10 ਰੁਪਈਏ ਵੀ ਦੇ ਦਿੰਦਾ ਹੁੰਦਾ ਸੀ ਤੇ ਮੇਰੀਆਂ ਅੱਖਾਂ ਵੀ ਤੈਂ ਬਣਵਾਈਆਂ ਸੀ। ਹੁਣ ਤੂੰ ਸੋਚਦਾ ਹੋਣੈ ਕਿ ਤਾਈ ਨੂੰ ਤਾਂ ਲਿਖਣਾ ਪੜ੍ਹਨਾ ਨਹੀਂ ਸੀ ਆਉਂਦਾ ਪਰ ਉਹ ਚਿੱਠੀ ਕਿਵੇਂ ਲਿਖ ਸਕਦੀ ਐ...ਪਰ ਤੂੰ ਲਿਖਾਈ ਦੇਖ ਕੇ ਤਾਂ ਸਮਝ ਹੀ ਲਿਆ ਹੋਣਾ ਕਿ ਲਿਖਾਈ ਤਾਂ ਤੇਰੇ ਬਾਪੂ ਦੀ ਐ। ਮੈਂ ਮਾਸਟਰ ਨੂੰ ਕਿਹਾ ਬਿੱਲੇ ਨੂੰ ਚਿੱਠੀ ਲਖਾਉਣੀ ਹੈ ਤਾਂ ਉਹ ਛੇਤੀ ਮੰਨ ਗਿਆ, ਨਹੀਂ ਤਾਂ ਕਹੀ ਜਾਂਦਾ ਸੀ ਮੇਰੇ ਕੋਲ ਟੈਮ ਹੈ ਨਹੀਂ।

ਬਿੱਲੇ, ਇਧਰ ਆ ਕੇ ਮੈਨੂੰ ਪਤਾ ਲੱਗਿਆ ਕਿ ਤੂੰ ਕਨੇਡੇ ਚਲੇ ਗਿਆ ਸੀ ਤੇ ਪਿਛੋਂ ਮਾਸਟਰ ਵੀ ਚੱਲ ਵਸਿਆ ਤੇ ਤੇਰੀ ਮਾਤਾ ਵੀ ਹੁਣ ਤਾਂ ਇਧਰ ਆ ਗਈ ਐ। ਘਰ ਨੂੰ ਜਿੰਦਾ ਲੱਗ ਜਾਣਾ ਹੁਣ, ਪੁੱਤ! ਨਾ ਤੂੰ ਤੇ ਨਾ ਤੇਰੇ ਨਿਆਣਿਆਂ ਨੇ ਇਧਰ ਆਉਣਾ...ਘਰ ਢਹਿ ਢੇਰੀ ਹੋ ਜਾਣਾ। ਤੂੰ ਸੋਚਦਾ ਹੋਣਾ...ਮੈਂ ਵੀ ਵੈਸੇ ਕਿਹੜੀਆਂ ਮਨਹੂਸ ਜਿਹੀਆਂ ਗੱਲਾਂ ਕਰਨ ਲੱਗ ਪਈ ਆਂ... !

ਬਿੱਲੇ, ਮੈਂ ਤੈਨੂੰ ਤਾਂ ਚਿੱਠੀ ਲਿਖੀ ਐ ਕਿ ਕੱਲ੍ਹ ਇਧਰ ਆਪਣੇ ਕੁੱਝ ਬੰਦੇ ਗੱਲਾਂ ਕਰ ਰਹੇ ਸੀ ਕਿ ਪਈ, ਕਨੇਡੇ ਜਾ ਕੇ ਕਦੀ ਕਿਸੇ ਦਾ ਭਲਾ ਨਹੀਂ ਕਰਨਾ ਚਾਹੀਦਾ। ਮੈਂ ਉਹਨਾਂ ਦੇ ਕੋਲੋਂ ਦੀ ਲੰਘ ਰਹੀ ਸੀ ਤੇ ਮੈਂ ਪੁੱਛਿਆ ਕਿ ਸਾਰੀ ਦੁਨੀਆਂ ਤਾਂ ਇਹ ਕਹਿੰਦੀ ਐ ਕਿ ਦੂਜਿਆਂ ਦਾ ਭਲਾ ਕਰਨਾ ਚਾਹੀਦਾ ਤੇ ਕਨੇਡੇ ਆਲੇ ਇਹ ਕਿਉਂ ਕਹੀ ਜਾਂਦੇ ਐ ਕਿ ਕਿਸੇ ਦਾ ਭਲਾ ਨਹੀਂ ਕਰਨਾ ਚਾਹੀਦਾ ?

ਤੁਹਾਡੇ ਉੱਥੇ ਇਕ ਡ੍ਰਾਇਵਿੰਗ ਇੰਸਟ੍ਰਕਟਰ ਹੁੰਦਾ ਸੀ ਜਿਹੜਾ ਹੁਣ ਇਧਰ ਆਇਆ ਗਿਆ ਵਾ ਤੇ ਉਹ ਕਹਿੰਦਾ ਸੀ ਕਿ ਜੇ ਕਿਸੇ ਦਾ ਡ੍ਰਾਇਵਿੰਗ ਲਾਇਸੰਸ ਦੁਆ ਦੇਵੋ ਤਾਂ ਉਹ ਐਸਾ ਪ੍ਰਚਾਰ ਕਰਦਾ ਪਈ ਮੈਨੂੰ ਤਾਂ ਫਲਾਣੇ ਨੇ ਲਾਇਸੰਸ ਦੁਆ'ਤਾ...ਮੈਨੂੰ ਤਾਂ ਫਲਾਣੇ ਨੇ ਯੂਨਿਵਰਸਿਟੀ ਵਿੱਚ ਦਾਖਲ ਕਰਵਾ'ਤਾ... ਫਲਾਣੇ ਨੇ ਫੋਨ ਕੀਤਾ ਤਾਂ ਡਾਕਟਰ ਨੇ ਝੱਟ ਮੈਨੂੰ ਦੇਖ ਲਿਆ ਤੇ ਮੇਰਾ ਟੈਮ ਬਚ ਗਿਆ... ਤੇ ਬੱਸ! ਇਹਦੀ ਦੇਖਾ ਦੇਖੀ...ਬਾਕੀ ਵੀ ਪਿਛੇ ਪੈ ਜਾਂਦੇ ਐ ਤੇ ਜਿਹਦਾ ਕੰਮ ਤਾਂ ਹੋ ਗਿਆ...ਉਹ ਇਉਂ ਪ੍ਰਚਾਰ ਕਰਦਾ ਜਿਵੇਂ ਗ਼ੈਰ ਕਾਨੂੰਨੀ ਢੰਗ ਨਾਲ ਕਰਵਾ ਦਿੱਤਾ ਹੋਵੇ ਤੇ ਜਿਹਦਾ ਨਾ ਹੋਵੇ ਉਹਨੂੰ ਲੱਗਦਾ ਕਿ ਬੇਈਮਾਨ ਪੈਸੇ ਖਾਂਦਾ ਹੋਣਾ...ਫਲਾਣੇ ਦਾ ਕੰਮ ਤਾਂ ਕਰਵਾ'ਤਾ ਸੀ, ਜਦ ਮੈਂ ਕਿਹਾ ਤਾਂ ਇਹਨੂੰ ਮੌਤ ਪੈ ਗਈ! ਸੋ ਭਾਈ ਕਨੇਡੇ ਆਲੇ ਕਿਸੇ ਦਾ ਕੰਮ ਨਹੀਂ ਕਰਵਾਉਂਦੇ...ਉਹ ਕਹਿੰਦੇ ਜੇ ਕਰਵਾ'ਤਾ ਤਾਂ ਵੀ ਬੁਰੇ ਤੇ ਜੇ ਨਾ ਕਰਵਾਇਆ ਤਾਂ ਫਿਰ ਵੀ ਬੁਰੇ ਬਣਨਾ ਈ ਪੈਣਾ।

ਬਿੱਲੇ ਪੁੱਤਰ, ਤੇਰੀ ਸੱਤਿਆ ਭੈਣ ਜੀ ਵੀ ਮਿਲੀ ਸੀ ਪਰਸੋਂ! ਤੁਹਾਡੇ ਘਰ ਬਹੁਤ ਈ ਆਉਂਦੀ ਹੁੰਦੀ ਸੀ...ਮੈਂ ਉਥੇ ਈ ਹੁੰਦੀ ਸੀ ਤੇ ਮੈਨੂੰ ਉਹਨੇ ਪਛਾਣ ਲਿਆ! ਸੱਤਿਆ ਕਹਿੰਦੀ ਕਨੇਡੇ ਤਾਂ ਮੇਰੀ ਵੀ ਭਤੀਜੀ ਗਈ ਹੋਈ ਐ...ਉਹ ਉੱਥੇ ਡਾਕਟਰ ਐ! ਉਹਨੇ ਦੱਸਿਆ ਕਿ ਕਨੇਡੇ ਆਲੇ ਡਾਕਟਰ ਵੀ ਬੱਸ! ਰੱਬ ਦਾ ਈ ਰੂਪ ਨੇ! ਮੈਂ ਕਿਹਾ ਕਿ ਸਾਰੀ ਦੁਨੀਆਂ ਦੇ ਈ ਡਾਕਟਰ ਰੱਬ ਦਾ ਰੂਪ ਹੁੰਦੇ ਐ! ਪਰ ਉਹ ਕਹਿੰਦੀ ਸਾਰੇ ਡਾਕਟਰ ਐਹੋ ਜਿਹੇ ਨਹੀਂ ਹੁੰਦੇ...ਕਈ ਤਾਂ ਬਾਹਲੇ ਈ ਮਾੜੇ ਵੀ ਹੁੰਦੇ! ਕਈ ਡਾਕਟਰ ਤਾਂ ਸ਼ੂਗਰ ਦੇ ਮਰੀਜ਼ ਨੂੰ ਇਹ ਵੀ ਨਹੀਂ ਦੱਸਦੇ ਕਿ ਤੁਹਾਨੂੰ ਮੁਫ਼ਤ ਵਿੱਚ ਸਰਕਾਰ ਵੱਲੋਂ ਕੀ ਕੀ ਮਿਲ ਸਕਦਾ ਹੈ...ਕਿੰਨੀਆ ਸਟਰਿਪਾਂ ਮਿਲ ਸਕਦੀਆਂ, ਕਿੰਨੀ ਇਨਸੁਲਿਨ ਮਿਲ ਸਕਦੀ, ਕਿੰਨੀ ਤੇ ਕਿਹੜੀ ਦਵਾਈ ਮਿਲ ਸਕਦੀ...ਬਹੁਤੇ ਤਾਂ ਦੱਸ ਦਿੰਦੇ ਨੇ ਪਰ ਸਾਰੇ ਡਾਕਟਰ ਨਹੀਂ ਦੱਸਦੇ! ਮਰੀਜ਼ ਬੇਚਾਰੇ ਟੱਕਰਾਂ ਮਾਰੀ ਜਾਂਦੇ ਐ। ਉਹ ਫਟਾਫਟ ਮਰੀਜ਼ਾਂ ਨੂੰ ਦੇਖ ਦੇਖ ਕੇ ਅੱਗੇ ਤੋਰੀ ਜਾਂਦੇ ਐ...ਤੇ ਆਪਣੀ ਮਾਇਆ ਬਣਾਈ ਜਾਂਦੇ ਐ!

ਬਿੱਲੇ, ਅਜੇ ਗੱਲ ਚੱਲਦੀ ਪਈ ਸੀ ਕਿ ਸਰਕਾਰਾਂ ਦੀ ਗੱਲ ਸ਼ੁਰੂ ਹੋ ਗਈ। ਸਾਰੇ ਬੰਦੇ ਕਨੇਡਾ ਦੇ ਈ ਲੱਗਦੇ ਸੀ...ਗੱਲ ਜਿਉ ਕਨੇਡੇ ਦੀ ਕਰੀ ਜਾਂਦੇ ਸੀ.. ਤਾਂ ਮੈਂ ਇਹ ਅੰਦਾਜ਼ਾ ਲਗਾਇਆ। ਤੁਹਾਡੀ ਸਰਕਾਰ ਨੇ ਖੌਰੇ ਯੂਨਿਵਰਸਿਟੀ ਫਾਰਮਾ ਲਿਆਂਦਾ...ਸੱਤਿਆ ਮੈਨੂੰ ਟੋਕ ਕੇ ਕਹਿੰਦੀ...ਮਾਲਣੇ, ਯ੍ਰਿ ਨ ਵ ਰ ਸਿ ਟੀ ਨਹੀਂ...ਯੂਨਿਵਰਸਲ ਫਾਰਮਾ ਕੇਅਰ ਪਲੈਨ ਲਿਆਂਦਾ ਵਾ। ਮੈਨੂੰ ਕਾਹਨੂੰ ਪਤਾ ਇਹ ਕਿਹੜੀ ਬਲਾ ਹੁੰਦੀ ਐ। ਪਰ ਸੱਤਿਆ ਕਹਿੰਦੀ ਤੁਹਾਡੀ ਸਰਕਾਰ ਵੀ ਕਲੋਲ ਕਰ ਗਈ...ਮੈਂ ਉਹਨੂੰ ਪੱਛਿਆ ਉਹ ਕਿੱਦਾਂ?

ਉਹ ਕਹਿੰਦੀ...ਸਰਕਾਰ ਨੇ ਇਹ ਤਾਂ ਦੱਸਿਆ ਈ ਨਹੀਂ ਪ੍ਰੋਗਰਾਮ ਕਦੋਂ ਸ਼ੁਰੂ ਹੋਊ, ਸੂਬਿਆਂ ਨਾਲ ਕਦੋਂ ਗੱਲ ਹੋਊ, ਟਾਇਮਲਾਇਨ ਕੋਈ ਨਹੀਂ...! ਐਲਬਰਟਾ ਤੇ ਕਿਉਬੈਕ ਤੇ ਨਿਉ ਬ੍ਰੰਜ਼ਵਿਕ ਵਾਲੇ ਕਹਿੰਦੇ ਸਾਨੂੰ ਇਹ ਪ੍ਰੋਗਰਾਮ ਪੁੱਗਦਾ ਈ ਨਹੀਂ...ਜੋ ਅਸੀਂ ਦੇ ਰਹੇ ਆਂ, ਫੈਡਰਲ ਪ੍ਰੋਗਰਾਮ ਵਿੱਚ ਤਾਂ ਉਹ ਕਵਰ ਹੁੰਦਾ ਈ ਨਹੀਂ! ਫੇ ਸਿਰ ਮਾਰਨਾ ਇਹ ਪ੍ਰੋਗਰਾਮ ? ਲੋਕਾਂ ਨੂੰ ਧੋਖਾ ਦੇਣ ਲਈ ਪੁਲਿਟਿਕਲ ਗੇਮ ਖੇਡ ਗਏ ਦੋਵੇਂ ਫੈਡਰਲ ਆਗੂ। ਮੈਂ ਸੋਚਿਆ. ਬਿੱਲੇ ਨੂੰ ਦੱਸ ਦੇਵਾਂ...ਉਹ ਵੀ ਕਨੇਡੇ ਈ ਹੁੰਦਾ ਐ...ਖੌਰੇ ਇਹ ਗੱਲ ਤੈਨੂੰ ਪਤਾ ਈ ਨਾ ਹੋਵੇ...ਪਤਾ ਕਰ ਲਵੀਂ ਇਹਦੇ ਬਾਰੇ, ਪੁੱਤ!

ਨਾਲੇ ਅੱਜ ਕੱਲ ਭਾਰਤ ਦੀ ਬੜੀ ਚਰਚਾ ਹੋ ਰਹੀ ਹੈ। ਤੂੰ ਵੈਸੇ ਸੋਚਦਾ ਤਾਂ ਹੋਣਾ ਕਿ ਤਾਈ ਨੂੰ ਅੱਜ ਕੀ ਹੋ ਗਿਆ...ਬੜੀ ਨਾਮਾਨਗਾਰ ਬਣੀ ਫਿਰਦੀ ਐ! ਕੀ ਦੱਸਾਂ ਬਿੱਲਿਆ...ਏਥੇ ਸਾਰੇ ਗੱਲਾਂ ਈ ਲੀਡਰਾਂ ਦੀਆਂ ਕਰਦੇ ਆ...ਜਿੱਥੇ ਮਰਜ਼ੀ ਚਲੇ ਜਾਉ...ਬੱਸ ਸਿਆਸਤ ਹੀ ਸਿਆਸਤ ਹੈ ਸਾਰੇ ਪਾਸੇ! ਮੈਂ ਤੇਰੇ ਬਾਪੂ ਤੋਂ ਪੱਛਿਆ ਸੀ ਪਈ ਆਹ ਦਾਦਣਾ, ਸੰਵਧਾਨ ਕੀ ਹੁੰਦਾ...ਸਾਰੇ ਕਹੀ ਜਾਂਦੇ ਪਈ ਮੋਦੀ ਨੇ ਸੰਵਧਾਨ ਬਦਲ ਦੇਣਾ....! ਇਹ ਕੀ ਬਦਲਣ ਲੱਗਾ ਭਲਾ ਉਥੇ ?

ਫੇਰ ਤੇਰੇ ਭਾਪੇ ਨੇ ਦੱਸਿਆ...ਇਹ ਬੜੀ ਈ ਬੋਰ ਕਰਨ ਵਾਲੀ ਕਿਤਾਬ ਐ ਤੇ ਮੁਲਕ ਨੂੰ ਚਲਾਉਣ ਵਾਸਤੇ ਸੰਵਧਾਨ ਦੀ ਇਹ ਕਿਤਾਬ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ, ਮੁਖਮੰਤਰੀ, ਐਮਐਲਏ, ਐਮਪੀ ਵਰਗਿਆਂ ਨੂੰ ਕਿਵੇਂ ਚੁਣਿਆ ਜਾਂਦੈ, ਉਹਦੀ ਗੱਲ ਕਰਦੀ ਐ। ਮੁਲਕ ਦੇ ਕਈ ਸੂਬੇ ਐ ਜਿਹੜੇ ਦਿੱਲੀ ਦੇ ਅਧੀਨ ਨਹੀਂ ਹੈਗੇ ਪਰ ਕੇਂਦਰ ਤੇ ਸੂਬੇ ਦਰਮਿਆਨ ਉਹਨਾਂ ਦੇ ਅਧਿਕਾਰ ਤੇ ਫਰਜ਼ ਵੰਡੇ ਹੋਏ ਆ ਇਸ ਸੰਵਧਾਨ ਮੁਤਾਬਕ। ਮੋਦੀ ਦੀ ਸਰਕਾਰ ਜਿਹਨੂੰ ਬਦਲਣ ਦੀ ਗੱਲ ਕਰਦੀ ਐ ਉਹਦੇ ਤਹਿਤ ਕੀ ਅਹੁਦਿਆਂ ਦੇ ਨਾਮ ਬਦਲੇ ਜਾਣਗੇ, ਸਰਕਾਰਾਂ ਦੇ ਅਧਿਕਾਰ ਬਦਲਣਗੇ...ਸਵਾਲ ਇਹ ਪੁੱਛੇ ਜਾ ਰਹੇ ਆ।

ਬਿੱਲੇ! ਮੈਨੂੰ ਤਾਂ ਕੱਖ ਪੱਲੇ ਨੀ ਪੈਂਦਾ; ਇਹ ਵੱਡੀਆਂ ਵੱਡੀਆਂ ਗੱਲਾਂ ਲੱਗਦੀਆਂ ਮੈਨੂੰ...ਮੈਂ ਤਾਂ ਸੁਣ ਕੇ ਤੈਨੂੰ ਲਿਖਵਾ ਰਹੀ ਹਾਂ...ਤੂੰ ਤਾਂ ਰੇਡੀਓ ਤੋਂ ਬੋਲਣਾ ਹੁੰਦਾ ਨਾ! ਮੈਂ ਕਿਹਾ ਤੇਰੀ ਅਨਪੜ੍ਹ ਤਾਈ ਤੈਨੂੰ ਕੁਝ ਦੱਸ ਦੇਵੇ। ਜਿਉਂਦੇ ਜੀਅ ਤਾਂ ਮੈਂ ਤੇਰਾ ਕੁਝ ਸਵਾਰ ਨਹੀਂ ਸਕੀ।

ਗੱਲਾਂ ਕਰਦੇ ਲੋਕ ਕਹਿ ਰਹੇ ਸਨ ਕਿ ਰਾਸ਼ਟਰਪਤੀ ਤੇ ਗਵਰਨਰ ਸਿਰਫ਼ ਨਾਮ ਦੇ ਮੁਖੀ ਨੇ ਤੇ ਪਰੰਪਰਾਵਾਂ ਵਿੱਚ ਰਹਿੰਦੇ ਨੇ...ਮੈਨੂੰ ਤਾਂ ਇਹ ਪਰੰਪਰਾ ਦਾ ਮਾਇਨਾ ਵੀ ਨਹੀਂ ਪਤਾ ਪਰ ਲੋਕ ਕਹਿ ਰਹੇ ਸੀ ਇਹ ਪਰੰਪਰਾ ਵੀ ਬਦਲ ਦੇਣੀ ਐ! ਸਰਕਾਰ ਦੇ ਅਧਿਕਾਰ ਘਟਣਗੇ ਕਿ ਵਧਣਗੇ...ਇਹਦੀ ਗੱਲ ਵੀ ਕਰੀ ਜਾਂਦੇ ਸੀ ਉਥੇ 'ਕੱਠੇ ਹੋਏ ਲੋਕ!

ਕਾਕਾ, ਤੇਰਾ ਭਾਪਾ ਕਹਿੰਦਾ, ਵੈਸੇ ਤਾਂ ਸੰਵਧਾਨ ਆਮ ਬੰਦੇ ਦੇ ਜੀਵਨ 'ਤੇ ਕੋਈ ਅਸਰ ਨਹੀਂ ਪਾਉਂਦਾ ਪਰ ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ, ਪਾਰਟੀਆਂ, ਨੇਤਾਵਾਂ, ਅਫਸਰਾਂ ਦਰਮਿਆਨ ਪਾਵਰ ਸ਼ੇਅਰਿੰਗ ਦੇ ਰੂਲ ਬਹੁਤ ਭਰਦਾ ਰਹਿੰਦਾ ਹੈ ਇਹ ਸੰਵਧਾਨ। ਆਮ ਆਦਮੀ ਦੇ ਹਿੱਸੇ ਤਾਂ ਬੱਸ ਦੋ ਹੀ ਗੱਲਾਂ ਆਉਂਦੀਆਂ ਕਹਿੰਦੇ...ਇਕ ਫਰਜ਼ ਤੇ ਦੂਜਾ ਅਧਿਕਾਰ। ਬੰਦੇ ਨੂੰ ਅਧਿਕਾਰ ਇਹੀ ਸੰਵਧਾਨ ਦਿੰਦਾ, ਕਹਿੰਦੇ। ਨਵੇਂ ਸੰਵਧਾਨ ਵਿਚ ਹੁਣ ਪਤਾ ਨਹੀਂ ਅਧਿਕਾਰ ਘਟਣਗੇ ਕਿ ਵਧਣਗੇ?

ਫੇਰ ਭਾਈ, ਉਹ ਗੱਲ ਕਰੀ ਜਾਂਦੇ ਸੀ ਪਈ ਖੌਰੇ ਮੋਦੀ ਨੇ ਅਗਲੀ ਵਾਰ ਹਿੰਦੂ ਦੇਸ਼ ਬਣਾ ਦੇਣਾ ਮੁਲਕ ਨੂੰ! ਬਿੱਲਿਆ, ਤੁਹਾਡਾ ਤਾਂ ਸਰ ਜਾਊ, ਸਾਡੇ ਟੱਬਰ ਦਾ ਕੀ ਬਣੂ...ਤੂੰ ਉਹਨਾਂ ਦਾ ਖਿਆਲ ਰੱਖੀਂ। ਉਹ ਕਹਿੰਦੇ ਸੀ ਪਈ ਸਰਕਾਰ ਨੇ ਅੰਗਰੇਜ਼ਾਂ ਦਾ ਬਣਾਇਆ ਆਈਪੀਸੀ-ਸੀਆਰਪੀਸੀ ਤਾਂ ਬਦਲ ਦਿੱਤੇ ਨੇ ਪਰ ਲਾਗੂ ਨਵੀਂ ਸਰਕਾਰ ਕਰੂਗੀ। ਵੋਟਾਂ ਤੋਂ ਬਾਦ। ਕਹਿੰਦੇ ਹੁਣ ਗਿਰਫ਼ਤਾਰ ਕਰਨ ਦੀ ਤਾਕਤ ਵਧ ਗਈ ਐ ਪੁਲਿਸ ਕੋਲ, ਹਵਾਲਾਤ ਵਿੱਚ ਰੱਖਣ ਦਾ ਸਮਾਂ ਵੀ ਵਧ ਗਿਆ, ਜ਼ਮਾਨਤ ਦੀਆਂ ਸ਼ਰਤਾਂ ਵੀ ਬਦਲ ਗਈਆਂ ਨੇ...ਭਾਈ ਪਤਾ ਨਹੀਂ ਕੀ ਕੀ ਬਦਲੀ ਜਾਂਦਾ ਉਥੇ!

ਮੈਨੂੰ ਸੱਤਿਆ ਕਹਿੰਦੀ...ਮਾਲਣੇ, ਜੇ ਇੰਨਾ ਕੁਝ ਬਦਲਣਾ ਤਾਂ ਦੋ ਤਿਹਾਈ ਸੀਟਾਂ ਚਾਹੀਦੀਆਂ ਹੁੰਦੀਆਂ। ਬਿੱਲਿਆ, ਇੰਨੀਆਂ ਸੀਟਾਂ ਸਿਰ ਮਾਰਨੀਆਂ ਇਹਨਾਂ ਨੇ ? ਕਿਹੜੀਆਂ ਸੀਟਾਂ ਦੀ ਗੱਲ ਕਰਦੇ ਐ ਇਹ ? ਤੇਰਾ ਭਾਪਾ ਕਹਿੰਦਾ ਸੀ - ਐਵੇਂ ਨਹੀਂ ਕਹੀ ਜਾਂਦੇ..ਅਬ ਕੀ ਬਾਰ ਚਾਰ ਸੌ ਪਾਰ। ਅਸਲ ਵਿੱਚ ਤਾਂ ਚਾਹੀਦੀਆਂ ਨੇ 364 ਸੀਟਾਂ..ਤਾਂ ਹੀ ਰੌਲਾ ਪਾਇਆ ਅਬ ਕੀ ਬਾਰ ਚਾਰ ਸੌ ਪਾਰ...ਪਈ 400 ਕਹਾਂਗੇ ਤਾਂ ਹੀ 364 ਲਵਾਂਗੇ। ਭਾਈ ਮੈਂ ਤਾਂ ਡਰ ਗੀ...ਸਰਕਾਰ ਬਣਾਉਣ ਲਈ ਤਾਂ 272 ਕਾਫੀ ਨੇ...400 ਸੀਟਾਂ ਲੈ ਕੇ ਵੱਡੀ ਗੱਲ ਈ ਕੋਈ ਕਰਨੀ ਹੋਣੀ ਐ! ਮੇਰੇ ਤਾਂ ਭਾਈ ਦਮਾਗ ਵਿੱਚ ਨੀ ਪੈਂਦੀ ਇਹ ਕੋਈ ਵੀ ਗੱਲ! ਜੇ ਤੇਰੇ ਪਈ ਹੋਵੇ ਤਾਂ ਸਮਝ ਲਵੀਂ ਆਪੇ ਜਾਂ ਆਪਣੇ ਭਾਪੇ ਨੂੰ ਪੁੱਛ ਲਵੀਂ ਕਿਸੇ ਵੇਲੇ!

ਚੰਗਾ, ਹੁਣ ਤਾਂ ਚਿੱਠੀ ਵੀ ਵਾਹਵਾ ਲੰਬੀ ਹੋ ਗਈ ਐ!

ਮੈਨੂੰ ਤਾਂ ਭਾਂਈ ਡਰ ਲੱਗਦਾ ਕਿਤੇ ਮੇਰੀ ਚਿੱਠੀ ਰਾਹ ਚ ਈ ਨਾ ਪੜ੍ਹ ਲੈਣ ਤੇ ਤੇਰੀ ਤਸ਼ਰੀਫ ਈ ਨਾ ਸੁਜਾ ਦੇਣ ਮਾਰ ਮਾਰ ਕਿਤੇ!

ਫੇਰ ਲਿਖੂੰਗੀ ਤੈਨੂੰ ਜੇ ਤੇਰਾ ਭਾਪਾ ਹੱਥ ਆ ਗਿਆ ਤਾਂ!

ਤੇਰੀ ਤਾਈ, ਮਾਲਣ !

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
STOP
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜ਼ਟਰ ਵੀਜੇ ਜਾਂ ਤਲਾਕਸ਼ੁਦਾ ਲੜਕੀ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 403 970 7600 ***245***

## ਲੜਕੇ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਈ ਜੱਟ ਸਿੱਖ ਪਰਿਵਾਰ ਦੀ ਲੜਕੀ,ਉਮਰ 31 ਸਾਲ,ਐਮ ਏ ਬੀ ਐੱਡ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 587 703 3040 ***245***

## ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ,ਉਮਰ 35 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ **Xogqf MA,B.Ed and Cosmetology (Beautician )** ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ:1778 953 0024 ***245***

## ਲੜਕੀ ਦੀ ਲੋੜ

ਯੂ ਕੇ ਬੌਰਨ,ਕਨੇਡੀਅਨ ਪੀ ਆਰ, ਰਾਮਗੜ੍ਹੀਆ ਪਰਿਵਾਰ ਦੇ ਸਾਰਟ ਟਾਈਮ ਡਿਵੋਰਸੀ, ਉਮਰ 28 ਸਾਲ, ਕੱਦ 6 ਫੁੱਟ,ਵੈਜੇਟੇਰੀਅਨ, ਨਾਨ ਅਲਕੋਹਲ,ਨਾਨ ਸਮੋਕ,ਵਿੱਦਿਅਕ ਯੋਗਤਾ ਮਾਸਟਰ ਇਨ ਫਾਰਮੇਸੀ, ਹੁਣ ਬੀ ਸੀ ਵਿਖੇ ਫਾਰਮਾਸਿਸਟ ਦੀ ਜੌਬ ਕਰਦੇ ਲੜਕੇ ਲਈ ਕਨੇਡਾ ਸੈਟਲਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੇ ਮਾਪਿਆਂ ਦਾ ਆਪਣਾ ਕਾਰੋਬਾਰ ਹੈ। ਲੜਕੇ ਦਾ ਵੱਡਾ ਭਰਾ ਮੈਰਿਡ ਅਤੇ ਯੂ ਕੇ ਹੀ ਸੈਟਲਡ ਹੈ। ਸੰਪਰਕ: 1 236 332 6769 ***245***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵੈਜੀਟੇਰੀਅਨ,ਵਰਕ ਪਰਮਿਟ ਹੋਲਡਰ ਲੜਕੇ, ਉਮਰ 29 ਸਾਲ, 5 ਕਿੱਲੇ ਜ਼ਮੀਨ ਦੇ ਮਾਲਕ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ ਮੋਬਾਇਲ ਨੰ: 403 622 1500 ***241***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ ਵੈੱਲਸੈਟਲਡ, ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ : 587 574 0492 ਜਾਂ 587 433 7245 ***245***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਾਜਵਾ ਪਰਿਵਾਰ ਦੇ ਲੜਕੇ ਉਮਰ 31 ਸਾਲ,ਕੱਦ 5 ਫੁੱਟ 11 ਇੰਚ, **Qualification-** Electro technology engineering diploma level 6 from New Zealand, ਬਰਨਾਲਾ ਇਲਾਕੇ ਨਾਲ ਸਬੰਧਿਤ ਹੁਣ ਕੈਲਗਰੀ ਟਰੱਕ ਅਪਰੇਟਰ ਦੀ ਜੌਬ ਕਰਦੇ ਲਈ,ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 431 335 8706 ***245***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਗਿੱਲ ਪਰਿਵਾਰ (ਮਜ਼੍ਹਬੀ ਸਿੱਖ) ਦੇ ਤਲਾਕਸ਼ੁਦਾ ਲੜਕੇ ਉਮਰ 36 ਸਾਲ,ਕੱਦ 5 ਫੁੱਟ 7 ਇੰਚ,ਵਿੱਦਿਅਕ ਯੋਗਤਾ: ਬੀ ਟੈੱਕ ਪੀ ਜੀ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ: 1 204 406 0310 ਜਾਂ ਈ ਮੇਲ: 2024.singhdeep@gmail.com ***241***

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਘੱਗ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਹਾਈ ਸਕੂਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮੁੰਬਈ ਦਾ ਜੰਮਪਲ ਹੈ। ਲੜਕੇ ਦੀ ਇੱਕ ਭੈਣ ਕਨੇਡਾ ਵੈੱਲ ਸੈਟਲਡ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 400 2100 ***240***

## ਲੜਕੇ ਦੀ ਲੋੜ

ਵਿਜਟਰ ਵੀਜੇ ਉੱਪਰ ਕਨੇਡਾ ਰਹਿੰਦੀ ਜੱਟ ਸਿੱਖ ਸੰਧੂ ਪਰਿਵਾਰ ਦੀ ਪੜੀ ਲਿਖੀ, ਖੂਬਸੂਰਤ ਲੜਕੀ ਜਨਮ 1990 ,ਕੱਦ 5 ਫੁੱਟ 7 ਇੰਚ ,ਵਿੱਦਿਅਕ ਯੋਗਤਾ: ਬੀ ਟੈੱਕ, ਐਮ ਟੈੱਕ , ਲਈ ਹਾਣ ਪ੍ਰਵਾਨ, ਪੜੇ ਲਿਖੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਵਿਨੀਪੈੱਗ, ਕਨੇਡਾ ਹੀ ਰਹਿ ਰਿਹਾ ਹੈ । ਸੰਪਰਕ: 1- 204 914 3200 ***244 ***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 825 513 2797 ***244 ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਸਬੰਧਿਤ ਕੈਲਗਰੀ ਰਹਿੰਦੇ ਲੜਕੇ ਉਮਰ 31 ਸਾਲ,ਕੱਦ 5 ਫੁੱਟ 11 ਇੰਚ,ਵਿੱਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਘੱਟੋ ਘੱਟ ਗਰੈਜੂਏਟ ਅਤੇ ਕੱਦਾਵਰ ਹੋਵੇ। ਮਾਝੇ ਨੂੰ ਪਹਿਲ। ਸੰਪਰਕ 587 839 7750 ਈ ਮੇਲ: Virknarinder66@gmail.com ***240***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਦੇ ਵਿਨੀਪੈੱਗ ਰਹਿੰਦੇ ਲੜਕੇ ,ਉਮਰ 28 ਸਾਲ,ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ ਸਿਵਲ ਇੰਜੀਨੀਅਰ,ਲਈ ਖਾਨਦਾਨੀ ਪਰਿਵਾਰ ਦੀ ਹਾਣ ਪ੍ਰਵਾਣ ਦੀ ਸੁੰਦਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮਿਹਨਤੀ ਅਤੇ ਨਸ਼ਾ ਰਹਿਤ ਹੈ। ਪਰਿਵਾਰ ਕੋਲ ਪੰਜਾਬ ਵਿਚ 28 ਏਕੜ ਜ਼ਮੀਨ ਹੈ। ਵਿਨੀਪੈੱਗ-ਫਰੀਦਕੋਟ ਏਰੀਆ ਨੂੰ ਪਹਿਲ। ਸੰਪਰਕ ਵਟਸਐਪ :1 438 355 2014 ਜਾਂ ਇੰਡੀਆ: 98784 41852 ***240***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਤਲਾਕ ਸ਼ੁਦਾ (ਸਾਰਟ ਟਰਮ ਦੋ ਮਹੀਨੇ) ਉਮਰ 35 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ:ਬੀ ਸੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈੱਟਲ ਹੈ। ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ।ਸੰਪਰਕ :1 (780) 604-0209 ***244 ***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਵਿਜ਼ਟਰ ਵੀਜ਼ਾ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ ਕੱਦ 5 ਫੁੱਟ 7 ਇੰਚ,ਬੀ ਏ, ਐਲ ਐਲ ਬੀ, ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਆਪਣੀ ਕਨੇਡੀਅਨ ਪੀ ਆਰ ਭੈਣ ਕੋਲ ਰਹਿ ਰਿਹਾ ਹੈ। ਸੰਪਰਕ:+1 (587) 429-0278 ***244 ***

## ਲੜਕੀ ਦੀ ਲੋੜ

ਜੱਟ ਸਿੱਖ ਸੰਧੂ ਪਰਿਵਾਰ ਦੇ ਵਰਕ ਪਰਮਿਟ ਹੋਲਡਰ ਲੜਕੇ ਉਮਰ 30 ਸਾਲ ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: 2 ਸਾਲ ਡਿਪਲੋਮਾ ਇਨ ਕਨੇਡਾ, ਇੰਡੀਆ ਤੋਂ ਬੀਬੀਏ ਗ੍ਰੈਜੂਏਸ਼ਨ ਲਈ ਹਾਣ ਪਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਆਪਣੇ ਭਰਾ ਨਾਲ ਹੀ ਕੈਲਗਰੀ ਰਹਿੰਦਾ ਹੈ ਅਤੇ ਡਰਾਈਵਾਲ ਦਾ ਕੰਮ ਕਰਦਾ ਹੈ। ਸੰਪਰਕ: 403 900 9000 ਜਾਂ 416 723 4029 ***240 ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨ੍ਹਦੇ, ਕਨੇਡਾ ਵਿੱਚ ਪੜੇ ਲਿਖੇ ਲੜਕੇ, ਉਮਰ 24 ਸਾਲ,ਕੱਦ 5 ਫੁੱਟ 9 ਇੰਚ, ਵਿੱਦਿਅਕ ਯੋਗਤਾ ਇਨਫੋਰਮੇਸ਼ਨ ਟੈਕਨਾਲੋਜੀ,ਸਪੈਸਲੈਜਿੰਗ ਇਨ ਸਾਇਬਰ ਸਕਿ-ਰਿਟੀ ਲਈ ਹਾਣ ਪਰਵਾਣ ਦੀ ਚੰਗੀ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 403 971 5707 ਸ਼ਾਮ ਵੇਲੇ ਲਈ ਫੋਨ: 403 831 7787 ***243***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੇ ਦੀ ਲੋੜ

ਕਨੇਡਾ ਵਿਚ ਪੜ੍ਹਾਈ ਉਪਰੰਤ ਵਰਕ ਪਰਮਿਟ ਉੱਪਰ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ,ਜਨਮ 1993, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਸੀ ਕਨੇਡਾ ਤੋਂ ਪੀ ਜੀ ਡਿਪਲੋਮਾਂ ਇਨ ਬਿਜਨਿਸਮੈਨੇਜਮੈਂਟ ਅਤੇ ਯੂਨੀਵਰਿਸਟੀ ਮੁੰਬਈ ਤੋਂ ਮਾਸਟਰ ਇਨ ਕਾਮਰਸ ਲਈ ਹਾਣ ਪ੍ਰਵਾਣ ਦੇ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 899 6354 ***241***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ,ਉਮਰ 26 ਸਾਲ, ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਪਲੱਸ 2, ਕਨੇਡਾ ਵਰਕ ਪਰਮਿਟ ਉੱਪਰ ,ਪੰਜਾਬ ਵਿੱਚ ਪਰਿਵਾਰ ਕੋਲ 12 ਕਿੱਲੇ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਇੱਕ ਹੋਰ ਭਰਾ ਉਹ ਪੰਜਾਬ ਹੀ ਰਹਿੰਦਾ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਸਿਰਫ ਵਟਸਐਪ ਮੈਸੇਜ: : 587 720-3222, 403 971 0026 ਜਾਂ 91 97815 05313 ਈ ਮੇਲ : SEKHAGILL@HOTMAIL.COM ***242***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ,ਸਿੱਧੂ ਪਰਿਵਾਰ ਦੀ ਲੜਕੀ,ਜਨਮ 1989,ਕੱਦ 5 ਫੁੱਟ 4 ਇੰਚ,ਫੈਡਰਲ ਗੌਰਮਿੰਟ (ਐਲ ਆਰ ਐਡਵਾਈਜਰ) ਦੀ ਵਧੀਆ ਜੌਬ ਕਰ ਰਹੀ ਲਈ, ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜ੍ਹੇ ਲਿਖੇ,ਜੋ ਇੱਥੇ ਹੀ ਪੜ੍ਹ ਲਿਖਕੇ ਚੰਗੀ ਜੌਬ ਕਰਦਾ ਹੋਵੇ ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਫੋਨ ਕਾਲ ਜਾਂ ਵਟਸਐਪ ਮੈਸੇਜ: 1 204 283 1613 ***242***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 or 587 579 4899 ***UN****

## ਲੜਕੀ ਦੀ ਲੋੜ

ਅਮਰੀਕਾ ਵਿੱਚ ਵਰਕ ਪਰਮਿਟ ਤੇ ਕੰਮ ਕਰਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ,ਬੀ ਟੈੱਕ (ਡਰੌਪ ਆਊਟ) ਗੁਰਸਿੱਖ ਪਰਿਵਾਰ ਨਾਲ ਸਬੰਧਿਤ, ਲਈ ਕੈਨੇਡਾ ਜਾਂ ਅਮਰੀਕਾ ਵਿੱਚ ਨਾਗਰਿਕਤਾ ਪ੍ਰਾਪਤ ਜਾਂ ਵਰਕ ਪਰਮਿਟ ਤੇ ਰਹਿ ਰਹੀ ਯੋਗ ਕੰਨਿਆ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਕਰੋ 825-785-5487 ਜਾਂ ਈ ਮੇਲ: mslummay@gmail.com ***241***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਆਏ ਲੜਕੇ ਉਮਰ 31 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬੀ ਟੈੱਕ ,ਐਲ ਐਲ ਬੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 672 972 9683 ਜਾਂ 91-9814122621 ***241***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ,ਵੈੱਲ ਸੈਟਲਡ,ਸਿੱਖ ਰਾਜਪੂਤ,ਤਲਾਕ ਸੁਦਾ ਲੜਕੇ, ਉਮਰ 34 ਸਾਲ,ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 587 433 7245 ਜਾਂ 403 863 1809 ***241***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਸਾਲ,ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮਿਹਨਤੀ ਸੁਭਾਅ ਵਾਲਾ ਨਸ਼ੇ ਤੋਂ ਰਹਿਤ ਵੈਜੀਟੇਰੀਅਨ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਸੰਪਰਕ: 403 667 9796 ***241***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਾਮਗੜ੍ਹੀਆ ਸਿੱਖ ਕਲਸੀ ਪਰਿਵਾਰ ਦੀ ਤਲਾਸੁਦਾ ਲੜਕੀ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ ਬੀ ਏ ਲਈ ਹਾਣ ਪ੍ਰਵਾਣ ਦੇ ਰਾਮਗੜ੍ਹੀਆਂ ਸਿੱਖ ਪਰਿਵਾਰ ਵਿੱਚੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈੱਗ ਨੂੰ ਪਹਿਲ। ਸੰਪਰਕ: 1 204 599 9184 ***241***

## ਲੜਕੇ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ,ਰਾਮਦਾਸੀਆ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ: ਬੀ ਟੈੱਕ,ਪੀ ਜੀ ਡੀ ਸੀ ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ: 403 926 7372 ਜਾਂ 94648 35098 ***241***

## ਲੜਕੇ ਦੀ ਲੋੜ

ਜੱਟ ਸਿੱਖ ਕੰਗ ਪਰਿਵਾਰ ਦੀ ਸੋਹਣੀ ਸੁਨੱਖੀ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਜਨਮ ਦਸੰਬਰ 1989,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ : ਬੀ ਐੱਸ ਸੀ ,ਆਈ ਟੀ, ਵਰਕ ਪਰਮਿਟ ਉੱਪਰ ਕਨੇਡਾ ਰਹਿ ਰਹੀ ਹੈ, ਲਈ ਹਾਣ ਪ੍ਰਵਾਣ ਦੇ ਬਿਲਕੁੱਲ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 570 7133 ***241***

## ਲੜਕੀ ਦੀ ਲੋੜ

ਧਾਲੀਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿਜਟਿਰ ਵੀਜੇ ਉੱਪਰ ਕੈਲਗਰੀ ਰਹਿੰਦੇ ਲੜਕੇ ਜਨਮ 1985,ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਅਤੇ ਰਿਸ਼ਤੇਦਾਰ ਕਨੇਡਾ ਵਿਚ ਪੱਕੇ ਤੌਰ ਤੇ ਸੈਟਲ ਹਨ ਜੋ ਵਿਆਹ ਉਪਰੰਤ ਲੜਕੇ ਲੜਕੀ ਨੂੰ ਘਰ ਖਰੀਦਣ ਜਾਂ ਕੋਈ ਕੰਮਕਾਰ ਸੁਰੂ ਕਰਨ ਲਈ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦੇ ਹਨ। ਲੜਕੇ ਕੋਲ ਕਨੇਡਾ ਵਿੱਚ ਟਰੱਕ ਚਲਾਉਣ ਦਾ ਲਾਇਸੈਂਸ ਹੈ। ਸੰਪਰਕ: 403 681 0037 ਜਾਂ 403 614 0001 ***240***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜਨਮ ਦਸੰਬਰ 1991, ਕਲੀਨ ਸੇਵ, ਕੱਦ 5 ਫੁੱਟ 8 ਇੰਚ,ਵਿੱਦਿਅਕ ਯੋਗਤਾ: ਐਮ ਟੈੱਕ, ਸੈਣੀ ਪਰਿਵਾਰ ਦੇ ਇਸੂਲੈਸ ਤਲਾਕਸੁਦਾ,ਕੈਲਗਰੀ ਰਹਿੰਦੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵਾਲਮਾਰਟ ਫਲੀਟ ਵਿੱਚ ਡਰਾਈਵਰ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। (Girl upper caste no bar) ਸੰਪਰਕ: 587 707 4291 ***240***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀਲਿਖੀ,(Innocently Divorced) ਵਾਸਤੇ ਪੜ੍ਹੇਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***240***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 163 ਸੈਂਟੀਮੀਟਰ, ਵਿੱਦਿਅਕ ਯੋਗਤਾ : Criminology diploma ਹੋਲਡਰ ਅਤੇ ਹੁਣ ਹੈਲਥ ਕੇਅਰ ਅਸਿਸਟੈਂਟ ਦੀ ਜੌਬ ਕਰ ਰਹੀ ਲਈ ਵੈਜੀਟੇਰੀਅਨ ,ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: ਵਟਸਐਪ 91 8264464235 ਜਾਂ 1 204 730 7535 ***240***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਵੈਸ਼ਨੂੰ ਜੱਟ ਸਿੱਖ ਧਾਲੀਵਾਲ,ਉਮਰ 30 ਸਾਲ ਕੱਦ 5 ਫੁੱਟ 9 ਇੰਚ, ਪੈਟਰੋਲੀਅਮ ਇੰਜੀਨੀਅਰ ਦੀ ਜੌਬ ਕਰ ਰਹੇ ਲੜਕੇ ਲਈ ਬੀ ਐਸ ਸੀ ਨਰਸਿੰਗ,ਆਰ ਐਨ, ਕੱਦ 5 ਫੁੱਟ 4 ਇੰਚ, ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਕੇਸ ਵੀ ਵਿਚਾਰਨ ਯੋਗ। ਸੰਪਰਕ ਵਟਸਐਪ : 1 306 209 3896 ***240 RG ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ ।ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

## ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੀ ਮੀਟਿੰਗ 24 ਮਾਰਚ 2024 ਨੂੰ

ਕੈਲਗਰੀ ਵਿੱਚ ਰਾਮਗੜ੍ਹੀਆ ਭਾਈਚਾਰੇ ਵੱਲੋਂ ਸਥਾਪਿਤ ਕੀਤੀ ਗਈ ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੀ ਮੀਟਿੰਗ 24 ਮਾਰਚ 2024 ਨੂੰ ਨਮਸਤੇ ਰੈਸਟੋਰੈਂਟ ਨਾਰਥ ਈਸਟ ਵਿਖੇ ਦੁਪਹਿਰ 2:30 ਵਜੇ ਤੋਂ ਲੈਕੇ 4:30 ਤੱਕ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੇ ਪ੍ਰਧਾਨ ਕੈਮ ਖਾਂਬਾ ਨੇ ਦੱਸਿਆ ਕਿ ਭਵਿੱਖ ਵਿੱਚ ਸੰਸਥਾ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਰੂਪ ਰੇਖਾ ਤਿਆਰ ਕਰਨ ਦਾ ਵਿਚਾਰ ਹੈ। ਕੈਲਗਰੀ ਵਿੱਚ ਨਵੇਂ ਆਏ ਅਤੇ ਪਹਿਲਾਂ ਤੋਂ ਹੀ ਰਹਿ ਰਹੇ ਰਾਮਗੜ੍ਹੀਆ ਭਾਈਚਾਰੇ ਦੇ ਪਰਿਵਾਰਾਂ ਨੂੰ ਬੇਨਤੀ ਹੈ ਕਿ ਉਹ ਇਸ ਦਿਨ ਸਮੇਂ ਸਿਰ ਪਹੁੰਚਕੇ ਆਪਣੇ ਵਿਚਾਰ ਦੇਣ ਤਾਂ ਕਿ ਭਵਿੱਖ ਵਿੱਚ ਰਾਮਗੜ੍ਹੀਆ ਭਾਈਚਾਰੇ ਵੱਲੋਂ ਗੁਰੂਘਰ ਦੀ ਸਥਾਪਨਾ ਅਤੇ ਹੋਰ ਪਰਜੈਕਟਾਂ ਸਬੰਧੀ ਉਸਾਰੂ ਵਿਚਾਰ ਹੋ ਸਕੇ। ਵਧੇਰੇ ਜਾਣਕਾਰੀ ਲਈ ਕੈਮ ਖਾਂਬਾ ਨਾਲ 403 975 0128 ਉੱਪਰ ਸੰਪਰਕ ਕਰ ਸਕਦੇ ਹੋ।




### ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.

sikhsocietysknewland@gmail.com

## ਕਾਰਾਂ ਦੀਆਂ ਚਾਬੀਆਂ ਬਾਹਰ ਹੀ ਰੱਖ ਦਿਆ ਕਰੋ ਤਾਂ ਕਿ ਕਾਰ ਚੋਰ ਸਿਰਫ ਕਾਰ ਹੀ ਚੋਰੀ ਕਰਨ-ਟੌਰਾਂਟੋ ਪੁਲਿਸ ਦਾ ਇਹ ਕਹਿਣਾ ਹੈ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਗਰੇਟਰ ਟੌਰਾਂਟੋ ਏਰੀਆ ਵਿੱਚ ਪਿਛਲੇ ਲੰਬੇ ਸਮੇਂ ਤੋਂ ਕਾਰਾਂ ਚੋਰੀ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਤੇ ਇਹ ਕਾਰਾਂ ਚੋਰੀ ਕਰਕੇ ਹੋਰਨਾਂ ਦੇਸ਼ਾਂ ਵਿੱਚ ਪਹੁੰਚਾਈਆਂ ਜਾ ਰਹੀਆਂ ਨੇ ਇਸ ਵਰਤਾਰੇ ਕਾਰਨ ਗ੍ਰੇਟਰ ਟੌਰਾਂਟੋ ਦੇ ਆਮ ਲੋਕ ਕਾਫੀ ਪਰੇਸ਼ਾਨ ਹਨ ਪਰ ਇਸੇ ਦੌਰਾਨ ਟੌਰਾਂਟੋ ਪੁਲਿਸ ਵੱਲੋਂ ਲੋਕਾਂ ਨੂੰ ਦਿੱਤੇ ਗਏ ਮਸ਼ਵਰੇ ਕਾਰਨ ਟੌਰਾਂਟੋ ਪੁਲਿਸ ਦੀ ਕਾਫੀ ਜਿਆਦਾ ਕਿਰਕਰੀ ਹੋ ਰਹੀ ਹੈ ਤੇ ਸੋਸ਼ਲ ਮੀਡੀਆ ਉੱਤੇ ਟੌਰਾਂਟੋ ਪੁਲਿਸ ਦੀ ਲਗਾਤਾਰ ਆਲੋਚਨਾ ਕੀਤੀ ਜਾ ਰਹੀ ਹੈ। ਅਸਲ ਵਿੱਚ ਟੌਰਾਂਟੋ ਦੇ ਇੱਕ ਪੁਲਿਸ ਅਧਿਕਾਰੀ ਜਿਸ ਦਾ ਨਾਮ ਕਾਂਸਟੇਬਲ ਮਾਰਕੋ ਰਿਸੀਆਰਡੀ ਹੈ ਨੇ ਪਬਲਿਕ ਨਾਲ ਹੋਈ ਹੋਈ ਇੱਕ ਮੀਟਿੰਗ ਦੇ ਦੌਰਾਨ ਇਹ ਕਹਿ ਦਿੱਤਾ ਹੈ ਕਿ ਲੋਕ ਆਪਣੀਆਂ ਕਾਰਾਂ ਦੀਆਂ ਚਾਬੀਆਂ ਬਾਹਰ ਹੀ ਰੱਖ ਦਿਆ ਕਰਨ ਤਾਂ ਕਿ ਜੇਕਰ ਕਾਰ ਚੋਰੀ ਕਰਨ ਵਾਲੇ ਆਉਣ ਤਾਂ ਉਹ ਸਿਰਫ ਕਾਰ ਚੋਰੀ ਕਰਨ ਅਤੇ ਲੋਕਾਂ ਨੂੰ ਕਿਸੇ ਤਰ੍ਹਾਂ ਦਾ ਹੋਰ ਨੁਕਸਾਨ ਨਾ ਪਹੁੰਚੇ ਇਸ ਪੁਲਿਸ ਅਧਿਕਾਰੀ ਨੇ ਆਖਿਆ ਸੀ ਕਿ ਚੋਰਾਂ ਦੇ ਕੋਲ ਅਸਲੀ ਪਿਸਤੌਲਾਂ ਹੁੰਦੀਆਂ ਹਨ ਅਤੇ ਉਹ ਤੁਹਾਨੂੰ ਨੁਕਸਾਨ ਪਹੁੰਚਾ ਸਕਦੇ ਹਨ।

## ਭਾਰਤ ਵਿੱਚ ਨਾਗਰਿਕਤਾ ਕਾਨੂੰਨ ਸੀਏਏ ਸਬੰਧੀ ਅਮਰੀਕਾ ਚਿੰਤਾ ਕਰ ਰਿਹਾ ਹੈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਨੇ ਕਿਹਾ ਹੈ ਕਿ ਉਹ ਭਾਰਤ ਵਿੱਚ ਨਾਗਰਿਕਤਾ (ਸੋਧ) ਕਾਨੂੰਨ (ਸੀਏਏ) ਦੇ ਨੋਟੀਫਿਕੇਸ਼ਨ ਕਾਰਨ ਚਿੰਤਤ ਹੈ ਅਤੇ ਇਸ ਦੇ ਲਾਗੂ ਕਰਨ ਦੀ ਪ੍ਰਕਿਰਿਆ 'ਤੇ ਨੇੜਿਓਂ ਨਿਗਰਾਨੀ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ 'ਚ ਕਿਹਾ, 'ਅਸੀਂ 11 ਮਾਰਚ ਨੂੰ ਨਾਗਰਿਕਤਾ (ਸੋਧ) ਕਾਨੂੰਨ ਦੇ ਨੋਟੀਫਿਕੇਸ਼ਨ ਕਾਰਨ ਚਿੰਤਤ ਹਾਂ। ਅਸੀਂ ਇਸ ਐਕਟ ਦੀ ਬਾਰੀਕੀ ਨਾਲ ਨਿਗਰਾਨੀ ਕਰ ਰਹੇ ਹਾਂ। ਧਾਰਮਿਕ ਅਜ਼ਾਦੀ ਦਾ ਸਤਿਕਾਰ ਅਤੇ ਸਾਰੇ ਭਾਈਚਾਰਿਆਂ ਨਾਲ ਕਾਨੂੰਨ ਅਧੀਨ ਬਰਾਬਰ ਦਾ ਵਿਹਾਰ ਬੁਨਿਆਦੀ ਜਮਹੂਰੀ ਸਿਧਾਂਤ ਹਨ।ਉਧਰ ਅਮਰੀਕਾ ਵੱਲੋਂ ਸੀਏਏ ਬਾਰੇ ਆਪਣੀ ਚਿੰਤਾ ਪ੍ਰਗਟਾਉਣ 'ਤੇ ਭਾਰਤ ਨੇ ਨਾਰਾਜ਼ਗੀ ਜਤਾਈ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਨਾਗਰਿਕਤਾ (ਸੋਧ) ਕਾਨੂੰਨ ਭਾਰਤ ਦਾ ਅੰਦਰੂਨੀ ਮਾਮਲਾ ਹੈ, ਇਸ ਨੂੰ ਦੇਸ਼ ਦੀਆਂ ਸਾਂਝੀਆਂ ਪ੍ਰੰਪਰਾਵਾਂ ਤੇ ਮਨੁੱਖੀ ਅਧਿਕਾਰਾਂ ਪ੍ਰਤੀ ਲੰਬੇ ਸਮੇਂ ਦੀ ਵਚਨਬੱਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਗੂ ਕੀਤਾ ਗਿਆ ਹੈ।




# ਇੱਕ ਵਾਰੀ ਆ ਜਾ ਹਾਣੀਆਂ- 1

ਗੱਲ 2009-10 ਦੀ ਹੋਵੇਗੀ, ਮਾਨਸਾ ਤੋਂ ਦਸ ਕੁ ਮੀਲ ਦੀ ਦੂਰੀ ਤੇ ਪਿੰਡ ਲਾਲਿਆਂਵਾਲੀ ਹੈ, ਆਥਣੇ ਦੀਵਿਆਂ ਵੇਲੇ ਜਿਹੇ ਲਾਲਿਆਂਵਾਲੀ ਤੋਂ ਮੇਰੇ ਬੇਲੀ ਗੁਰਜੀਤ ਦਾ ਫੋਨ ਆਇਆ ਤੇ ਉਹ ਕਹਿੰਦਾ,

"ਬਾਂਸਲ ਸਾਹਿਬ, ਲੇਟ ਫੋਨ ਕਰਨ ਲਈ ਗੁਸਤਾਖ਼ੀ ਮੁਆਫ, ਪਰ ਤੁਹਾਡੀ ਲੋੜ ਪੈ ਗਈ। ਗੱਲ ਇਹ ਐ ਕਿ ਮੈਂ ਤੇ ਮਰੀਕਾ ਪ੍ਰਧਾਨ ਖੇਤ ਬੈਠੇ ਆਂ। ਦੋ-ਦੋ ਪੈੱਗ ਘਰ ਦੀ ਦੇ ਲਾਏ ਹੋਏ ਐ ਤੇ ਸਾਡੇ ਸਿੰਙ ਫਸਗੇ। ਅੰਗਰੇਜ਼ੀ ਦੀ ਬੋਤਲ-ਬੋਤਲ ਦੀ ਸ਼ਰਤ ਲੱਗੀ ਐ ਸਾਡੀ। ਸਾਡੇ ਟਰੈਕਟਰ ਆਲੇ ਡੈੱਕ 'ਤੇ ਦੀਦਾਰ ਸੰਧੂ ਤੇ ਸੁਰਿੰਦਰ ਕੌਰ ਦੀ ਗੀਲ੍ਹ ਚੱਲੀ ਜਾਂਦੀ ਐ, ਇਹਦੇ 'ਚ ਇੱਕ ਗਾਣਾ ਐ, 'ਬੋਤਲ ਵਰਗਾ ਗਲ ਵੇ, ਮੇਰਾ ਨਰਮ ਕਾਲਜਾ'। ਮਰੀਕਾ ਪ੍ਰਧਾਨ ਕਹਿੰਦਾ ਬਈ ਇਹ 'ਵਾਜ਼ ਦੀਦਾਰ ਦੀ ਨਹੀਂ ਤੇ ਮੈਂ ਕਿਹਾ ਦੀਦਾਰ ਦੀ ਈ ਐ। ਹੁਣ ਤੁਸੀਂ ਸਾਡੀ ਸ਼ਰਤ ਦਾ ਨਿਬੇੜਾ ਕਰੋ। ਦੱਸੋ ਕਿ ਇਹ ਗੀਤ ਕੀਹਦਾ ਐ।"

ਮੈਂ ਗੁਰਜੀਤ ਦੀ ਗੱਲ ਸੁਣ ਕੇ ਹੱਸਦਿਆਂ ਹੋਇਆਂ ਕਿਹਾ,



ਹਰਭਜਨ ਸਿੰਘ ਚਮਕ

"ਗੁਰਜੀਤ, ਜੇ ਠੇਕਾ ਖੁੱਲ੍ਹਾ ਐ ਤਾਂ ਅੰਗਰੇਜ਼ੀ ਦੀ ਬੋਤਲ ਫੜ ਲਿਆ, ਤੂੰ ਹਾਰ ਗਿਆ ਤੇ ਅਮਰੀਕ ਪ੍ਰਧਾਨ ਜਿੱਤ ਗਿਆ।"

ਅੱਗੋਂ ਗੁਰਜੀਤ ਕਹਿੰਦਾ,

"ਮਰਵਾਤਾ ਯਾਰ। ਪਰ ਇਸ ਗੀਲ੍ਹ 'ਤੇ ਫੋਟੂ ਵੀ ਦੀਦਾਰ ਸੰਧੂ ਤੇ ਸੁਰਿੰਦਰ ਕੌਰ ਦੀ ਐ, ਨਾਮ ਵੀ ਇਹੀ ਲਿਖੇ ਹੋਏ ਐ, ਫੇਰ ਇਹ ਕੀ ਗੱਲ ਬਣੀ, ਇਹ 'ਵਾਜ਼ ਕੀਹਦੀ ਐ ?"

ਅਸਲ ਵਿੱਚ ਰਿਕਾਰਡਾਂ ਦੇ ਯੁੱਗ ਦੇ ਅੰਤਲੇ ਦੌਰ 'ਚ ਜਦੋਂ ਕੈਸਿਟ ਯੁੱਗ ਪ੍ਰਚੱਲਤ ਹੋਇਆ ਤਾਂ ਉਸ ਵੇਲੇ ਕੈਸਿਟ ਵਪਾਰੀਆਂ ਵੱਲੋਂ ਜਾਣੇ ਅਣਜਾਣੇ ਬਹੁਤ ਵਧੀਕੀਆਂ ਹੋਈਆਂ। ਕੁੱਝ ਮਜ਼ਬੂਰੀ ਵੱਸ ਤੇ ਕੁੱਝ ਅਣਜਾਣਪੁਣੇ ਵਿੱਚ।

ਦੀਦਾਰ ਸੰਧੂ ਤੇ ਸੁਰਿੰਦਰ ਕੌਰ ਦੇ ਸਾਰੇ ਰਿਕਾਰਡ ਇੱਕੱਠੇ ਕਰਕੇ ਕੁੱਲ 54 ਮਿੰਟ ਦੇ ਬਣ ਗਏ। ਦੀਦਾਰ ਦਾ ਸੁਰਿੰਦਰ ਕੌਰ ਨਾਲ ਕੋਈ ਗੀਤ ਨਾ ਬਚਿਆ। ਕੈਸਿਟ ਵਿੱਚ ਪੰਜ ਛੇ ਮਿੰਟ ਦੀ ਥਾਂ ਖਾਲੀ ਰਹਿੰਦੀ ਦੇਖ ਕੈਸਿਟ ਬਣਾਉਣ ਵਾਲੇ ਨੇ 'ਸਾਬਰ ਹੁਸੈਨ ਸਾਬਰ ਤੇ ਸੁਰਿੰਦਰ ਕੌਰ' ਦਾ ਇੱਕ ਰਿਕਾਰਡ ਲਿਆ ਤੇ ਉਸੇ ਕੈਸਿਟ ਵਿੱਚ ਪਾਉਂਦਿਆਂ ਕੈਸਿਟ ਪੂਰੀ ਘੰਟੇ ਦੀ ਬਣਾ ਕੇ ਮਾਰਕੀਟ ਵਿੱਚ ਭੇਜ ਦਿੱਤੀ। ਕੈਸਿਟ ਦੇ ਕਵਰ 'ਤੇ ਨਾਮ ਦੀਦਾਰ ਸੰਧੂ ਤੇ ਸੁਰਿੰਦਰ ਕੌਰ ਦਾ ਲਿਖ ਦਿੱਤਾ। ਇਹਦੇ ਨਾਲ ਸ੍ਰੋਤੇ ਦਾ ਆਰਥਿਕ ਨੁਕਸਾਨ ਤਾਂ ਨਹੀਂ ਹੋਇਆ, ਪਰ ਗਾਇਕਾਂ, ਗੀਤਕਾਰਾਂ ਦਾ ਬਹੁਤ ਨੁਕਸਾਨ ਹੋਇਆ। ਇੱਕ ਚੰਗਾ ਭਲਾ ਗਾਇੱਕ ਤੇ ਉਸਦਾ ਵਧੀਆ ਗੀਤ ਮਨਫ਼ੀ ਹੋ ਕੇ ਕਿਸੇ ਦੂਸਰੇ ਗਾਇਕ ਦੇ ਨਾਮ ਨਾਲ ਜੁੜ ਗਿਆ। ਇਸ ਲਾਪਰਵਾਹੀ ਨੇ ਨਵੀਂ ਸ੍ਰੋਤਾ ਪੀੜ੍ਹੀ ਨੂੰ ਹਨੇਰੇ ਦੀ ਇੱਕ ਡੂੰਘੀ ਖਾਈ ਵਿੱਚ ਸੁੱਟ ਦਿੱਤਾ। ਛੋਟੇ ਰਿਕਾਰਡਾਂ ਤੋਂ ਵੱਡੇ ਰਿਕਾਰਡਾਂ 'ਚ ਗੀਤ ਤਬਦੀਲ ਕਰਨ ਵੇਲੇ ਵੀ ਬਹੁਤ ਅਣਗਹਿਲੀਆਂ ਹੋਈਆਂ।

ਉਸ ਵੇਲੇ ਮਾਰਕੀਟ ਵਿੱਚ ਇੱਕ ਕੈਸਿਟ ਆਈ ਜਿਸਦਾ ਟਾਈਟਲ ਸੀ, 'ਸ਼ਿਵ ਕੁਮਾਰ ਬਟਾਲਵੀ ਦੇ ਗੀਤ'। ਗਾਇਕ ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ। ਉਸ ਵਿੱਚ, ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਸੱਜਣਾਂ ਨੇ ਫੁੱਲ ਮਾਰਿਆ, ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ, ਮੈਨੂੰ ਹੀਰੇ ਹੀਰੇ ਆਖੇ, ਅੱਖੀਆਂ 'ਚ ਤੂੰ ਵਸਦਾ, ਇੱਕ ਵਾਰੀ ਆ ਜਾ ਹਾਣੀਆਂ ਸਮੇਤ ਕੁੱਲ ਬਾਰਾਂ ਗੀਤ ਸਨ, ਜਦੋਂ ਕਿ ਸ਼ਿਵ ਕੁਮਾਰ ਬਟਾਲਵੀ ਦੇ ਲਿਖੇ ਤਾਂ ਸਿਰਫ ਪੰਜ ਗੀਤ ਹੀ ਸਨ। ਸੱਤ ਗੀਤ ਹੋਰ ਗੀਤਕਾਰਾਂ ਦੇ ਵੀ ਸ਼ਿਵ ਕੁਮਾਰ ਬਟਾਲਵੀ ਦੇ ਹੋਣ ਦਾ ਹੀ ਭੁਲੇਖਾ ਪਾ ਗਏ, ਕਿਉਂਕਿ ਇਹਨਾਂ ਗੀਤਾਂ 'ਚ ਗੀਤਕਾਰ ਦਾ ਨਾਮ ਨਹੀਂ ਸੀ ਬੋਲਦਾ। ਕੈਸਿਟ ਦੇ ਕਵਰ ਤੇ ਜੋ ਨਾਮ ਲਿਖਿਆ ਗਿਆ, ਸ੍ਰੋਤਿਆਂ ਲਈ ਉਹ ਉਹਦਾ ਹੀ ਹੋ ਗਿਆ।

ਜੇ ਥੋੜਾ ਡੂੰਘਾ ਸੋਚ ਵਿਚਾਰ ਕੀਤਾ ਜਾਵੇ ਤਾਂ 'ਚੜ੍ਹ ਪੀਂਘ ਦੇ ਹੁਲਾਰੇ ਨਾਲ ਗਾਵਾਂ ਵੇ ਇੱਕ ਵਾਰੀ ਆ ਜਾ ਹਾਣੀਆਂ' ਬਹੁਤ ਵੱਡਾ ਗੀਤ ਹੈ। ਇਸਦੇ ਮੂਲ ਲੇਖਕ ਨੂੰ ਕੋਈ ਨਹੀਂ ਜਾਣਦਾ। ਕੈਸਿਟ ਸਨਅਤ ਦੀ ਗਲਤੀ ਨਾਲ ਇਸਨੂੰ ਸ਼ਿਵ ਕੁਮਾਰ ਬਟਾਲਵੀ ਦੇ ਹੀ ਖਾਤੇ ਪਾ ਦਿੱਤਾ ਗਿਆ।

ਆਓ! ਇਸ ਲੇਖ ਵਿੱਚ ਇਸ ਗੀਤ ਦੇ ਅਸਲ ਗੀਤਕਾਰ ਦੀ ਗੱਲ ਕਰਦੇ ਹਾਂ, ਜਿਸਦੇ ਬੋਲ ਹਨ:

*ਚੜ੍ਹ ਪੀਂਘ ਦੇ ਹੁਲਾਰੇ ਨਾਲ*
*ਗਾਵਾਂ*
*ਵੇ ਇੱਕ ਵਾਰੀ ਆ ਜਾ ਹਾਣੀਆਂ*
*ਕੀਹਨੂੰ ਦਿਲ ਦੀਆਂ ਖੋਲ੍ਹ*
*ਸੁਣਾਵਾਂ*
*ਵੇ ਇੱਕ ਵਾਰੀ ਆ ਜਾ ਹਾਣੀਆਂ*

*ਗੁੱਤ ਭੁੜਕੇ ਪਰਾਂਦਾ ਪਾਵੇ ਕਿੱਕਲੀ*
*ਲੱਖਾਂ ਕਰਕੇ ਬਹਾਨੇ ਘਰੋਂ ਨਿੱਕਲੀ*

*'ਕੱਲੀ ਪੀਂਘ ਦੇ ਹੁਲਾਰੇ ਨਾਲ*
*ਗਾਵਾਂ*
*ਵੇ ਇੱਕ ਵਾਰੀ ਆ ਜਾ ਹਾਣੀਆਂ*

*ਗੋਰੀ ਵੀਣੀ ਉੱਤੇ ਵੰਗਾਂ ਸੱਤ*
*ਰੰਗੀਆਂ*
*ਭਾਵੇਂ ਚੰਗੀਆਂ ਢੋਲਾ ਵੇ ਭਾਵੇਂ*
*ਮੰਦੀਆਂ*
*ਤੇਰੀ ਦੀਦ ਦੀਆਂ ਭੁੱਖੀਆਂ*
*ਨਿਗਾਵਾਂ*
*ਵੇ ਇੱਕ ਵਾਰੀ ਆ ਜਾ ਹਾਣੀਆਂ*

*ਗੁੱਤ ਸੱਪਣੀ ਕਲਾਵਾ ਮਾਰੇ ਲੱਕ ਨੂੰ*
*ਲੋਕੀਂ ਵੇਖਦੇ ਬੁੱਲਾਂ 'ਤੇ ਮਲੇ ਸੱਕ ਨੂੰ*
*ਬਾਹਵਾਂ ਗੋਰੀਆਂ 'ਚ ਮੁੱਖੜਾ*
*ਲੁਕਾਵਾਂ*
*ਵੇ ਇੱਕ ਵਾਰੀ ਆ ਜਾ ਹਾਣੀਆਂ*

ਇਸ ਗੀਤ ਦੇ ਗੀਤਕਾਰ ਦਾ ਨਾਮ ਹੈ, 'ਹਰਭਜਨ ਸਿੰਘ ਚਮਕ'। ਇਹ ਗੀਤ 1969 'ਚ ਛੋਟੇ ਤਵੇ 'ਤੇ ਰਿਕਾਰਡ ਹੋਇਆ ਸੀ, ਇਸ ਤਵੇ ਦੇ ਦੂਜੇ ਪਾਸੇ ਸ਼ਿਵ ਕੁਮਾਰ ਬਟਾਲਵੀ ਦਾ ਗੀਤ ਸੀ, 'ਇੱਕ ਮੇਰੀ ਅੱਖ ਕਾਸ਼ਨੀ'। ਇਹ ਗੀਤ ਸ਼ਿਵ ਕੁਮਾਰ ਦੀਆਂ ਕਿਤਾਬਾਂ 'ਚ ਵੀ ਦਰਜ ਹੈ। ਪਰ ਜਦੋਂ ਇਹ ਦੋਵੇਂ ਗੀਤ ਵੱਡੇ ਰਿਕਾਰਡ 'ਚ ਤਬਦੀਲ ਹੋਏ ਤਾਂ ਲਿਖਤ 'ਚ 'ਹਰਭਜਨ ਸਿੰਘ ਚਮਕ' ਮਨਫ਼ੀ ਹੋ ਗਿਆ। ਆਉ ਹੁਣ ਹਰਭਜਨ ਸਿੰਘ ਚਮਕ ਦੀ ਗੱਲ ਕਰੀਏ।

ਹਰਭਜਨ ਸਿੰਘ ਦਾ ਜਨਮ ਅਣਵੰਡੇ ਪੰਜਾਬ ਦੇ ਸ਼ਹਿਰ ਗੁੱਜਰਾਂਵਾਲਾ ਵਿੱਚ 1934 'ਚ ਹੋਇਆ। 1947 ਦੀ ਵੰਡ ਵੇਲੇ ਹਰਭਜਨ ਸਿੰਘ ਦੇ ਪਿਤਾ ਵਰਿਆਮ ਸਿੰਘ ਜੀ ਪਰਿਵਾਰ ਸਮੇਤ ਉੱਧਰੋਂ ਉੱਜੜ ਕੇ ਦਿੱਲੀ ਆ ਗਏ। ਵਰਿਆਮ ਸਿੰਘ ਦੇ ਦੋ ਲੜਕੇ ਸਨ ਜਿਨ੍ਹਾਂ 'ਚੋਂ ਵੱਡਾ 'ਹਰਭਜਨ ਸਿੰਘ' ਸੀ। ਉਸਦੀ ਉਮਰ ਉਸ ਵੇਲੇ ਮਹਿਜ ਤੇਰਾਂ ਵਰ੍ਹੇ ਸੀ। ਆਰਥਿਕ ਮੰਦਹਾਲੀ, ਤੇ ਉਜਾੜੇ ਦੇ ਵਿੰਨੇ ਪਰਿਵਾਰ ਨੇ ਦਿੱਲੀ ਆ ਕੇ ਫ਼ਿਰੋਜਸ਼ਾਹ ਕੋਟਲਾ ਵਿਖੇ ਸ਼ਰਨ ਲੈ ਲਈ। ਦੋਨੋਂ ਭਰਾ, ਪਿਤਾ ਨਾਲ ਰਲ ਕੇ ਮਿਹਨਤ-ਮਜ਼ਦੂਰੀ ਕਰਨ ਲੱਗ ਪਏ। ਪੰਦਰਾਂ ਕੁ ਸਾਲ ਦੀ ਉਮਰ 'ਚ ਵੱਡੇ ਲੜਕੇ ਹਰਭਜਨ ਸਿੰਘ ਨੇ ਚਾਂਦਨੀ ਚੌਕ ਦੇ ਦਰੀਬਾਂ ਕਲਾਂ ਵਿੱਚ ਸੁਨਿਆਰੇ ਦੀ ਦੁਕਾਨ 'ਤੇ ਨੌਕਰੀ ਕਰ ਲਈ ਤੇ ਨਾਲ-ਨਾਲ ਗਹਿਣੇ ਬਣਾਉਣੇ ਵੀ ਸਿੱਖਦਾ ਰਿਹਾ। ਹੌਲੀ-ਹੌਲੀ ਹਰਭਜਨ ਸਿੰਘ ਗਹਿਣਿਆਂ ਦਾ ਵਧੀਆ ਕਾਰੀਗਰ ਬਣ ਗਿਆ, ਪਰ ਪੜ੍ਹਾਈ ਵੱਲੋਂ ਉਹ ਕੋਰਾ ਅਨਪੜ੍ਹ ਹੀ ਰਹਿ ਗਿਆ। ਕੰਮ ਕਰਦਿਆਂ ਮਨ ਹੀ ਮਨ ਉਹ ਗੀਤਾਂ ਦੇ ਮੁੱਖੜੇ ਘੜ੍ਹਦਾ ਰਹਿੰਦਾ। ਗੀਤਕਾਰੀ ਦਾ ਸ਼ੌਕ ਜਾਗ ਪਿਆ ਤੇ ਇਸ ਖੇਤਰ 'ਚ ਪ੍ਰਪੱਕਤਾ ਹਾਸਿਲ ਕਰਨ ਲਈ ਉਸਨੇ ਗਿਆਨ ਸਿੰਘ 'ਮਹਿਰਮ' ਨੂੰ ਉਸਤਾਦ ਧਾਰ ਲਿਆ। ਉਸਤਾਦ ਜੀ ਨੇ ਸੋਨੇ ਦੀ ਲਿਸ਼ਕ ਜਿਹਾ ਤਖ਼ੱਲਸ 'ਚਮਕ' ਉਸਦੇ ਨਾਮ ਨਾਲ ਜੋੜ ਦਿੱਤਾ। ਇਸ ਤਰ੍ਹਾਂ ਉਹ ਹਰਭਜਨ ਸਿੰਘ ਤੋਂ ਹਰਭਜਨ ਸਿੰਘ 'ਚਮਕ' ਬਣ ਗਿਆ। ਜੋ ਮਨ ਵਿੱਚ ਆਉਂਦਾ ਉਸਦੇ ਜ਼ੁਬਾਨੀ ਹੀ ਯਾਦ ਰਹਿੰਦਾ। ਉਸਨੂੰ ਕਾਪੀ 'ਤੇ ਲਿਖਣਾ ਨਹੀਂ ਆਉਂਦਾ ਸੀ।

ਹਰਭਜਨ ਸਿੰਘ ਨੇ ਔਰਤਾਂ ਦੀ ਵੀਣ੍ਹੀ ਵਿੱਚ ਪਹਿਨਣ ਵਾਲੇ ਕੰਗਣ ਬਣਾਉਣ 'ਚ ਪੂਰੀ ਮੁਹਾਰਤ ਹਾਸਿਲ ਕਰ ਲਈ। ਕੰਗਣ ਬਣਾਉਣ ਵਿੱਚ ਉਸ ਦੀ ਮਸ਼ਹੂਰੀ ਪੂਰੇ ਚਾਂਦਨੀ ਚੌਕ ਵਿੱਚ ਹੋ ਗਈ। ਜਿਸ ਕੰਗਣ ਉੱਤੇ ਰਵੇ ਬਣਾ ਕੇ ਲਾ ਦਿੱਤੇ ਜਾਣ, ਉਸ ਨੂੰ 'ਰਵਿਆਂ ਵਾਲੇ ਕੰਗਣ' ਆਖਦੇ ਹਨ। ਜਿਸ ਕੰਗਣ ਉੱਤੇ ਛੋਟੇ ਛੋਟੇ ਘੁੰਗਰੂ ਲਾ ਦਿੱਤੇ ਜਾਣ ਉਸਨੂੰ 'ਛਣ ਕੰਗਣਾ' ਆਖਦੇ ਹਨ। ਰਵਿਆਂ ਵਾਲੇ ਕੰਗਣ ਬਣਾਉਣ ਵਿੱਚ ਤਾਂ ਉਸਦਾ ਕੋਈ ਸਾਨੀ ਹੀ ਨਹੀਂ ਸੀ।

ਚਾਂਦਨੀ ਚੌਕ ਨੂੰ ਦਿੱਲੀ ਦਾ ਦਿਲ ਕਿਹਾ ਜਾਂਦਾ ਹੈ। ਉੱਥੇ ਅਮੀਰ ਗਰੀਬ ਹਰ ਇੱਕ ਆਉਂਦਾ ਹੈ। ਪਰ ਸੋਨੇ ਦੀ ਦੁਕਾਨ ਅੰਦਰ ਤਾਂ ਅਮੀਰ ਲੋਕ ਹੀ ਅੰਦਰ ਵੜਦੇ ਹਨ। ਖ਼ਾਸਕਰ ਔਰਤਾਂ। ਮੈਂ ਇਹ ਤਾਂ ਨਹੀਂ ਜਾਣਦਾ ਕਿ ਉਹ ਕੌਣ ਭਾਗਭਰੀ ਸੀ, ਨਾ ਹੀ ਉਸ ਹੁਸਨਪਰੀ ਦਾ ਮੈਨੂੰ ਕੋਈ ਮੁਹਾਂਦਰਾ ਪਤਾ ਹੈ ਜੋ ਹਰਭਜਨ ਸਿੰਘ ਤੋਂ 'ਛਣ-ਕੰਗਣਾਂ' ਬਣਵਾ ਕੇ ਲੈ ਗਈ:

*ਛਣ-ਕੰਗਣਾਂ ਛਣਕਦਾ ਛਣ*
*ਛਣ ਛਣ*
*ਜਦੋਂ ਹੱਥਾਂ ਨੂੰ ਹਿਲਾਵਾਂ*
*ਜਦੋਂ ਚਰਖੀ ਚਲਾਵਾਂ*
*ਜਦੋਂ ਗਿੱਧੇ ਵਿੱਚ ਜਾਵਾਂ*
*ਮੈਂ ਬਣ ਠਣ ਠਣ, ਛਣ-ਕੰਗਣਾਂ*
*ਛਣਕਦਾ..*

*ਅੱਗੇ ਅੱਗੇ ਮੈਂ ਪਿੱਛੇ ਮਾਹੀ ਮੇਰਾ*
*ਦੌੜਿਆ*
*ਅੱਥਰੀ ਜਵਾਨੀ ਸਾਨੂੰ ਕਿਸੇ ਵੀ*
*ਨਾ ਮੋੜਿਆ*
*ਜਾਪੇ ਧਰਤੀ ਦਾ ਨੱਚ ਪਿਆ ਕਣ*
*ਕਣ ਕਣ*
*ਛਣ-ਕੰਗਣਾਂ ਛਣਕਦਾ..*

*ਗੋਰੀ ਗੋਰੀ ਵੀਣ੍ਹੀ ਉੱਤੇ ਲਸ਼ ਲਸ਼*
*ਕਰਦਾ*
*ਤੱਕ ਤੱਕ ਮਾਹੀ ਠੰਡੇ ਸਾਹ ਪਿਆ*
*ਭਰਦਾ*
*ਮੇਰਾ ਖ਼ੁਸ਼ੀ ਵਿੱਚ ਨੱਚ ਪਿਆ ਕਣ*
*ਕਣ ਕਣ*
*ਛਣ-ਕੰਗਣਾਂ ਛਣਕਦਾ..*

ਗਾਇਕਾ- ਸੁਰਿੰਦਰ ਕੌਰ
ਗੀਤਕਾਰ- ਹਰਭਜਨ ਸਿੰਘ ਚਮਕ
ਰਿਕਾਰਡ ਦਾ ਲੜੀ ਨੰਬਰ- 7EPE 1885
ਸਾਲ- 1970
ਕੰਪਨੀ- ਐੱਚ.ਐਮ.ਵੀ.

ਚਲਦਾ ਬਾਕੀ ਅਗਲੇ ਅੰਕ ਵਿਚ

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਪੁੱਛਣ ਵਾਲਾ ਹੋਵੇ ਕਿ ਹਰ ਗੀਤ ਧੀ ਭੈਣ ਨਾਲ ਬਹਿ ਕੇ ਹੀ ਸੁਣਨਾ ਲਾਜਮੀ ਹੈ ?

ਚਮਕੀਲਾ ਇੱਕ ਬਾਰ ਫਿਰ ਚਰਚਾ ਵਿੱਚ ਹੈ।

ਉਸ ਸਬੰਧੀ ਫੇਸਬੁੱਕ ਤੇ ਬਹਿਸ ਕਾਫੀ ਭਖੀ ਹੋਈ ਹੈ, ਸ਼ਾਇਦ ਇਮਤਿਆਜ਼ ਅਲੀ ਦੁਆਰਾ ਬਣਾਈ ਫਿਲਮ ਦੀ ਰਿਲੀਜਿੰਗ ਨੇੜੇ ਹੋਣ ਕਰਕੇ ਅਤੇ ਕੁੱਝ ਲੋਕਾਂ ਵੱਲੋਂ ਫਿਲਮ ਦਾ ਵਿਰੋਧ ਵੀ ਕੀਤਾ ਜਾ ਰਿਹਾ ਹੈ। ਪਰ ਕਈ ਥਾਂ ਚਮਕੀਲੇ ਦਾ ਵਿਰੋਧ ਵਾਲਿਆਂ ਦੇ ਗਾਲੋ ਗਾਲੀ ਵਾਲੇ ਕੁਮੈਂਟ ਪੜ੍ਹੇ ਕੇ ਹੈਰਾਨੀ ਹੁੰਦੀ ਹੈ।



ਹੱਦ ਹੋਗੀ ਯਰ ! ਕੈਸੇ ਲੋਕ ਨੇ, ਨਾਲੇ ਲੱਚਰ ਗਾਇਕ ਕਹਿੰਦੇ ਆ ਤੇ ਵਿਰੋਧ ਵੀ ਗਾਲਾਂ ਕੱਢ ਕੇ ਕਰ ਰਹੇ ਨੇ। ਬਹੁਤੇ ਥਾਂ ਵਿਰੋਧ ਕਰਨ ਵਾਲਿਆਂ ਦਾ ਇੱਕੋ ਕੁਮੈਂਟ ਹੁੰਦਾ ਕਿ ਪਹਿਲਾਂ ਚਮਕੀਲੇ ਦੇ ਗੀਤ ਆਪਣੀ ਧੀ ਭੈਣ ਨੂੰ ਸੁਣਾ।

ਉਨ੍ਹਾਂ ਨੂੰ ਪੁੱਛਣ ਵਾਲਾ ਹੋਵੇ ਕਿ ਹਰ ਗੀਤ ਧੀ ਭੈਣ ਨਾਲ ਬਹਿ ਕੇ ਹੀ ਸੁਣਨਾ ਲਾਜਮੀ ਹੈ ?

ਕੀ ਹੋਰ ਵੀ ਸਭ ਕੁੱਝ ਇਹ ਲੋਕ ਧੀਆਂ ਭੈਣਾਂ ਦੇ ਸਾਹਮਣੇ ਹੀ ਕਰਦੇ ਨੇ ?

ਜੋੜੀ ਫਿਲਮ ਚ ਦਿਲਜੀਤ ਦੁਸਾਂਝ ਦਾ ਡਾਇਆਲਾਗ ਹੈ, ਕੌਣ ਕਹਿੰਦਾ ਕਿ ਆਜਾ ਤਾਈ ਮੇਰੇ ਨਾਲ ਟਰੱਕ ਚ ਬਹਿ ਜਾ, ਕਲਕੱਤੇ ਤੱਕ ਗਾਣੇ ਸੁਣਦੇ ਚੱਲਾਂਗੇ।

*ਦਰਵੇਸ਼ ਗਾਇਕ ਵਜੋਂ ਜਾਣੇ ਜਾਂਦੇ ਲਾਲ ਚੰਦ ਯਮਲਾ ਜੱਟ ਦਾ ਗੀਤ,*
*ਵਿਸਕੀ ਦੀ ਬੋਤਲ ਵਰਗੀ ਮੈਂ*
*ਇੱਕ ਕੁੜੀ ਫਸਾ ਲਈ ਏ*
*ਮੱਖਣ ਦੀ ਟਿੱਕੀ ਵਰਗੀ ਇੱਕ*
*ਮੁੰਡਿਓ ਕੁੜੀ ਫਸਾ ਲਈ ਏ*
*ਕੌਣ ਧੀ ਭੈਣ ਨਾਲ ਬਹਿ ਕੇ ਸੁਣਦਾ ਏ ?*
*ਕੁਲਦੀਪ ਮਾਣਕ ਦਾ ਛੰਨਾ ਚੂਰੀ ਦਾ ਇੱਕ ਬੇਲੇ ਚਾਕ ਰੰਝੇਟੇ ਨੂੰ*
*ਨੂੰ ਕੌਣ ਧੀ ਭੈਣ ਨਾਲ ਬਹਿ ਕੇ ਸੁਣਦਾ ਏ ?*
*ਸਦੀਕ ਦਾ, ਖਿੱਚ ਲੈ ਚੁਬਾਰੇ ਵਿਚੋਂ ਬਾਂਹ ਫੜ੍ਹ ਕੇ*
*ਕੌਣ ਧੀ ਭੈਣ ਨਾਲ ਬਹਿ ਕੇ ਸੁਣਦਾ ਏ ?*
*ਨਾਲੇ ਕਹਿੰਦੀ ਸਿਰ ਦੁਖਦਾ ਨਾਲੇ ਅੱਜ ਮੇਰਾ ਮੂਡ ਖਰਾਬ*
*ਰਮਲੇ ਦਾ ਗੀਤ ਕੌਣ ਧੀ ਭੈਣ ਕੋਲ ਬਹਿ ਕੇ ਸੁਣਦਾ ਏ ?*
*ਦੀਦਾਰ ਸੰਧੂ ਦਾ, ਪੱਕੇ ਖਾਲ ਤੇ ਨਾਹੁੰਦੀ ਤੇ ਕੋਈ ਨਜ਼ਰ ਫੇਰ ਗਿਆ ਵੇ*
*ਕੌਣ ਧੀ ਭੈਣ ਨਾਲ ਬਹਿ ਕੇ ਸੁਣਦਾ ਏ ?*

ਗੀਤ ਸੰਗੀਤ ਚ ਇਸ਼ਕ ਮੁਸ਼ਕ ਦਾ ਵਿਸ਼ਾ ਕੋਈ ਅੱਜ ਦਾ ਨਹੀਂ, ਹੀਰ ਵਾਰਿਸ ਵੇਲੇ ਤੋਂ ਵੀ ਪਹਿਲਾਂ ਦਾ ਹੈ, ਪੁਰਾਣੇ ਸਮਿਆਂ ਚ ਲੋਕ ਬਾਹਰਲੇ ਘਰਾਂ ਚ ਪਿੱਪਲਾਂ ਬੋਹੜਾਂ ਥੱਲੇ ਬਹਿ ਕੇ ਕਿੱਸੇ ਪੜ੍ਹਦੇ ਹੁੰਦੇ ਸੀ, ਉਹ ਕਿਉਂ ਨੀ ਸੀ ਧੀ ਭੈਣਾਂ ਚ ਬਹਿ ਕੇ ਪੜ੍ਹਦੇ ?

ਉੱਪਰ ਹੋਰਾਂ ਗਾਇਕਾਂ ਦੇ ਗੀਤ ਤਾਂ ਲਿਖ ਦਿੱਤੇ ਪਰ ਵਾਰਿਸ਼ ਸ਼ਾਹ ਨੇ ਹੀਰ ਵਿੱਚ ਦੋ ਥਾਂ ਅਜਿਹੇ ਸ਼ਬਦ ਲਿਖੇ ਹਨ ਜੋ ਇੱਥੇ ਲਿਖਣਯੋਗ ਵੀ ਨਹੀਂ, ਸ਼ਾਇਦ ਉਹ ਹੁਣ ਨਵੀਂ ਛਪਾਈ ਚੋਂ ਕੱਢ ਦਿੱਤੇ ਜੋ ਪੁਰਾਣੇ ਅਡੀਸ਼ਨ ਚ ਖੁਦ ਪੜ੍ਹੇ ਨੇ। ਅੱਜ ਬੇਸ਼ੱਕ ਜਮਾਨਾ ਹੋਰ ਹੈ ਪਰ ਉਹ ਜਮਾਨਾ ਵੀ ਸੀ ਜਦ ਪੰਜ ਛੇ ਚੋਂ ਇੱਕ ਹੀ ਵਿਆਹਿਆ ਜਾਂਦਾ ਸੀ, ਜਮੀਨਾਂ ਦੀ ਵੰਡ ਦੇ ਲਾਲਚ ਚ ਬਹੁਤ ਕੁੱਝ ਚਲਦਾ ਸੀ, ਉੱਥੋਂ ਹੀ ਸੁਰਿੰਦਰ ਛਿੰਦੇ ਵਰਗਿਆਂ ਦੇ ਗੀਤ, ਹੱਥ ਘੁੱਟ ਲਿਆ ਜੇਠ ਨੇ ਚਾਹ ਦਾ ਗਲਾਸ ਫੜਾਉਂਦੀ ਦਾ ਵਰਗੇ ਗੀਤ ਬਣੇ, ਉਹ ਵੀ ਕੌਣ ਧੀ ਭੈਣ ਨਾਲ ਬਹਿ ਕੇ ਸੁਣਦਾ ?

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚਮਕੀਲਾ ਪੰਜ ਚਾਰ ਗੀਤਾਂ ਚ ਥੋੜ੍ਹਾ ਸਿੱਧਾ ਚੱਲ ਗਿਆ, ਉਹ ਮਛੋਹਰ ਮੱਤ ਸੀ। ਛੋਟੀ ਉਮਰ ਚ ਵੱਡੀ ਪ੍ਰਸਿੱਧੀ ਮਿਲ ਗਈ ਸੀ ਪਰ ਉਹ ਉੱਧਰੋਂ ਮੋੜਾ ਖਾ ਚੁੱਕਾ ਸੀ। ਉਹ ਬਹੁਤ ਵੱਡਾ ਫਨਕਾਰ ਸੀ, ਕੰਪੋਜ਼ਰ ਸੀ, ਗੀਤਕਾਰ ਸੀ। ਇਸ ਗੱਲ ਦਾ ਗਵਾਹ ਉਸ ਦੇ ਗਾਏ ਧਾਰਮਿਕ ਗੀਤ ਹਨ ਜਿਨ੍ਹਾਂ ਦੀ ਚਮਕ ਉਸ ਦੇ ਜਾਣ ਤੋਂ 36 ਸਾਲ ਬਾਅਦ ਵੀ ਫਿੱਕੀ ਨਹੀਂ ਪਈ। ਵੈਸੇ ਜੇ ਯੂ ਟਿਊਬ ਤੇ ਵੇਖਿਆ ਜਾਵੇ ਤਾਂ ਉਸ ਦੇ ਸਾਰੇ ਹੀ ਗੀਤਾਂ ਦੇ ਥਾਂ ਥਾਂ ਤੇ ਲੱਖਾਂ ਕਰੋੜਾਂ ਚ ਵਿਊ ਹਨ, ਜੇ ਉਹ ਕਿਸੇ ਇੱਕ ਅਫੀਸ਼ੀਅਲ ਚੈਨਲ ਤੇ ਹੁੰਦੇ ਤਾਂ ਸਭ ਰਿਕਾਰਡ ਟੁੱਟ ਜਾਣੇ ਸਨ।

ਬੁੜ੍ਹੀ ਹੋਈ ਹਰੇਕ ਹੀ ਅੰਮਾਂ ਕਹਾਉਂਦੀ ਹੈ। ਜਵਾਨੀ ਵੇਲੇ ਚਮਕੀਲੀ ਰਸਾਲਾ ਬਿਸਤਰਿਆਂ ਚ ਲੁਕ ਲੁਕ ਕੇ ਪੜ੍ਹਨ ਵਾਲੇ ਵੀ ਅੱਜ ਕਹਿੰਦੇ ਆ ਕਿ ਚਮਕੀਲਾ ਲੱਚਰ ਸੀ।

ਕਲਾ ਗੋਲੀਆਂ ਨਾਲ ਨਹੀਂ ਮਰਦੀ, ਸਗੋਂ ਅਮਰ ਹੋ ਜਾਂਦੀ ਹੈ। ਜਿਆਦਾਤਰ ਲੋਕਾਂ ਦਾ ਇਹੀ ਮੰਨਣਾ ਕਿ ਚਮਕੀਲੇ ਦੇ ਕਤਲ ਦਾ ਕਾਰਨ ਉਸ ਦੀ ਲੱਚਰਤਾ ਨਹੀਂ ਸੀ, ਉਸ ਦੀ ਮਸ਼ਹੂਰੀ ਜਾਂ ਹੋਰ ਕਾਰਨ ਸੀ। ਜੋੜੀ ਫਿਲਮ ਦਾ ਪ੍ਰੋਡਿਊਸਰ ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਟਰੋਲ ਹੋਣਾ ਸ਼ੁਰੂ ਹੋ ਗਿਆ ਸੀ ਜਿਸ ਕਰਕੇ ਆਪਣੀ ਫਿਲਮ ਚ ਚਮਕੀਲੇ ਦੀ ਜਿੰਦਗੀ ਨੂੰ ਤਾਂ ਸਹੀ ਚਿਤਰ ਗਿਆ ਸੀ ਪਰ ਕਤਲ ਦੀ ਸੂਈ ਸੁਰਿੰਦਰ ਛਿੰਦੇ ਅਤੇ ਕੁਲਦੀਪ ਮਾਣਕ ਦੁਆਲੇ ਹੀ ਘੁਮਾਈ ਰੱਖੀ ਜੋ ਨਾਇਨਸਾਫੀ ਸੀ। ਹੁਣ ਵੇਖੋ ! ਇਮਤਿਆਜ਼ ਅਲੀ ਦੀ ਫਿਲਮ ਚ ਕੀ ਉੱਘੜ ਕੇ ਸਾਹਮਣੇ ਆਉਂਦਾ ਹੈ ?



(ਮੁਖਤਿਆਰ ਪੱਖੋ ਦੀ ਫੇਸਬੁੱਕ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)




# ਕੁਛ ਰਿਸ਼ਤੋਂ ਮੇਂ ਮੁਨਾਫ਼ਾ ਨਹੀਂ ਹੋਤਾ ਪਰ ਜ਼ਿੰਦਗੀ ਅਮੀਰ ਹੋ ਜਾਤੀ ਹੈ : ਗੁਲਜ਼ਾਰ

ਸਿਆਣੇ ਆਖਦੇ ਨੇ ਇਹ ਤਨ ਜਿੰਨੀਆਂ ਦੂਰੀਆਂ ਗਾਹ ਆਵੇ, ਉਤਨਾ ਹੀ ਤੰਦਰੁਸਤ ਹੋ ਜਾਂਦਾ ਹੈ। ਪਰਲੇ ਪਾਰ ਵਸਦੀਆਂ ਸਾਂਝਾਂ ਨੂੰ ਸੱਜਰੀਆਂ ਕਰ ਕੇ ਮਨ ਤ੍ਰਿਪਤ ਹੋ ਜਾਂਦਾ ਹੈ, ਕਾਲ਼ਜਾ ਠਰ ਜਾਂਦਾ ਹੈ ਅਤੇ ਮਨ ਦੀਆਂ ਹਨੇਰੀਆਂ ਨੁੱਕਰਾਂ ਵਿਚ ਬਾਗਾਂ ਦੇ ਸਾਰੇ ਫੁੱਲ ਆ ਵਿਛਦੇ ਹਨ। ਪਰ ਇਹ ਮਨ ਜਿੰਨਾ ਇਕ ਥਾਂ ਟਿਕਿਆ ਰਹੇ ਓਨਾ ਹੀ ਤੰਦਰੁਸਤ ਹੋ ਕੇ ਮੰਜ਼ਿਲ ਪਾ ਲੈਂਦਾ ਹੈ। ਬਸ ਇਸੇ ਦੇ ਆਖੇ ਲੱਗ ਮੈਂ ਮੈਲਬਰਨ ਜਾ ਉੱਤਰੀ ਸੀ। ਦੁਨੀਆਂ ਦੇ ਨਕਸ਼ੇ ਤੇ ਵੇਖਦਿਆਂ ਧਰਤੀ ਦੇ ਪਰਲੇ ਪਾਸੇ ਵਸੇ ਇਹ ਦੋਵੇਂ ਮੁਲਕ – ਆਸਟ੍ਰੇਲੀਆ ਅਤੇ ਨਿਊਜ਼ੀਲੈਂਡ – ਸੂਰਜ ਦੀਆਂ ਪਹਿਲੀਆਂ ਕਿਰਨਾਂ ਮਾਣਦੇ ਆਏ ਗਏ ਲਈ ਵੀ ਰੌਸ਼ਨੀ ਦੀਆਂ ਝੋਲੀਆਂ ਭਰ ਕੇ ਆ ਮਿਲਦੇ ਹਨ। ਹਾਲੇ ਮੈਂ ਸਵਾਗਤੀ ਟੀਮ ਬਾਰੇ ਹੀ ਗੱਲ ਤੋਰ ਰਹੀ ਹਾਂ। ਇਹ ਦੁਆਵਾਂ ਵਰਗੇ ਕੁਝ ਲੋਕ ਮੇਰੇ ਸਵਾਗਤ ਵਿਚ ਆਏ। ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਨਜ਼ਮਾਂ ਵਰਗੀਆਂ ਕਈ ਅੱਲ੍ਹੜ ਲੜਕੀਆਂ ਅਤੇ ਬਾਂਕੇ ਲੜਕੇ ਮਹਿਕਦੇ ਫੁੱਲਾਂ ਨਾਲ਼ ਮੇਰੇ ਦੁਆਲ਼ੇ ਆ ਜੁੜੇ। ਉਸ ਸਮੇ ਮਰਜ਼ੀ ਜਿੰਨੀ ਖ਼ੁਸ਼ੀ ਕਾਫ਼ੀ ਅਰਸੇ ਬਾਅਦ ਮਹਿਸੂਸ ਕੀਤੀ। ਇਹ ਸਭ ਮੇਰੀ ਸਮਝ ਅਤੇ ਕਿਆਸ ਤੋਂ ਵੱਧ ਹੋਣ ਕਰ ਕੇ ਮੈਂ ਉਨ੍ਹਾਂ ਦਾ ਪਿਆਰ ਅਤੇ ਆਪਣੀ ਔਕਾਤ ਨੂੰ ਮਾਪਣ ਲੱਗੀ। ਕੀ ਮੈਂ ਇਸ ਸਤਿਕਾਰ ਦੇ ਹਾਣ ਦੀ ਵੀ ਹਾਂ। ਮੈਨੂੰ ਇਤਬਾਰ ਨਹੀਂ ਹੋ ਰਿਹਾ ਸੀ ਪਰ ਇਹ ਵਾਪਰ ਰਿਹਾ ਸੀ। ਖ਼ੁਸ਼ੀ ਸੇ ਮਰ ਨ ਜਾਤੇ ਗਰ ਏਤਬਾਰ ਹੋਤਾ। ਜੇ ਮੇਰਾ ਹਾਜ਼ਮਾ ਕਮਜ਼ੋਰ ਹੁੰਦਾ ਤਾਂ ਮੇਰੇ ਪੈਰ ਧਰਤ ਤੋਂ ਥਿੜਕ ਸਕਦੇ ਸਨ। ਮੈਨੂੰ 1991 ਦੀ ਘਟਨਾ ਯਾਦ ਆਈ ਜਦੋਂ ਮੈਨੂੰ ਨਿਊਯਾਰਕ ਤੋਂ ਕੁਝ ਲੋਕ ਹਾਰ ਪਾ ਕੇ ਲਿਆਏ ਸਨ। ਮੈਂ ਓਥੇ ਵਸਦੀ ਆਪਣੀ ਸਖੀ ਨੂੰ ਫੋਨ ਕੀਤਾ ਕਿ ਮੈਨੂੰ ਤਾਂ ਪਤਾ ਈ ਨੀਂ ਸੀ ਕਿ ਮੈਂ ਕੋਈ ਚੀਜ਼ ਹਾਂ। ਉਸ ਨੇ ਮੇਰੇ ਪੈਰ ਵਾਪਸ ਧਰਤ ਤੇ ਲਾਏ ਕਿ ਤੂੰ ਕੋਈ ਚੀਜ਼ ਨੀਂ, ਇਹ ਤਾਂ ਪੰਜਾਬ ਲਈ ਇਨ੍ਹਾਂ ਦੇ ਸੀਨੇ ਸ਼ੂਕਦਾ ਦਰਿਆ ਹੈ ਜਿਸ ਦੀਆਂ ਛੱਲਾਂ ਤੇਰੇ ਤਕ ਜਾ ਪੁੱਜੀਆਂ। ਮੈਂ ਆਪਣੇ ਵਿਦਿਆਰਥੀਆਂ ਅਤੇ ਚਾਹੁਣ ਵਾਲ਼ਿਆਂ ਦੇ ਮੋਹ, ਪਿਆਰ ਨਿੱਘ ਅਤੇ ਅਪਣੱਤ ਬਾਰੇ ਸੋਚਦੀ ਨੇ ਇਹ ਸਿੱਟਾ ਕੱਢਿਆ ਕਿ ਇਸ ਧਰਤ ਤੇ ਮਾਪੇ ਹਾਲੇ ਘੱਟ ਅਪੜੇ ਹਨ। ਇਹ ਸਭ ਮੇਰੇ ਵਿੱਚੋਂ ਆਪਣੀ ਮਾਂ ਤਲਾਸ਼ਦੇ ਹਨ। ਇਹੀ ਗੱਲ ਜਦੋਂ ਮੈਂ ਆਉਣ ਵੇਲ਼ੇ ਖਾਣਾ ਖਾਂਦਿਆਂ ਆਖੀ ਤਾਂ ਸਾਹਮਣੇ ਬੈਠਾ ਮੁੰਡਾ ਸਭ ਤੋਂ ਚੋਰੀ ਹੰਝੂ ਪੂੰਝਦਾ ਮੈਂ ਦੇਖ ਲਿਆ ਸੀ। ਉਸ ਦੇ ਹੰਝੂ ਅੱਜ ਤਕ ਮੇਰੇ ਅੱਖਰਾਂ ਦੀ ਨਮੀ ਵਿਚ ਹਨ। ਏਕ ਦਿਨ ਦੇਖੇ ਥੇ ਤੇਰੀ ਆਂਖੋਂ ਮੇਂ ਦੋ ਆਂਸੂ, ਆਜ ਤਕ ਅਪਨੀ ਆਂਖੋਂ ਮੇਂ ਨਮੀ ਮਹਿਸੂਸ ਕਰਤਾ ਹੂਂ। ਬਹੁਤ ਜਣੇ ਮੈਨੂੰ ਪਹਿਲੀ ਵਾਰ ਤਪਾਕ ਨਾਲ਼ ਆ ਮਿਲੇ। ਇਸ ਨਾਲ਼ ਮੇਰੇ ਅੰਦਰ ਪਲ਼ਦਾ ਇਹ ਭਰਮ ਖੁਰ ਗਿਆ ਕਿ ਮੈਨੂੰ ਬਸ ਮੇਰੀ ਪੀੜ੍ਹੀ ਹੀ ਸੁਣਦੀ ਹੈ। ਵਰਤਮਾਨ ਨੂੰ ਉਧੇੜ ਕੇ ਭਵਿੱਖੀ ਸੁਪਨੇ ਬੁਣਦੀ ਇਹ ਪੀੜ੍ਹੀ ਮੇਰੇ ਵਰਗੇ ਅਸਤ ਹੋ ਰਹੇ ਸੂਰਜ ਤੋਂ ਊਰਜਾ ਦੇ ਕੁਝ ਕਣ ਬਟੋਰਨ ਦੀ ਰੀਝ ਰੱਖ ਰਹੀ ਸੀ। ਮੇਰੀ ਵੱਖੀ ਨਾਲ਼ੋਂ ਕਈ ਦਹਾਕੇ ਝੜ ਗਏ ਜਦ ਮੇਰੇ ਅੱਖਰਾਂ ਵਿਚਲਾ ਅਹਿਸਾਸ ਬੋਚਣ ਵਾਲ਼ੀ ਪੀੜ੍ਹੀ ਮੇਰੇ ਗਲ਼ ਆ ਮਿਲੀ। ਹੰਢ ਰਹੇ ਰਿਸ਼ਤਿਆਂ ਵਿਚਲਾ ਜੰਗਾਲ ਉਤਰ ਗਿਆ। ਮੁਹੱਬਤ ਸ਼ਬਦਾਂ ਰਿਸ਼ਤਿਆਂ ਦਾ ਨਾਮ ਨਹੀਂ, ਉਮਰ, ਰੁਤਬਾ, ਨਸਲ ਜਾਂ ਧਰਮਾਂ ਦੀਆਂ ਵਲਗਣਾਂ ਤੋਂ ਘਰ ਦਾ ਰਿਸ਼ਤਾ ਉਸਾਰਦੇ ਇਹ ਗੀਤਾਂ ਵਰਗੇ ਲੋਕ ਮੇਰੇ ਹੌਸਲੇ ਲਈ ਪੁਨਰ ਜਨਮ ਸਨ। ਉਨ੍ਹਾਂ ਦੇ ਹੱਥਾਂ ਵਿਚ ਫੜੇ ਫੁੱਲਾਂ ਦੀਆਂ ਸਭ ਪੰਖੜੀਆਂ ਸ਼ੁਕਰਗੁਜ਼ਾਰ ਹੋ ਕੇ ਮੇਰੀਆਂ ਸੱਧਰਾਂ ਦੇ ਪੈਰੀਂ ਆ ਵਿਛੀਆਂ ਸਨ। ਮੈਂ ਮਾਣ ਮਹਿਸੂਸ ਕਰਦੀ ਰਹੀ ਜਿਵੇਂ ਪੁੰਨ ਖਾਤੇ ਕੁਝ ਕਮਾ ਰਹੀ ਹੋਵਾਂ। ਉਨ੍ਹਾਂ ਸਭ ਨੇ ਮੇਰੀ ਸ਼ਕਲ, ਮੇਰੇ ਪਹਿਰਨ ਨੂੰ ਨਜ਼ਰਅੰਦਾਜ਼ ਕਰ ਬਸ ਬੋਲਾਂ ਦੀ ਤਰਜ਼ ਜਾ ਚੁਣੀ ਸੀ। ਅਸਲ ਵਿਚ ਉਨ੍ਹਾਂ ਦੇ ਸੀਨੇ ਵਿਛੇ ਮਾਰੂਥਲ ਤੇ ਮੇਰੇ ਬੋਲਾਂ ਨੇ ਮਲ੍ਹਮ ਦਾ ਕੰਮ ਕਰ ਰੱਖਿਆ ਸੀ। ਮੇਰੇ ਬੋਲ ਹੀ ਕਿਸੇ ਦੇ ਅਹਿਸਾਸ ਦਾ ਸਿਰ ਪਲੋਸਦੇ ਲੱਗੇ।

ਟਿਕ-ਟੌਕ ਨੇ ਮੇਰੀਆਂ ਤੰਦਾਂ ਕਿੱਥੇ ਜਾ ਜੋੜੀਆਂ ਸਨ। ਮੈਂ ਉਨ੍ਹਾਂ ਅੰਦਰ ਪਸਰੀ ਇਕੱਲ ਅਤੇ ਅੰਦਰਲੇ ਸੱਖਣ ਨੂੰ ਪੂਰਨ ਦਾ ਹੀਲਾ ਹੋ ਗਈ ਸੀ। ਮੇਰੇ ਬੋਲਾਂ ਦੀ ਤਰਜ਼ ਅਤੇ ਉਨ੍ਹਾਂ ਅੰਦਰ ਕਲਵਲ ਹੁੰਦੇ ਅਰਮਾਨਾਂ ਦੀ ਨਬਜ਼ ਹਾਣੋ-ਹਾਣ ਹੋ ਗਏ ਜਾਪੇ। ਉਨ੍ਹਾਂ ਸਭ ਦੇ ਆਪਣਿਆਂ ਤੋਂ ਵਿਛੜਨ ਦੀ ਕਸਕ ਨੇ ਜਿਵੇਂ ਟਸ ਟਸ ਕਰਦੇ ਛਾਲੇ ਪਾ ਦਿੱਤੇ ਹੋਣ ਤੇ ਮੇਰੇ ਬੋਲਾਂ ਨੇ ਠੰਡੇ ਪਾਣੀ ਦਾ ਤਰੌਂਕਾ ਜਾ ਛਿੜਕਿਆ ਹੋਵੇ। ਇਸੇ ਲਈ ਮੇਰੀ ਗੈਰਮੌਜੂਦਗੀ ਵਿਚ ਵੀ ਮੈਂ ਉੱਥੇ ਮੌਜੂਦ ਰਹੀ ਹਾਂ। ਇੰਨੀ ਮੁਹੱਬਤ ਨਾਲ਼ ਮਨ ਦੇ ਕੱਚੇ ਕੋਠੇ ਵਿਚਲੇ ਸਭ ਲਿਓੜ ਭਰ ਗਏ, ਇਕ ਵਾਰੀ ਸਭ ਲਿੱਪੇ ਗਏ। ਵਾਹਿਗੁਰੂ ਉਨ੍ਹਾਂ ਸਭ ਮਨਾਂ ਅੰਦਰ ਪਲ਼ਦੀ ਇਸ ਸੁੱਚੀ ਇਬਾਰਤ ਨੂੰ ਕਾਇਮ ਰੱਖੇ ਤੇ ਮੈਨੂੰ ਵੀ ਉਨ੍ਹਾਂ ਦੇ ਨਿੱਘ ਦੇ ਹਾਣ ਦੀ ਹੋ ਜਾਣ ਦਾ ਬਲ ਬਖ਼ਸ਼ੇ।

ਹੋਣ ਦਿੰਦੇ ਨਾ ਜੁਦਾ,
ਐਸੇ ਵੀ ਹੁੰਦੇ ਫਾਸਲੇ
ਉਮਰ ਭਰ ਨਾ ਸਾਥ ਛੱਡਣ ਇਸ ਤਰ੍ਹਾਂ ਦੇ ਹਾਦਸੇ। – (ਅਜੈ ਤਨਵੀਰ)

## 21 ਮਾਰਚ ਨੂੰ ਕੌਮਾਂਤਰੀ ਨਸਲੀ ਵਿਤਕਰਾ ਖ਼ਾਤਮਾ ਦਿਵਸ 'ਤੇ ਵਿਸ਼ੇਸ਼

# ਮਾਨਸ ਕੀ ਜਾਤ ਸਬੈ ਏਕੇ ਪਹਿਚਾਨਬੋ

ਧਰਮ, ਜ਼ਾਤ ਜਾਂ ਨਸਲ ਅਸਲ ਵਿੱਚ ਇਨਸਾਨੀ ਘਾੜਤਾਂ ਹਨ ਨਾ ਕਿ ਖ਼ੁਦਾ ਵੱਲੋਂ ਨਿਰਧਾਰਤ ਕੀਤੀ ਗਈ ਕੋਈ ਦਰਜਾਬੰਦੀ। ਵਿਦਵਾਨਾਂ ਅਤੇ ਧਾਰਮਿਕ ਰਹਿਨੁਮਾਵਾਂ ਅਨੁਸਾਰ ਪਰਮਾਤਮਾ ਨੇ ਸਮੁੱਚੇ ਦ੍ਰਿਸ਼ਟਮਾਨ ਜਗਤ ਵਿੱਚ ਵੱਸਦੇ ਹਰ ਸ਼ਖ਼ਸ ਨੂੰ ਆਪਣਾ ਰੂਪ ਦੇ ਕੇ ਸਾਜਿਆ ਹੈ ਜਿਸ ਕਰਕੇ ਇੱਥੇ ਕੋਈ ਉੱਚਾ ਜਾਂ ਨੀਵਾਂ ਨਹੀਂ ਹੈ ਤੇ ਸਭ ਬਰਾਬਰ ਹਨ ਪਰ ਸਿਆਣਪ ਤੇ ਤਾਕਤ ਦੇ ਹੰਕਾਰ 'ਚ ਚੂਰ ਮਨੁੱਖ ਨੇ ਆਪਣੀ ਹੀ ਜ਼ਾਤ ਨੂੰ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਜਾਂ ਹਿੰਦੂ, ਮੁਸਲਿਮ, ਸਿੱਖ, ਈਸਾਈ ਦੀਆਂ ਵਲਗਣਾਂ ਵਿੱਚ ਬੰਨ੍ਹ ਲਿਆ। ਭਾਰਤ ਵਿੱਚ ਸਦੀਆਂ ਤੱਕ ਅਖੌਤੀ ਉੱਚੀ ਜ਼ਾਤ ਵਾਲੇ ਆਪਣੀ ਸੋਚ ਅਨੁਸਾਰ ਸਿਰਜੇ ਨੀਵੀਂ ਜ਼ਾਤ ਵਾਲਿਆਂ ਨੂੰ ਤਿਰਸਕਾਰਦੇ, ਦੁਤਕਾਰਦੇ ਤੇ ਮਾਰਦੇ ਰਹੇ। ਭਾਰਤ ਤੋਂ ਬਾਹਰ ਵੀ ਅਮਰੀਕਾ, ਇੰਗਲੈਂਡ ਅਤੇ ਹੋਰ ਮੁਲਕਾਂ ਵਿੱਚ ਰੰਗ ਜਾਂ ਨਸਲ ਦੇ ਆਧਾਰ 'ਤੇ ਵਿਤਕਰਾ ਤੇ ਜ਼ੁਲਮ ਕਰਨ ਦੀਆਂ ਵਾਰਦਾਤਾਂ ਸਦੀਆਂ ਤੋਂ ਵਾਪਰਦੀਆਂ ਆਈਆਂ ਹਨ ਤੇ ਵਿਗਿਆਨ ਤੇ ਤਕਨੀਕ ਦਾ ਯੁਗ ਅਖ਼ਵਾਉਂਦੇ ਅਜੋਕੇ ਯੁਗ ਵਿੱਚ ਵੀ ਅਜਿਹੀਆਂ ਘਿਨਾਉਣੀਆਂ ਵਾਰਦਾਤਾਂ ਨੂੰ ਠੱਲ੍ਹ ਨਹੀਂ ਪਈ ਹੈ। ਪੰਜਾਬੀਆਂ ਨੂੰ ਤੇ ਖ਼ਾਸ ਕਰਕੇ ਸਿੱਖਾਂ ਨੂੰ ਅੱਜ ਵੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਨਸਲੀ ਵਿਤਕਰੇ ਦਾ ਸੇਕ ਬਰਦਾਸ਼ਤ ਕਰਨਾ ਪੈਂਦਾ ਹੈ ਤੇ ਕਈ ਸਿੱਖ ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਤਾਂ ਨਸਲੀ ਵਿਤਕਰੇ ਦੇ ਸ਼ਿਕਾਰ ਬਣ ਕੇ ਆਪਣੀਆਂ ਜਾਨਾਂ ਤੱਕ ਵੀ ਗੁਆਉਣੀਆਂ ਪਈਆਂ ਹਨ। ਅੱਜ ਬੜੀ ਲੋੜ ਹੈ ਕਿ ਸੰਸਾਰਵਾਸੀ ਧਰਮਾਂ, ਜ਼ਾਤਾਂ, ਮਜ਼ਹਬਾਂ, ਰੰਗਾਂ ਤੇ ਨਸਲਾਂ ਦੇ ਭਰਮ-ਭੁਲੇਖਿਆਂ 'ਚੋਂ ਨਿੱਕਲ ਕੇ 'ਮਾਨਸ ਕੀ ਜਾਤ ਸਬੈ ਏਕੇ ਪਹਿਚਾਨਬੋ' ਦੇ ਸੰਕਲਪ ਨੂੰ ਸਮਝਣ ਤੇ ਮੰਨ੍ਹਣ ਅਤੇ ਸਰਬੱਤ ਦੇ ਭਲੇ ਲਈ ਲਾਮਬੱਧ ਹੋਣ।

ਸੰਨ 1979 ਵਿੱਚ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ ਭਾਵ ਜਨਰਲ ਅਸੈਂਬਲੀ ਨੇ ਨਸਲੀ ਵਿਤਕਰੇ ਖ਼ਿਲਾਫ਼ ਸੰਘਰਸ਼ ਕਰਦੇ ਲੋਕਾਂ ਦੇ ਸਮਰਥਨ ਵਿੱਚ ਭਾਈਚਾਰਕ ਸਾਂਝ ਦਾ ਇੱਕ ਹਫ਼ਤਾ ਮਨਾਏ ਜਾਣ ਦਾ ਫ਼ੈਸਲਾ ਕੀਤਾ ਸੀ ਤੇ ਉਸ ਹਫ਼ਤੇ ਦਾ ਪਹਿਲਾ ਦਿਨ 21 ਮਾਰਚ ਸੀ। ਦਰਅਸਲ ਸੰਨ 1960 ਵਿੱਚ ਦੱਖਣੀ ਅਫ਼ਰੀਕਾ ਦੇ ਸ਼ਾਰਪਵਿਲੇ ਇਲਾਕੇ ਵਿੱਚ ਸਰਕਾਰ ਦੇ ਦਮਨਕਾਰੀ ਕਾਨੂੰਨਾਂ ਖ਼ਿਲਾਫ਼ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰਦੇ 69 ਸਿਆਹਫ਼ਾਮ ਭਾਵ ਕਾਲੀ ਚਮੜੀ ਵਾਲੇ ਲੋਕਾਂ ਨੂੰ ਪੁਲੀਸ ਨੇ ਗੋਲੀਆਂ ਨਾਲ ਭੁੰਨ ਦਿੱਤਾ ਸੀ। ਦੱਖਣੀ ਅਫ਼ਰੀਕਾ ਵਿੱਚ ਉਨ੍ਹਾ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ 21 ਮਾਰਚ ਨੂੰ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾਂਦਾ ਹੈ ਤੇ ਇਸ ਦਿਨ ਨੂੰ ਕੌਮੀ ਛੁੱਟੀ ਐਲਾਨਿਆ ਜਾਂਦਾ ਹੈ। ਸੰਯੁਕਤ ਰਾਸਟਰ ਸੰਘ ਦਾ ਮੰਨਣਾ ਹੈ ਕਿ ਇਸ ਦਿਵਸ ਮੌਕੇ ਸਮੁੱਚੇ ਵਿਸ਼ਵ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਹਰ ਪ੍ਰਕਾਰ ਦੇ ਨਸਲੀ ਵਿਤਕਰੇ ਤੇ ਨਫ਼ਰਤ ਨੂੰ ਮੂਲੋਂ ਖ਼ਤਮ ਕਰਨ ਆਪਣੇ ਯਤਨ ਦੂਗਣੇ ਕਰੇ।

ਸੰਨ 2021 ਵਿੱਚ ਇਸ ਦਿਵਸ ਦਾ ਥੀਮ 'ਨਸਲਵਾਦ ਖਿਲਾਫ਼ ਡਟਦਾ ਨੌਜਵਾਨ ਵਰਗ' ਰੱਖਿਆ ਗਿਆ ਸੀ ਤੇ ਸਾਲ 2024 ਲਈ ਨਿਸ਼ਚਿਤ ਕੀਤਾ ਗਿਆ ਥੀਮ 'ਅਫ਼ਰੀਕੀ ਮੂਲ ਦੇ ਲੋਕ : ਪਛਾਣ, ਨਿਆਂ ਅਤੇ ਵਿਕਾਸ' ਹੈ। ਇਹ ਦਿਵਸ ਸੰਕੀਰਣਤਾ ਤੇ ਸੰਪ੍ਰਦਾਇਕਤਾ ਦੀਆਂ ਦੀਵਾਰਾਂ ਢਾਹ ਕੇ ਆਪਸੀ ਪਿਆਰ, ਸਤਿਕਾਰ, ਬਰਾਬਰੀ ਅਤੇ ਸਹਿਣਸ਼ੀਲਤਾ ਦੇ ਸੰਕਲਪ ਨੂੰ ਅਪਨਾਉਣ ਦਾ ਸੰਦੇਸ਼ ਦਿੰਦਾ ਹੈ। ਭਾਰਤ ਵਿੱਚ ਸੰਨ ਸੰਤਾਲੀ ਵੇਲੇ ਤੇ ਉਸ ਤੋਂ ਬਾਅਦ ਦੇ ਵਰ੍ਹਿਆਂ ਵਿੱਚ ਧਰਮ ਜਾਂ ਮਜ਼ਹਬ ਦੇ ਨਾਂ 'ਤੇ ਵਾਪਰੇ ਦੰਗੇ ਤੇ ਉਨ੍ਹਾ ਦੰਗਿਆਂ ਵਿੱਚ ਵਹਿਸ਼ੀਆਨਾ ਢੰਗ ਨਾਲ ਕੀਤੇ ਗਏ ਮਾਸੂਮਾਂ ਤੇ ਨਿਰਦੋਸ਼ਾਂ ਦੇ ਕਤਲ ਵੱਖ ਵੱਖ ਧਰਮਾਂ ਤੇ ਮਜ਼ਹਬਾਂ ਦੇ ਲੋਕਾਂ ਅਤੇ ਸਮੁੱਚੇ ਭਾਰਤੀ ਸਮਾਜ ਤੇ ਮਨੁੱਖਤਾ ਦੇ ਮੱਥੇ 'ਤੇ ਬਦਨੁਮਾ ਦਾਗ਼ ਹਨ, ਕਲੰਕ ਹਨ। ਸੰਨ 2020 ਵਿੱਚ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ 'ਕਾਲੇ ਲੋਕਾਂ ਦੀਆਂ ਜ਼ਿੰਦਗੀਆਂ ਵੀ ਮਾਅਨੇ ਰੱਖਦੀਆਂ ਹਨ' ਸਿਰਲੇਖ ਹੇਠ ਰੋਸ ਮਾਰਚ ਕੱਢੇ ਗਏ ਸਨ ਤੇ ਬਰਾਬਰੀ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੀ ਮੁਹਿੰਮ ਵਿੱਚ ਮੀਡੀਆ ਨੂੰ ਸਰਗਰਮ ਭੂਮਿਕਾ ਅਦਾ ਕਰਨ ਲਈ ਅਪੀਲ ਕੀਤੀ ਗਈ ਸੀ। ਕੋਵਿਡ-19 ਦੇ ਪ੍ਰਕੋਪ ਦੇ ਪੈਰ ਪਸਾਰਨ ਕਰਕੇ ਇਸ ਮੁਹਿੰਮ ਥੋੜ੍ਹੀ ਮੱਠੀ ਜ਼ਰੂਰ ਪੈ ਗਈ ਸੀ ਪਰ ਮੁੱਕੀ ਨਹੀਂ ਸੀ।

ਸੰਯੁਕਤ ਰਾਸ਼ਟਰ ਸੰਘ ਮੰਨਦਾ ਹੈ ਕਿ ਸਾਰੇ ਮਨੁੱਖ ਧਰਮਾਂ, ਜ਼ਾਤਾਂ, ਰੰਗਾਂ, ਨਸਲਾਂ ਤੇ ਮਜ਼ਹਬਾਂ ਦੀਆਂ ਜ਼ੰਜੀਰਾਂ ਤੋਂ ਮੁਕਤ ਹੀ ਪੈਦਾ ਹੋਏ ਹਨ ਤੇ ਸਦਾ ਮੁਕਤ ਹੀ ਰਹਿਣੇ ਚਾਹੀਦੇ ਹਨ ਤੇ ਸਭ ਨੂੰ ਸਮਾਨਤਾ ਦਾ ਹੱਕ ਹਾਸਿਲ ਹੋਣਾ ਚਾਹੀਦਾ ਹੈ। ਸੰਘ ਇਹ ਵੀ ਮੰਨਦਾ ਹੈ ਕਿ ਕਿਸੇ ਵੀ ਕੌਮ ਵੱਲੋਂ ਆਪਣੇ ਆਪ ਨੂੰ ਨਸਲੀ ਤੌਰ 'ਤੇ ਦੂਜੀ ਕੌਮ ਨਾਲੋਂ ਉੱਤਮ ਸਮਝਣਾ ਜਾਂ ਮੰਨਣਾ ਵਿਗਿਆਨਕ ਤੌਰ 'ਤੇ ਝੂਠਾ, ਨੈਤਿਕ ਤੌਰ 'ਤੇ ਨਿੰਦਣਯੋਗ ਅਤੇ ਸਮਾਜਿਕ ਤੌਰ 'ਤੇ ਅਨਿਆਂਕਾਰੀ ਹੈ ਤੇ ਅਜਿਹੀ ਸੋਚ ਦਾ ਜੜ੍ਹ ਤੋਂ ਖ਼ਾਤਮਾ ਬੇਹੱਦ ਜ਼ਰੂਰੀ ਹੈ।

ਸੋ ਅੰਤ ਵਿੱਚ ਕਹਿਣਾ ਬਣਦਾ ਹੈ ਕਿ ਅੱਜ ਦੇ ਇਸ ਪਾਵਨ ਦਿਵਸ ਮੌਕੇ 'ਤੇ ਹਰ ਪ੍ਰਕਾਰ ਦੇ ਰੰਗ, ਨਸਲ, ਧਰਮ, ਜ਼ਾਤ ਜਾਂ ਮਜ਼ਹਬ ਦੇ ਆਧਾਰ 'ਤੇ ਕੀਤੇ ਜਾਣ ਵਾਲੇ ਵਿਤਕਰੇ ਨੂੰ ਤਿਲਾਂਜਲੀ ਦੇ ਕੇ 'ਸਭੈ ਸਾਂਝੀ ਵਾਲ ਸਦਾਇਨੁ ਤੂ ਕਿਸੈ ਨਾ ਦੀਸੈ ਬਾਹਰਾ ਜੀਉ'' ਦੀ ਸੋਚ ਹਰੇਕ ਮੱਥੇ ਵਿੱਚ ਪਾ ਦਿੱਤੀ ਜਾਵੇ ਤੇ ਨਫ਼ਰਤ ਦੀ ਥਾਂ ਹਰੇਕ ਪ੍ਰਤੀ ਪ੍ਰੇਮ ਦਾ ਭਾਵ ਹਰ ਹਿਰਦੇ ਵਿੱਚ ਉਜਾਗਰ ਕੀਤੇ ਜਾਵੇ ਤਾਂ ਜੋ ਆਪਣੇ ਆਪ ਨੂੰ 'ਅਸ਼ਰਫ਼-ਉਲ-ਮਖ਼ਲੂਕਾਤ' ਭਾਵ 'ਸਮੁੱਚੀ ਲੋਕਾਈ 'ਚੋਂ ਸਰਬੋਤਮ' ਅਖਵਾਉਣ ਵਾਲਾ ਮਨੁੱਖ ਬਾਕੀ ਸਭ ਜੀਵਾਂ ਨਾਲ ਪ੍ਰੇਮ ਤੇ ਭਾਈਚਾਰੇ ਸਹਿਤ ਰਹਿ ਸਕੇ।

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
410, ਚੰਦਰ ਨਗਰ, ਬਟਾਲਾ
ਮੋਬਾ: 97816-46008

# ਓਨਟਾਰੀਓ ਵਿੱਚ ਕੰਜ਼ਰਵਟਿਵ ਸਰਕਾਰ ਅਜੇ ਵੀ ਲਿਬਰਲ ਪਾਰਟੀ ਨਾਲੋਂ ਲੋਕਾਂ ਦੀ ਪਸੰਦੀਦਾ ਸਰਕਾਰ ਬਣੀ ਹੋਈ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਮਕਬੂਲੀਅਤ ਭਾਵੇਂ ਦਰਮਿਆਨੀ ਚੱਲ ਰਹੀ ਹੈ ਪਰ ਉਨ੍ਹਾਂ ਦੀ ਕੰਜ਼ਰਵਟਿਵ ਸਰਕਾਰ ਅਜੇ ਵੀ ਲਿਬਰਲ ਪਾਰਟੀ ਨਾਲੋਂ ਲੋਕਾਂ ਦੀ ਪਸੰਦੀਦਾ ਸਰਕਾਰ ਬਣੀ ਹੋਈ ਹੈ। ਲਾਇਜ਼ਨ ਸਟਰੈਟੇਜੀਜ਼ ਵੱਲੋਂ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਅਨੁਸਾਰ ਲਿਬਰਲ ਲੀਡਰ ਬੌਨੀ ਕ੍ਰੌਂਬੀ ਦੇ ਮੁਕਾਬਲੇ ਪ੍ਰੀਮੀਅਰ ਫੋਰਡ 10 ਅੰਕਾਂ ਨਾਲ ਅੱਗੇ ਚੱਲ ਰਹੇ ਹਨ। ਲਾਇਜ਼ਨ ਸਟਰੈਟੇਜੀਜ਼ ਦੇ ਪ੍ਰਿੰਸੀਪਲ ਡੇਵਿਡ ਵੈਲੇਨਟਿਨ ਨੇ ਆਖਿਆ ਕਿ ਫਰਵਰੀ ਵਿੱਚ ਕਰਵਾਏ ਗਏ ਸਰਵੇਖਣ ਦੇ ਮੁਕਾਬਲੇ ਇਸ ਸਮੇਂ ਫੋਰਡ ਦੀ ਅਗਵਾਈ ਵਾਲੀ ਪੀਸੀ ਸਰਕਾਰ ਕਾਫੀ ਅੱਗੇ ਚੱਲ ਰਹੀ ਹੈ। ਇਸ ਮਹੀਨੇ ਪੀਸੀ ਪਾਰਟੀ ਨੂੰ 39 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ ਜਦਕਿ ਲਿਬਰਲ ਪਾਰਟੀ ਨੂੰ 29 ਫੀ ਸਦੀ ਸਮਰਥਨ ਮਿਲ ਰਿਹਾ ਹੈ, ਐਨਡੀਪੀ 21 ਫੀ ਸਦੀ ਸਮਰਥਨ ਨਾਲ ਤੀਜੇ ਸਥਾਨ ਉੱਤੇ ਹੈ ਜਦਕਿ ਗ੍ਰੀਨਜ਼ ਨੂੰ 5 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।

# ਮੁਜ਼ਾਹਿਰਾਕਾਰੀ ਸ਼ੱਕੀ ਮਹਿਲਾ ਦੀ ਤਸਵੀਰ ਜਾਰੀ ਕਰਦਿਆਂ ਪੁਲਿਸ ਨੇ ਲੋਕਾਂ ਤੋਂ ਸਹਿਯੋਗ ਮੰਗਿਆ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਨਕੂਵਰ ਪੁਲਿਸ ਵੱਲੋਂ ਬੀਤੇ ਦਿਨੀ ਰੋਸ ਮੁਜ਼ਾਹਰਾ ਕਰ ਰਹੇ ਲੋਕਾਂ ਵਿੱਚ ਸ਼ਾਮਿਲ ਇੱਕ ਮੁਜ਼ਾਹਿਰਾਕਾਰੀ ਔਰਤ ਦੀ ਤਲਾਸ਼ ਕੀਤੀ ਜਾ ਰਹੀ ਹੈ ਜਿਸ ਨੇ ਕਿ ਪੁਲਿਸ ਉੱਪਰ ਹਮਲਾ ਕੀਤਾ ਸੀ। ਵੈਨਕੂਵਰ ਪੁਲੀਸ ਡਿਪਾਰਟਮੈਂਟ ਨੇ ਦੱਸਿਆ ਕਿ 2 ਮਾਰਚ ਨੂੰ ਜਦੋਂ ਪ੍ਰਦਰਸ਼ਨਕਾਰੀ ਪੁਲ ਵੱਲ ਵਧਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਪੁਲਿਸ ਅਧਿਕਾਰੀਆਂ ਨੇ ਰੈਂਪ ਦੇ ਉੱਪਰ ਉਹਨਾਂ ਨੂੰ ਰੋਕਣ ਲਈ ਇੱਕ ਲਾਈਨ ਬਣਾਈ ਸੀ ਪਰ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਨੂੰ ਧੱਕੇ ਮਾਰਨੇ ਸ਼ੁਰੂ ਕੀਤੇ ਤੇ ਉਸ ਲਾਈਨ ਨੂੰ ਤੋੜਨ ਦੀ ਕੋਸ਼ਿਸ਼ ਵੀ ਕੀਤੀ। ਇਹਨਾਂ ਵਿੱਚੋਂ ਇੱਕ ਮਹਿਲਾ ਪ੍ਰਦਰਸ਼ਨਕਾਰੀ ਨੇ ਜਿਸ ਨੇ ਹੱਥ ਵਿੱਚ ਝੰਡੀ ਫੜੀ ਹੋਈ ਸੀ ਨੇ ਪੁਲਿਸ ਅਧਿਕਾਰੀ ਉੱਪਰ ਹਮਲਾ ਕਰ ਦਿੱਤਾ ਇਸ ਤੋਂ ਪਹਿਲਾਂ ਕਿ ਪੁਲਿਸ ਅਧਿਕਾਰੀ ਉਸ ਨੂੰ ਗ੍ਰਿਫਤਾਰ ਕਰ ਪਾਉਂਦੇ, ਉਹ ਉਥੋਂ ਖਿਸਕ ਗਈ ਸੀ। ਕਾਂਸਟੇਬਲ ਤਾਨੀਆ ਵਿਸੈਂਟਨ ਨੇ ਆਖਿਆ ਕਿ ਅਸੀਂ ਇਸ ਤਰ੍ਹਾਂ ਦਾ ਮਾਹੌਲ ਸਿਰਜਣ ਵਾਸਤੇ ਪੂਰੀ ਮਿਹਨਤ ਕਰਦੇ ਹਾਂ ਕਿ ਕਿਸੇ ਨੂੰ ਵੀ ਸ਼ਾਂਤੀਪੂਰਨ ਢੰਗ ਦੇ ਨਾਲ ਆਪਣੀ ਗੱਲ ਕਹਿਣ ਦਾ ਮੌਕਾ ਮਿਲੇ ਅਤੇ ਜ਼ਿਆਦਾਤਰ ਲੋਕ ਕਾਨੂੰਨ ਦੇ ਅਨੁਸਾਰ ਵਤੀਰਾ ਵੀ ਕਰਦੇ ਹਨ ਪਰ ਕੁੱਝ ਪ੍ਰਦਰਸ਼ਨਕਾਰੀਆਂ ਵੱਲੋਂ ਗੁੱਸੇ ਆਦਿ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਜੋ ਕਿ ਜਨਤਾ ਅਤੇ ਪੁਲਿਸ ਅਧਿਕਾਰੀਆਂ ਵਾਸਤੇ ਖਤਰਾ ਪੈਦਾ ਕਰਦਾ ਹੈ। ਪੁਲਿਸ ਨੇ ਇਸ ਸ਼ੱਕੀ ਮਹਿਲਾ ਦੀ ਤਸਵੀਰ ਵੀ ਜਾਰੀ ਕੀਤੀ ਹੈ ਇਸ ਦੀ ਗ੍ਰਿਫਤਾਰੀ ਲਈ ਲੋਕਾਂ ਤੋਂ ਸਹਿਯੋਗ ਮੰਗਿਆ ਜਾ ਰਿਹਾ ਹੈ।

# ਇਜ਼ਰਾਈਲ ਦੇ ਹਮਲਿਆਂ ’ਚ ਹੁਣ ਤੱਕ 31 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਗਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਈਲ ਨੇ ਗਾਜ਼ਾ ਦੇ ਅਲ-ਨੁਸੀਰਤ ਕੈਂਪ ਨੇੜੇ ਸਹਾਇਤਾ ਵੰਡ ਕੇਂਦਰ ‘ਤੇ ਹਵਾਈ ਹਮਲਾ ਕੀਤਾ। ਇਸ ਦੌਰਾਨ 8 ਲੋਕਾਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਇਜ਼ਰਾਇਲੀ ਸੈਨਿਕਾਂ ਨੇ ਉੱਤਰੀ ਗਾਜ਼ਾ ‘ਚ ਇੱਕ ਸਹਾਇਤਾ ਸਥਾਨ ‘ਤੇ ਭੋਜਨ ਲੈਣ ਆਏ ਫਲਸਤੀਨੀਆਂ ‘ਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ 21 ਲੋਕ ਮਾਰੇ ਗਏ ਸਨ। ਖਬਰਾਂ ਮੁਤਾਬਕ ਦੋਹਾਂ ਹਮਲਿਆਂ ਵਿੱਚ ਕੁੱਲ 29 ਫਲਸਤੀਨੀ ਮਾਰੇ ਗਏ। ਵਰਨਣਯੋਗ ਹੈ ਕਿ ਹਮਾਸ ਦੀ ਅਗਵਾਈ ਹੇਠਲੇ ਅਤਿਵਾਦੀਆਂ ਵੱਲੋਂ ਦੱਖਣੀ ਇਜ਼ਰਾਈਲ ’ਤੇ ਲੰਘੇ ਸਾਲ 7 ਅਕਤੂਬਰ ਨੂੰ ਕੀਤੇ ਗਏ ਹਮਲੇ ਵਿੱਚ 1200 ਤੋਂ ਵੱਧ ਵਿਅਕਤੀ ਮਾਰੇ ਗਏ ਸਨ ਜਦਕਿ 250 ਤੋਂ ਵੱਧ ਵਿਅਕਤੀ ਬੰਦੀ ਬਣਾਏ ਗਏ। ਗਾਜ਼ਾ ਦੇ ਸਿਹਤ ਅਧਿਕਾਰੀਆਂ ਅਨੁਸਾਰ ਇਜ਼ਰਾਈਲ ਦੇ ਹਮਲਿਆਂ ’ਚ ਹੁਣ ਤੱਕ 31 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਗਏ ਹਨ ਅਤੇ ਹਜ਼ਾਰਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਇਜ਼ਰਾਈਲ ਤੇ ਹਮਾਸ ਦਰਮਿਆਨ ਜੰਗਬੰਦੀ ਸਮਝੌਤਾ ਹੋਣ ਦੀ ਮਿਆਦ ਨਿਕਲਣ ਦਾ ਦਿਨ ਨੇੜੇ ਆਉਣ ਦੇ ਨਾਲ-ਨਾਲ 7 ਅਕਤੂਬਰ ਤੋਂ ਗਾਜ਼ਾ ’ਚ ਬੰਦੀ ਬਣਾਏ ਗਏ ਲੋਕਾਂ ਦੇ ਰਿਸ਼ਤੇਦਾਰਾਂ ’ਚ ਨਿਰਾਸ਼ਾ ਵਧਦੀ ਜਾ ਰਹੀ ਹੈ। ਉਨ੍ਹਾਂ ਨੂੰ ਆਸ ਸੀ ਕਿ ਮੁਸਲਮਾਨਾਂ ਦੇ ਪਵਿੱਤਰ ਮਹੀਨੇ ਰਮਜ਼ਾਨ ਦੀ ਸ਼ੁਰੂਆਤ ਤੱਕ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਘਰ ਵਾਪਸ ਲਿਆਉਣ ਲਈ ਜੰਗਬੰਦੀ ਸਮਝੌਤਾ ਹੋ ਜਾਵੇਗਾ ਪਰ ਇਹ ਸਮਾਂ ਬਿਨਾਂ ਕਿਸੇ ਸਮਝੌਤੇ ਦੇ ਲੰਘ ਗਿਆ ਹੈ।

# ਪੰਜਾਬੀ ਮੂਲ ਦੇ ਜਸਪ੍ਰੀਤ ਸਿੰਘ ਨੇ ਆਪਣੀ ਹੀ ਪਤਨੀ ਦੀ ਹੱਤਿਆ ਕਰ ਦਿੱਤੀ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਐਬਸਫੋਰਡ ’ਚ ਘਰੇਲੂ ਕਲੇਸ਼ ਕਾਰਨ ਇੱਕ ਪੰਜਾਬੀ ਵਿਅਕਤੀ ਨੇ ਆਪਣੀ ਪਤਨੀ ਦੀ ਹੱਤਿਆ ਕਰ ਦਿੱਤੀ ਹੈ। ਮੌਕੇ ’ਤੇ ਪਹੁੰਚੀ ਪੁਲੀਸ ਨੇ ਪਤੀ ਵਿਰੁੱਧ ਸੈਕਿੰਡ ਡਿਗਰੀ ਮਰਡਰ ਦਾ ਮਾਮਲਾ ਕਰਜ ਕਰਕੇ ਉਸਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲੀਸ ਦੇ ਬੁਲਾਰੇ ਸਾਰਜੈਂਟ ਟਿਮੋਥੀ ਪਾਇਰੋਟੀ ਅਨੁਸਾਰ ਸ਼ਹਿਰ ਦੇ ਵੈਗਨਰ ਡਰਾਇਵ ਦੇ 3400 ਬਲਾਕ ’ਚ ਘਰੇਲੂ ਕਲੇਸ਼ ਦੀ ਸੂਚਨਾ ਮਿਲਣ ’ਤੇ ਪੁਲੀਸ ਟੀਮ ਉੱਥੇ ਪਹੁੰਚੀ ਤਾਂ ਬਲਵਿੰਦਰ ਕੌਰ ਨਾਮ ਦੀ ਔਰਤ ਗੰਭੀਰ ਜ਼ਖ਼ਮੀ ਹਾਲਤ ਵਿਚ ਸੀ। ਉਸਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਪਰ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਦਮ ਤੋੜ ਗਈ। ਜਾਂਚ ਦੌਰਾਨ ਪਤਾ ਲੱਗਾ ਕਿ ਉਸ ਦੀ ਹੱਤਿਆ ਉਸ ਦੇ ਪਤੀ ਜਸਪ੍ਰੀਤ ਸਿੰਘ ਨੇ ਕੀਤੀ ਹੈ। ਦੋਹਾਂ ਵਿਚ ਅਕਸਰ ਝਗੜਾ ਹੁੰਦਾ ਰਹਿੰਦਾ ਸੀ ਜਿਸ ਕਾਰਨ ਗੁੱਸੇ ’ਚ ਆਏ ਪਤੀ ਨੇ ਛੁਰਾ ਲੈ ਕੇ ਪਤਨੀ ਉੱਤੇ ਕਈ ਵਾਰ ਕੀਤੇ, ਜੋ ਉਸ ਦੀ ਮੌਤ ਦੇ ਕਾਰਨ ਬਣੇ। ਕਿਸੇ ਹੋਰ ਜੁਰਮ ਕਾਰਨ ਜਸਪ੍ਰੀਤ ਸਿੰਘ ਦਾ ਵੇਰਵਾ ਪੁਲੀਸ ਕੋਲ ਪਹਿਲਾਂ ਹੀ ਮੌਜੂਦ ਸੀ। ਉਸ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ।

# ਵ੍ਹਾਈਟ ਹਾਊਸ ਛੱਡਦੇ ਸਮੇਂ ਟਰੰਪ ਆਪਣੇ ਨਾਲ ਮਹੱਤਵਪੂਰਨ ਗੁਪਤ ਫਾਈਲਾਂ ਵੀ ਘਰ ਲੈ ਗਏ ਸਨ ?

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਅਦਾਲਤ ਨੇ ਸਾਬਕਾ



ਰਾਸ਼ਟਰਪਤੀ ਡੋਨਾਲਡ ਟਰੰਪ ਦੀ ਉਸ ਅਪੀਲ ਨੂੰ ਮੰਨਣੋਂ ਨਾਂਹ ਕਰ ਦਿੱਤੀ ਹੈ ਕਿ ਨਾਜਾਇਜ਼ ਤੌਰ ’ਤੇ ਗੁਪਤ ਫਾਈਲਾਂ ਰੱਖਣ ਦੇ ਮਾਮਲੇ ’ਚ ਅਪਰਾਧਕ ਮੁਕੱਦਮਾ ਰੱਦ ਕਰ ਦਿੱਤਾ ਜਾਵੇ। ਟਰੰਪ ਉੱਪਰ ਦੋਸ਼ ਹੈ ਕਿ ਉਹ 2021 ’ਚ ਵ੍ਹਾਈਟ ਹਾਊਸ ਛੱਡਦੇ ਸਮੇਂ ਆਪਣੇ ਨਾਲ ਮਹੱਤਵਪੂਰਨ ਗੁਪਤ ਫਾਈਲਾਂ ਵੀ ਘਰ ਲੈ ਗਏ ਸਨ ਜਿਸ ਨੂੰ ਸੰਘੀ ਏਜੰਸੀਆਂ ਨੇ ਬਾਅਦ ’ਚ ਉਨ੍ਹਾਂ ਦੇ ਘਰੋਂ ਬਰਾਮਦ ਕੀਤਾ ਸੀ।ਫਲੋਰੀਡਾ ’ਚ ਅਮਰੀਕਾ ਦੀ ਡਿਸਟ੍ਰਿਕਟ ਜੱਜ ਏਲੀਨ ਕੈਨਨ ਸਾਹਮਣੇ ਟਰੰਪ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਮਾਮਲੇ ’ਚ ਸਾਬਕਾ ਰਾਸ਼ਟਰਪਤੀ ਖ਼ਿਲਾਫ਼ ਲੱਗੇ ਸੰਘੀ ਦੋਸ਼ ਬੇਲੁੜੀਂਦੇ ਤੇ ਅਸਪੱਸ਼ਟ ਹਨ। ਜੱਜ ਨੇ ਕਿਹਾ ਕਿ ਸਵਾਲ ’ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਜ਼ਰੂਰਤ ਹੈ ਪਰ ਇਸ ਬਿੰਦੂ ’ਤੇ ਇਸ ਦਾ ਫ਼ੈਸਲਾ ਨਹੀਂ ਕੀਤਾ ਜਾ ਸਕਦਾ। ਟਰੰਪ ਖ਼ਿਲਾਫ਼ ਚਾਰ ਅਪਰਾਧਕ ਮਾਮਲਿਆਂ ’ਚੋਂ ਇਹ ਇੱਕ ਪ੍ਰਮੁੱਖ ਮਾਮਲਾ ਹੈ। ਵਰਨਣਯੋਗ ਹੈ ਕਿ ਟਰੰਪ ਨਵੰਬਰ ’ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ’ਚ ਡੈਮੋਕ੍ਰੇਟ ਆਗੂ ਜੋਅ ਬਾਇਡਨ ਸਾਹਮਣੇ ਰਿਪਬਲਿਕਨ ਚੁਣੌਤੀ ਪੇਸ਼ ਕਰਨਗੇ।

# ਗੋਲੀਬਾਰੀ ਵਿੱਚ ਦੋ ਮੌਤਾਂ ਅਤੇ ਇੱਕ ਔਰਤ ਜ਼ਖ਼ਮੀ ਹੋਈ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਡਾਊਨ ਵਿੱਚ ਬੀਤੇ ਦਿਨੀ ਦਿਹਾੜੇ ਹੋਈ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ ਜਦੋਂ ਕਿ ਇੱਕ ਮਹਿਲਾ ਜ਼ਖਮੀਂ ਹੋਈ ਹੈ। ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੁਪਹਿਰੇ ਡੇਢ ਵਜੇ ਦੇ ਕਰੀਬ ਉਹਨਾਂ ਨੂੰ ਰਿਜੈਂਟ ਪਾਰਕ ਦੇ ਡੰਡਾਸ ਸਟਰੀਟ ਈਸਟ ਅਤੇ ਪਾਰਲੀਮੈਂਟ ਸਟਰੀਟ ਏਰੀਆ ਵਿੱਚ ਗੋਲੀਬਾਰੀ ਦੀ ਸੂਚਨਾ ਮਿਲੀ ਸੀ। ਮੌਕੇ ਤੇ ਪਹੁੰਚੀ ਪੁਲਿਸ ਨੂੰ ਤਿੰਨ ਵਿਅਕਤੀ ਜ਼ਖਮੀ ਹਾਲਤ ਵਿੱਚ ਮਿਲੇ। ਇੱਕ ਆਦਮੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦੋਂ ਕਿ ਦੂਜੇ ਵਿਅਕਤੀ ਦੀ ਮੌਕੇ ਤੇ ਹੀ ਮੌਤ ਹੋ ਗਈ। ਇਸ ਗੋਲੀਬਾਰੀ ਵਿੱਚ ਇੱਕ ਮਹਿਲਾ ਜ਼ਖਮੀ ਹੋਈ ਹੈ। ਪੁਲਿਸ ਨੇ ਇੱਕ ਵਿਅਕਤੀ ਨੂੰ ਮੌਕੇ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਗੋਲੀਬਾਰੀ ਲਈ ਵਰਤਿਆ ਗਿਆ ਹਥਿਆਰ ਵੀ ਬਰਾਮਦ ਕਰ ਲਿਆ ਗਿਆ ਹੈ।

# ਆਸਿਫ਼ਾ ਭੁੱਟੋ ਨੂੰ ਰਸਮੀ ਤੌਰ ’ਤੇ ਦੇਸ਼ ਦੀ ਪਹਿਲੀ ਮਹਿਲਾ ਦਾ ਦਰਜਾ ਦੇਣ ਦਾ ਫ਼ੈਸਲਾ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਸਹਿ-ਚੇਅਰਮੈਨ ਆਸਿਫ਼ ਅਲੀ ਜ਼ਰਦਾਰੀ ਨੇ ਮੁਲਕ ਦੇ 14ਵੇਂ ਰਾਸ਼ਟਰਪਤੀ ਵਜੋਂ ਹਲਫ਼ ਲੈ ਲਿਆ ਹੈ ਅਤੇ ਰਾਸ਼ਟਰਪਤੀ ਬਣਨ ਉਪਰੰਤ ਆਸਿਫ਼ ਅਲੀ ਜ਼ਰਦਾਰੀ ਨੇ ਇਤਿਹਾਸਕ ਫ਼ੈਸਲਾ ਕਰਦਿਆਂ ਆਪਣੀ 31 ਸਾਲਾ ਧੀ ਆਸਿਫ਼ਾ ਭੁੱਟੋ ਨੂੰ ਰਸਮੀ ਤੌਰ ’ਤੇ ਦੇਸ਼ ਦੀ ਪਹਿਲੀ ਮਹਿਲਾ ਦਾ ਦਰਜਾ ਦੇਣ ਦਾ ਫ਼ੈਸਲਾ ਕੀਤਾ ਹੈ। ਪਹਿਲੀ ਮਹਿਲਾ ਦਾ ਦਰਜਾ ਆਮ ਤੌਰ ‘ਤੇ ਰਾਸ਼ਟਰਪਤੀ ਦੀ ਪਤਨੀ ਨੂੰ ਦਿੱਤਾ ਜਾਂਦਾ ਹੈ ਪਰ 2007 ਵਿੱਚ ਉਨ੍ਹਾਂ ਦੀ ਪਤਨੀ ਅਤੇ ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਕਰ ਦਿੱਤੀ ਗਈ ਸੀ। ਭੁੱਟੋ ਦੀ ਮੌਤ ਤੋਂ ਬਾਅਦ ਜ਼ਰਦਾਰੀ ਨੇ ਦੁਬਾਰਾ ਵਿਆਹ ਨਹੀਂ ਕੀਤਾ। ਜ਼ਰਦਾਰੀ ਦੀ ਵੱਡੀ ਬੇਟੀ ਬਖਤਾਵਰ ਭੁੱਟੋ ਜ਼ਰਦਾਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਪੋਸਟ ‘ਚ ਆਸਿਫਾ ਨੂੰ ਟੈਗ ਕੀਤਾ। ਟਵੀਟ ‘ਚ ਲਿਖਿਆ ਗਿਆ, ‘ਰਾਸ਼ਟਰਪਤੀ ਆਸਿਫ ਜ਼ਰਦਾਰੀ ਨੂੰ ਉਨ੍ਹਾਂ ਦੀਆਂ ਸਾਰੀਆਂ ਅਦਾਲਤੀ ਸੁਣਵਾਈਆਂ ‘ਚ ਸਾਥ ਦੇਣ ਤੋਂ ਲੈ ਕੇ ਜੇਲ੍ਹ ਤੋਂ ਉਨ੍ਹਾਂ ਦੀ ਰਿਹਾਈ ਲਈ ਲੜਨ ਤੱਕ ਹੁਣ ਪਾਕਿਸਤਾਨ ਦੀ ਪਹਿਲੀ ਮਹਿਲਾ ਦੇ ਰੂਪ ‘ਚ ਉਨ੍ਹਾਂ ਦੇ ਨਾਲ ਖੜ੍ਹੀ ਹੈ।’’ ਬਖਤਾਵਰ ਨੇ ਪੋਸਟ ਦੇ ਅੰਤ ‘ਚ ਆਸਿਫਾ ਦਾ ਨਾਂ ਲਿਆ ਹੈ।

# ਯੂਕਰੇਨ ਵਿੱਚ ਪੱਛਮੀ ਦੇਸ਼ਾਂ ਦੀਆਂ ਫੌਜਾਂ ਭੇਜਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ-ਫਰਾਂਸ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਦੁਹਰਾਇਆ ਕਿ ਯੂਕਰੇਨ ਵਿੱਚ ਪੱਛਮੀ ਦੇਸ਼ਾਂ ਦੀਆਂ ਫੌਜਾਂ ਭੇਜਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਕਿਹਾ ਕਿ ਮੌਜੂਦਾ ਸਥਿਤੀ ਵਿੱਚ ਇਸ ਦੀ ਜ਼ਰੂਰਤ ਨਹੀਂ ਹੈ। ਮੈਕਰੋਨ ਨੇ ਇੱਕ ਫਰਾਂਸੀਸੀ ਨਿਊਜ਼ ਚੈਨਲ ਨੂੰ ਦਿਤੇ ਇੰਟਰਵਿਊ ’ਚ ਕਿਹਾ ਕਿ ਫਿਲਹਾਲ ਅਜਿਹੀ ਸਥਿਤੀ ਨਹੀਂ ਹੈ ਪਰ ਇਹ ਸਾਰੇ ਬਦਲ ਖੁੱਲ੍ਹੇ ਹਨ। ਮੈਕਰੋਨ ਨੇ ਪਿਛਲੇ ਮਹੀਨੇ ਇਹ ਵੀ ਕਿਹਾ ਸੀ ਕਿ ਯੂਕਰੇਨ ਵਿੱਚ ਪੱਛਮੀ ਫੌਜਾਂ ਭੇਜਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਸ ’ਤੇ ਕਈ ਪਛਮੀ ਦੇਸ਼ਾਂ ਨੇ ਨਕਾਰਾਤਮਕ ਪ੍ਰਤੀਕਿਰਿਆ ਦਿਤੀ ਸੀ। ਉਨ੍ਹਾਂ ਨੇ ਇੰਟਰਵਿਊ ਦੌਰਾਨ ਕਿਹਾ ਕਿ ਜੇਕਰ ਅਜਿਹਾ ਕਦਮ ਚੁੱਕਿਆ ਜਾਂਦਾ ਹੈ ਤਾਂ ਰੂਸ ਜ਼ਿੰਮੇਵਾਰ ਹੋਵੇਗਾ, ਨਾ ਕਿ ਅਸੀਂ। ਹੁਣ ਮੈਕਰੋਨ ਦੀ ਇਹ ਟਿਪਣੀ ਅਜਿਹੇ ਸਮੇਂ ਆਈ ਹੈ ਜਦੋਂ ਫਰਾਂਸ ਦੀ ਸੰਸਦ ਨੇ ਇਸ ਹਫਤੇ ਦੇਸ਼ ਦੀ ਯੂਕਰੇਨ ਰਣਨੀਤੀ ’ਤੇ ਬਹਿਸ ਕੀਤੀ ਹੈ। ਦੇਸ਼ ਦੀ ਨੈਸ਼ਨਲ ਅਸੈਂਬਲੀ ਅਤੇ ਸੈਨੇਟ ਦੋਹਾਂ ਨੇ ਪਿਛਲੇ ਮਹੀਨੇ ਮੈਕਰੋਨ ਅਤੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਵਿਚਾਲੇ ਹੋਏ 10 ਸਾਲ ਦੇ ਦੁਵਲੇ ਸੁਰੱਖਿਆ ਸਮਝੌਤੇ ਨੂੰ ਪ੍ਰਤੀਕਾਤਮਕ ਵੋਟਾਂ ਨਾਲ ਮਨਜ਼ੂਰੀ ਦੇ ਦਿਤੀ ਸੀ।

# ਕਨੇਡਾ ਵਿੱਚ ਬੀਅਰ ਟੈਕਸ ਉਪਰ ਹਾਲ ਦੀ ਘੜੀ ਰੋਕ ਲਗਾ ਦਿੱਤੀ ਹੈ - ਵਿੱਤ ਮੰਤਰੀ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਫੈਡਰਲ ਸਰਕਾਰ ਵੱਲੋਂ ਅਗਲੇ ਦੋ ਹੋਰ ਸਾਲਾਂ ਲਈ ਬੀਅਰ, ਸਪਿਰਿਟਸ ਤੇ ਵਾਈਨ ਆਦਿ ਉੱਤੇ ਲਾਏ ਜਾਣ ਵਾਲੇ ਸਾਲਾਨਾ ਅਲਕੋਹਲ ਐਕਸਾਈਜ਼ ਟੈਕਸ ਜਿਸ ਨੂੰ ਬੀਅਰ ਟੈਕਸ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ ਨੂੰ ਦੋ ਫੀ ਸਦੀ ਰੱਖਣ ਦਾ ਹੀ ਫੈਸਲਾ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਮਹਿੰਗਾਈ ਕਾਰਨ ਅਲਕੋਹਲ ਐਕਸਾਈਜ਼ ਟੈਕਸ ਵਿੱਚ ਪਹਿਲੀ ਅਪਰੈਲ ਨੂੰ 4·7 ਫੀ ਸਦੀ ਦਾ ਵਾਧਾ ਹੋਣਾ ਤੈਅ ਸੀ ਪਰ ਫਰੀਲੈਂਡ ਵੱਲੋਂ ਹੁਣ ਇਹ ਐਲਾਨ ਕੀਤਾ ਗਿਆ ਹੈ ਕਿ ਇਸ ਵਾਧੇ ਉੱਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਗਈ ਹੈ। ਉਨ੍ਹਾਂ ਨੇ ਕੁੱਝ ਲੋਕਲ ਬ੍ਰਿਊਰੀਜ਼ ਨੂੰ ਵੀ ਟੈਕਸ ਵਿੱਚ ਥੋੜ੍ਹੀ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਫਰੀਲੈਂਡ ਨੇ ਦੋ ਸਾਲਾਂ ਲਈ ਬੀਅਰ ਦੇ ਪਹਿਲੇ 15,000 ਹੈਕਟੋਲੀਟਰਜ਼ ਉੱਤੇ ਐਕਸਾਈਜ਼ ਡਿਊਟੀ ਰੇਟਾਂ ਵਿੱਚ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਫਰੀਲੈਂਡ ਦਾ ਕਹਿਣਾ ਹੈ ਕਿ ਕੈਨੇਡਾ ਦੇ ਸਮਾਲ ਕ੍ਰਾਫਟ ਬ੍ਰਿਊਅਰਜ਼ ਦੁਨੀਆਂ ਦੇ ਬਿਹਤਰੀਨ ਕਾਰੋਬਾਰੀਆਂ ਵਿੱਚ ਸ਼ਾਮਲ ਹਨ ਤੇ ਦੇਸ਼ ਦੇ ਅਰਥਚਾਰੇ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ।

# ਹੁਣ ਜੇ ਤੁਹਾਡਾ ਟਰੱਕ ਪੁਲ਼ ਨਾਲ ਟਕਰਾ ਗਿਆ ਤਾਂ ਲੱਖ ਡਾਲਰ ਜ਼ੁਰਮਾਨਾ ਅਤੇ ਕੈਦ ਵੀ ਹੋਵੇਗੀ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕਲੰਬੀਆ ਸੂਬੇ ਵਿੱਚ ਟਰੱਕਾਂ ਦੇ ਪੁਲਾਂ ਨਾਲ ਟਕਰਾਉਣ ਕਾਰਨ ਹੋ ਰਹੇ ਹਾਦਸਿਆਂ ਨੂੰ ਨੱਥ ਪਾਉਣ ਲਈ ਸੂਬਾ ਸਰਕਾਰ ਵੱਲੋਂ ਅਜਿਹੇ ਹਾਦਸਿਆਂ ਲਈ ਇੱਕ ਲੱਖ ਡਾਲਰ ਤੱਕ ਦਾ ਜੁਰਮਾਨਾ ਅਤੇ 18 ਮਹੀਨੇ ਤੱਕ ਦੀ ਕੈਦ ਦਾ ਮਤਾ ਪੇਸ਼ ਕੀਤਾ ਗਿਆ ਹੈ। ਟਰਾਂਸਪੋਰਟ ਅਤੇ ਇੰਫਰਾਸਟਰਕਚਰ ਮੰਤਰੀ ਰੋਬ ਫਲੈਮਿੰਗ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤਰ੍ਹਾਂ ਦੇ ਹਾਦਸੇ ਜਿੱਥੇ ਸੁਰੱਖਿਆ ਲਈ ਖਤਰਾ ਹਨ ਉੱਥੇ ਸਪਲਾਈ ਚੇਨ ਨੂੰ ਆਵਾਜਾਈ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ ਜਿਸ ਕਾਰਨ ਲੱਖਾਂ ਡਾਲਰਾਂ ਦਾ ਨੁਕਸਾਨ ਹੋ ਜਾਂਦਾ ਹੈ। ਉਹਨਾਂ ਆਖਿਆ ਕਿ ਇਸ ਤਰ੍ਹਾਂ ਦੇ ਸਖਤ ਕਦਮਾਂ ਨਾਲ ਅਸੀਂ ਆਪਣੀਆਂ ਸੜਕਾਂ ਨੂੰ ਸੁਰੱਖਿਤ ਰੱਖਣ ਦੇ ਨਾਲ ਨਾਲ ਲੋਕਾਂ ਅਤੇ ਮਾਲ ਦੀ ਢੋਆ ਢੁਆਈ ਨੂੰ ਨਿਰਵਿਘਨ ਅਤੇ ਬਿਨਾਂ ਕਿਸੇ ਦਿੱਕਤ ਦੇ ਜਾਰੀ ਰੱਖਣ ਵਿੱਚ ਕਾਮਯਾਬ ਹੋ ਸਕਾਂਗੇ। ਵਰਨਨ ਯੋਗ ਹੈ ਕਿ ਇਸ ਤੋਂ ਪਹਿਲਾਂ ਦਸੰਬਰ ਵਿੱਚ ਬੀਸੀ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਹਾਦਸਿਆਂ ਲਈ ਜੁਰਮਾਨੇ ਨੂੰ 100 ਡਾਲਰ ਤੋਂ ਵਧਾ ਕੇ 500 ਡਾਲਰ ਕੀਤਾ ਗਿਆ ਸੀ।




# ਇਕਬਾਲ ਖ਼ਾਨ ਨੂੰ ਸਾਹਿਤਕ ਸਮਾਗਮਾਂ ਵਿੱਚ ਚੇਤੇ ਕਰਦਿਆ ਹੰਝੂਆਂ ਭਰੀ ਵਿਦਾਇਗੀ ਦਿੱਤੀ ਗਈ



ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮੀਟਿੰਗ 9 ਮਾਰਚ 2024 ਨੂੰ ਡਾ. ਜੋਗਾ ਸਿੰਘ ਅਤੇ ਕੇਸਰ ਸਿੰਘ ਨੀਰ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਹੋਈ। ਸਟੇਜ ਦੀ ਕਾਰਵਾਈ ਕੇਸਰ ਸਿੰਘ ਨੀਰ ਨੇ ਸੰਭਾਲਦਿਆਂ ਆਏ ਹੋਏ ਸਾਹਿਤਕਾਰਾਂ, ਸਹਿਤ ਪ੍ਰੇਮੀਆਂ ਨੂੰ ਜੀ ਆਇਆ ਆਖਿਆ।ਨਾਲ ਹੀ ਕੁੱਝ ਦੁੱਖਦਾਈ ਖ਼ਬਰਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਕੈਲਗਰੀ ਦੇ ਨਕਸਲੀ ਲਹਿਰ ਦੇ ਸਿਆਸੀ ਘੁਲਾਟੀਏ ਅਤੇ ਨਾਮਵਰ ਸ਼ਾਇਰ ਇਕਬਾਲ ਖ਼ਾਨ, ਅਤੇ ਸੁਰਜੀਤ ਸਿੰਘ ਪੰਨੂ (ਸੀਤਲ), ਪ੍ਰਸਿੱਧ ਉਰਦੂ ਸ਼ਾਇਰ ਮੁਨੱਵਰ ਰਾਣਾ, ਕਹਾਣੀਕਾਰ ਸੁਖਜੀਤ, ਜਗਦੇਵ ਸਿੰਘ ਸਿੱਧੂ ਦੇ ਨੌਜੁਆਨ ਭਤੀਜੇ ਅਤੇ ਮਾ. ਸੁਖਦੇਵ ਸਿੰਘ ਧਾਲ਼ੀਵਾਲ ਦੇ ਸਪੁੱਤਰ ਹਰਦੀਪ ਸਿੰਘ ਧਾਲੀਵਾਲ ਇਸ ਫ਼ਾਨੀ ਦੁਨੀਆਂ ਤੋਂ ਵਿਛੜ ਗਏ ਹਨ।ਸਭਾ ਵੱਲੋਂ ਇਨ੍ਹਾਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਉਪਰੰਤ ਕੇਸਰ ਸਿੰਘ ਨੀਰ ਨੇ ਇਕਬਾਲ ਖ਼ਾਨ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਉਸ ਦੀ ਸਾਹਿਤਕ ਦੇਣ ਅਤੇ ਕੀਤੇ ਕੰਮਾਂ ਬਾਰੇ ਯਾਦਾਂ ਸਾਂਝੀਆਂ ਕੀਤੀਆਂ।ਇੰਡੀਆ ਤੋਂ ਆਏ ਸ਼ਾਇਰ ਜਸਵਿੰਦਰ ਸਿੰਘ ਰੁਪਾਲ ਨੇ ਆਪਣੀ ਇੱਕ ਕਵਿਤਾ 'ਦਿਲ ਵਿੱਚ ਵਸਦੇ ਸਾਂਝ ਦੇ ਸਾਜ ਨੂੰ ਸਿਜਦਾ ਮੈਂ ਕਰਾਂ' ਕਵਿਤਾ ਰਾਹੀਂ ਇਕਬਾਲ ਖ਼ਾਨ ਨੂੰ ਸ਼ਰਧਾਂਜਲੀ ਦਿੱਤੀ। ਡਾ. ਬਾਠ ਨੇ 'ਜ਼ਿੰਦਗੀ ਦਾ ਸਫ਼ਰ ਹੈ ਕੈਸਾ, ਸਫ਼ਰ ਕੋਈ ਸਮਝਾ ਨਹੀਂ ਕੋਈ ਜਾਣਾ ਨਹੀਂ' ਨਾਂ ਦੇ ਗੀਤ ਰਾਹੀਂ ਸ਼ਰਧਾਂ ਦੇ ਫੁੱਲ ਭੇਟ ਕੀਤੇ।ਕਹਾਣੀਕਾਰਾ ਗੁਰਚਰਨ ਕੌਰ ਥਿੰਦ ਨੇ ਇਕਬਾਲ ਖ਼ਾਨ ਦੀ ਹੀ ਇੱਕ ਕਵਿਤਾ 'ਕਲਮ ਦੀ ਅੱਖ' ਸੁਣਾ ਕੇ ਸ਼ਰਧਾਂਜਲੀ ਦਿੱਤੀ ਨਾਲ ਹੀ ਵੋਮਿਨ-ਡੇ ਦੀ ਗੱਲ ਸਾਂਝੀ ਕਰਦਿਆਂ ਆਖਿਆ ਕਿ ਕੈਨੇਡਾ ਵਰਗੇ ਅਗਾਂਹ-ਵਧੂ ਮੁਲਕ ਵਿੱਚ ਵੀ ਇਸਤਰੀ ਨੂੰ ਪੁਰਸ਼ ਦੇ ਬਰਾਬਰ ਤਨਖ਼ਾਹ ਨਹੀਂ ਮਿਲਦੀ।

ਸੁਖਵਿੰਦਰ ਸਿੰਘ ਤੂਰ ਨੇ ਇਕਬਾਲ ਖ਼ਾਨ ਦੀ ਫਿਰੋਜ਼ਦੀਨ ਸ਼ਰਫ਼ ਨੂੰ ਸੰਬੋਧਿਤ ਕਰਕੇ ਲਿਖੀ ਕਵਿਤਾ 'ਅਰਥੀ ਮੈਂ ਚੁੱਕੀ ਫਿਰਦਾ ਪੰਜਾਬ ਦੀ' ਸੁਣਾ ਕੇ ਇਕਬਾਲ ਖ਼ਾਨ ਨੂੰ ਯਾਦ ਕੀਤਾ।ਲਖਬਿੰਦਰ ਸਿੰਘ ਜੌਹਲ ਨੇ ਕਿਰਤੀ ਨਾਂ ਦੀ ਕਵਿਤਾ ਨਾਲ ਇਕਬਾਲ ਖ਼ਾਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕੁਲਦੀਪ ਕੌਰ ਘਟੌੜਾ ਨੇ ਇਸਤਰੀ ਨੂੰ ਮਾਣ ਸਨਮਾਨ ਦੇਣ ਦੀ ਗੱਲ ਕਰਦਿਆਂ ਆਖਿਆ ਕਿ ਸਾਨੂੰ ਆਪਣੇ ਘਰਾਂ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ, ਨਾਲ ਹੀ ਇਕਬਾਲ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਜਸਵਿੰਦਰ ਅਰਪਨ ਨੇ ਬਹੁਤ ਹੀ ਭਾਵੁਕ ਸ਼ਬਦਾਂ ਨਾਲ ਇਕਬਾਲ ਖ਼ਾਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਪ੍ਰੋ. ਸੁਖਵਿੰਦਰ ਸਿੰਘ ਥਿੰਦ ਨੇ ਇਸਤਰੀ ਦਿਵਸ ਦੀ ਗੱਲ ਕਰਦਿਆਂ ਕਿਹਾ ਕਿ ਸਾਨੂੰ ਲੜਕੀਆਂ ਦੀ ਸਿਹਤ ਅਤੇ ਸਿੱਖਿਆ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਲੋੜ ਹੈ।ਫੇਰ ਹੀ ਬਰਾਬਰੀ ਗੱਲ ਕੀਤੀ ਜਾ ਸਕਦੀ ਹੈ। ਸਤਨਾਮ ਸਿੰਘ ਢਾਅ ਨੇ ਇਕਬਾਲ ਦੀਆਂ ਯਾਦਾਂ ਸਾਝੀਆਂ ਕਰਦਿਆਂ ਆਖਿਆ ਕਿ ਇਕਬਾਲ ਦੇ ਵਿਛੋੜੇ ਨਾਲ ਪੰਜਾਬੀ ਸਾਹਿਤਕ ਜਗਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਕਬਾਲ ਖ਼ਾਨ ਸਾਡੇ ਵਿੱਚ ਨਹੀਂ ਰਹੇ ਪਰ ਉਹਦੇ ਕੀਤੇ ਕੰਮ ਹਮੇਸ਼ਾਂ ਯਾਦ ਰਹਿਣਗੇ। ਡਾ. ਜੋਗਾ ਸਿੰਘ ਸਿਹੋਤਾ ਨੇ ਪ੍ਰੋ. ਦਰਸ਼ਨ ਸਿੰਘ ਕੋਮਲ ਦੀ ਲਿਖੀ ਬਹੁਤ ਹੀ ਭਾਵੁਕ ਕਵਿਤਾ 'ਕਿਉਂ ਜੀ ਕਿਤ ਵੱਲ ਜਾ ਰਹੇ ਹੋ, ਹੋਇਆ ਕੀ ਕਸੂਰ ਸਾਥੋਂ ਕਿਉਂ ਪਲੜਾ ਛਡਾ ਰਹੇ ਹੋ' ਆਪਣੀ ਸੁਰੀਲੀ ਅਵਾਜ਼ ਵਿੱਚ ਪੇਸ਼ ਕਰਕੇ ਹਾਜ਼ਰੀਨ ਦੀਆਂ ਅੱਖਾਂ ਨਮ ਕਰ ਦਿਤੀਆਂ।ਇਨ੍ਹਾਂ ਤੋ ਇਲਾਵਾ ਜਸਵਿੰਦਰ ਸਿੰਘ ਅਰਪਨ, ਪ੍ਰਿਤਪਾਲ ਸਿੰਘ ਮੱਲ੍ਹੀ ਅਤੇ ਸੁਖਦੇਵ ਕੌਰ ਢਾਅ ਨੇ ਵੀ ਸ਼ਰਧਾਂਜਲੀ ਸਮਾਗਮ ਵਿੱਚ ਭਰਪੂਰ ਯੋਗਦਾਨ ਪਾਇਆ। ਅਖ਼ੀਰ ਤੇ ਡਾ. ਜੋਗਾ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

ਇਕਬਾਲ ਖ਼ਾਨ ਨੂੰ 10 ਮਾਰਚ 2024 ਨੂੰ ਅੰਤਮ ਵਿਦਾਇਗੀ ਦਿੱਤੀ ਗਈ, ਜਿਸ ਉਸ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਸ਼ਾਮਲ ਹੋਏ। ਜਥੇਬੰਦੀਆਂ ਵਿੱਚ ਅਰਪਨ ਲਿਖਾਰੀ ਸਭਾ ਤੋਂ ਇਲਾਵਾ ਐਡਮਿੰਟਨ ਤੋਂ ਪ੍ਰੋਗਰੈਸਿਵ ਪਿਊਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਅਤੇ ਮੈਪਲ ਲੀਫ਼ ਰਾਇਟਰਜ਼ ਫ਼ਾਊਂਡੇਸ਼ਨ ਵੱਲੋਂ, ਪੰਜਾਬੀ ਸਾਹਿਤ ਅਤੇ ਸੱਭਿਅਚਰਕ ਸਭਾ ਵਿਨੀਪੈੱਗ, ਈਸਟ ਇੰਡੀਆ ਡਿਫ਼ੈਂਸ ਕਮੇਟੀ ਵੈਨਕੋਵਰ ਅਤੇ ਕੈਲਗਰੀ ਦੀਆਂ ਸਾਰੀਆਂ ਸਾਹਿਤਕ ਅਤੇ ਭਾਈਚਾਰਕ ਜਥੇਬੰਦੀਆਂ ਅਤੇ ਕੈਨੇਡਾ ਦੇ ਵੱਖ ਵੱਖ ਸੂਬਿਆਂ ਅਤੇ ਸ਼ਹਿਰਾਂ ਦੇ ਸਾਹਿਤਕਾਰਾਂ ਵੱਲੋਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਦੇਸ਼ ਵਿਦੇਸ਼ ਤੋਂ ਉਹਦੇ ਮਿੱਤਰ ਪਿਆਰਿਆਂ ਦੇ ਸ਼ੋਕ ਸੰਦੇਸ਼ ਪੜ੍ਹੇ ਗਏ।ਖ਼ਾਸ ਕਰਕੇ ਉਹਦੇ ਪਿੰਡ ਖ਼ਾਨਖ਼ਾਨਾ ( ਨੇੜੇ ਬੰਗਾ) ਨਿਵਾਸੀਆਂ ਵੱਲੋਂ ਪਿੰਡ ਦੇ ਵਿੱਦਿਆ ਮੰਦਰ (ਸਕੂਲ) ਲਈ ਕੀਤੀ ਮੱਦਦ ਦਾ ਖ਼ਾਸ ਜ਼ਿਕਰ ਕਰਦਿਆਂ ਸ਼ੋਕ ਸੰਦੇਸ਼ ਭੇਜਿਆ। ਇਕਬਾਲ ਖ਼ਾਨ ਦੇ ਕੀਤੇ ਕੰਮ ਹਮੇਸ਼ਾਂ ਲਈ ਉਸ ਨੂੰ ਜ਼ਿੰਦਾ ਰੱਖਣਗੇ।




## ਕਨੇਡੀਅਨ ਸੱਥ

### ਜਿਹੜੇ ਟੈਕਸ ਮੌਜੂਦਾ ਮੇਅਰ ਨੇ ਵਧਾਏ ਹਨ ਤੁਸੀਂ ਵਾਪਿਸ ਲਵੋਗੇ ?



ਅਸ਼ੀਸ਼ ਨਰੂਲਾ
1 204 890 5040

ਅਜੇ ਲੰਘੇ ਕੱਲ ਕੰਮ ਤੇ ਲੰਚ ਬਰੇਕ ਉੱਪਰ ਸੀ ,ਅਜੇ ਸਮਾਨ ਸੰਭਾਲਣ ਹੀ ਲੱਗਿਆ ਸੀ ਇੱਕ ਗੋਰੀ ਹੱਥ ਵਿੱਚ ਗੱਤਾ ,ਉਪਰ ਪੰਜ ਸੱਤ ਕਾਗਜ਼ ਫੜੀ ਅਤੇ ਜੇਕਟ ਉੱਪਰ ਬਿੱਲਾ (ਰੀਕਾਲ ਮੈਅਰ ਗੌਂਡਕ) ਮੇਰੇ ਕੋਲ ਆ ਖੜੀ , ਅਤੇ ਪੁੱਛਣ ਲੱਗੀ ਕਿ ਤੇਰੀ ਵੋਟ ਬਣੀ ਹੈ ,ਮੈਂ ਸਾਡੇ ਸ਼ਹਿਰ ਦੀ ਮੇਅਰ ਨੂੰ ਰੀਕਾਲ ਲਈ ਵਲੰਟੀਅਰ ਕੰਮ ਕਰ ਰਹੀ ਹੈ,ਅਤੇ ਪਟੀਸ਼ਨ ਤੇ ਹਸਤਾਖਰ ਕਰਵਾਉਣਾ ਚਾਹੁੰਦੀ ਹਾਂ, ਅਤੇ ਟੈਕਸ ਦੇ ਵਾਧੇ ਬਾਰੇ ਕਹਾਣੀ ਸੁਨਾਉਣ ਲੱਗੀ,ਮੈਂ ਪਰਤ ਕੇ ਸਵਾਲ ਕੀਤਾ ਜੇਕਰ ਤੁਸੀ ਇਸ ਮੁਹਿੰਮ ਵਿੱਚ ਕਾਮਯਾਬ ਹੋ ਗਏ ਤਾਂ ਤੁਸੀ ਲੋਕਾਈ ਨੂੰ ਕਿਸ ਤਰਾਂ ਭਰੋਸਾ ਦਿਵਾਓਗੇ ਕਿ ਜਿਹੜੇ ਟੈਕਸ ਮੌਜੂਦਾ ਮੇਅਰ ਨੇ ਵਧਾਏ ਹਨ ਤੁਸੀਂ ਵਾਪਿਸ ਲਵੋਗੇ ,ਅਤੇ ਆਉਣ ਵਾਲੇ ਸਮੇਂ ਵਿੱਚ ਟੈਕਸ ਵਿੱਚ ਵਾਧਾ ਨਹੀਂ ਹੋਵੇਗਾ,ਅਤੇ (ਪਿਛਲੇ ਸਾਲ ਤੋਂ ਸਾਡੇ ਸ਼ਹਿਰ ਵਿੱਚ ਪਲਾਇਨ ਨਾਲ ਵਧੀ ਆਬਾਦੀ ਕਾਰਨ ਖਰਚਿਆਂ ਵਿੱਚ ਵੀ ਵਾਧਾ ਹੋਇਆ ਹੈ)ਲੋਕਾਈ ਨੂੰ ਮਿਲਣ ਵਾਲੀਆਂ ਰੋਜ ਮਰ੍ਹਾ ਦੀਆਂ ਜਰੂਰਤਾਂ ਨਿਰਵਿਘਨ ਮਿਲਦੀਆਂ ਰਹਿਣਗੀਆਂ,ਅਤੇ ਹੋਰ ਗੱਲ ਤੁਹਾਡੀ ਕਾਮਯਾਬੀ ਤੋ ਬਾਅਦ ਨਵੇਂ ਮੇਅਰ ਦੀ ਚੋਣ ਉਪਰ ਜੋ ਵਾਧੂ ਖਰਚਾ ਆਵੇਗਾ ਉਹ ਤੁਸੀਂ ਆਪਣੀ ਜੇਬ ਵਿੱਚੋਂ ਭਰੋਗੇ, ਲੰਚ ਰੂਮ ਵਿੱਚ ਬੈਠੇ ਹੋਰ ਸਹਿਕਰਮੀ ਵੀ ਸਮਝ ਗਏ ਕਿ ਗੱਲ ਤਾਂ ਪਤੇ ਦੀ ਹੈ, ਬਸ ਏਨਾ ਸੁਨਣ ਦੀ ਦੇਰ ਸੀ ਬੀਬੀ ਕਹਿੰਦੀ ਕਿ ਮੈਂ ਤੇਰੇ ਵਿਚਾਰਾਂ ਦੀ ਕਦਰ ਕਰਦੀ ਹਾਂ ਅਤੇ ਮੈਨੂੰ ਤੁਹਾਡੇ ਵਿਚਾਰਾਂ ਉੱਪਰ ਕੋਈ ਇਤਰਾਜ ਨਹੀਂ। ਸੋ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਪ੍ਰਾਪਰਟੀ ਟੈਕਸ ਦੇ ਨਾਲ ਨਾਲ ਹੋਰ ਕਈ ਖਰਚੇ ਵਧੇ ਹਨ ਪਰ ਕੀ ਇਹ ਖਰਚੇ ਸਿਰਫ ਕੌਂਸਲ ਲਈ ਵਧੇ ਹਨ ? ਜਿਸ ਕਾਰਨ ਸਿਟੀ ਕੌਂਸਲ ਨੇ ਲੰਘੇ 3 ਵਰ੍ਹਿਆ ਵਿੱਚ ਆਪਣੀਆਂ ਤਨਖਾਹਾਂ ਵਿੱਚ ਲਗਭਗ 6 ਪ੍ਰਤੀਸ਼ਤ ਦਾ ਵਾਧਾ ਕੀਤਾ ਹੈ ,ਲੀਡਰਾਂ ਨੂੰ ਸਿਰਫ ਆਪਣੇ ਖਰਚੇ ਹੀ ਦਿੱਸਦੇ ਹਨ ਫਿਰ ਭਾਂਵੇ ਉਹ ਮਿਊਸੀਪਲ ਹੋਵੇ ਜਾਂ ਫਿਰ ਪ੍ਰੋਵਿਨਸੀਅਲ , ਜਾਂ ਫਿਰ ਫੈਡਰਲ। ਇਧਰ ਸ਼ਹਿਰ ਦੇ ਅੱਧੀ ਦਰਜਨ ਦੇ ਲਗਭਗ ਸਿਟੀ ਕੌਂਸਲਰਾਂ ਨੇ ਜੋਨਿੰਗ ਮਾਮਲੇ ਕਾਫੀ ਤਿੱਖੇ ਤੇਵਰ ਦਿਖਾਏ ਹਨ ।ਨਵੀਂ ਪ੍ਰਤਾਵਿਤ ਜੋਨਿੰਗ ਵਿੱਚ ਜਿਹੜਿਆਂ ਕੰਮਿਊਨਿਟੀਜ ਵਿੱਚ ਸਿੰਗਲ ਫੈਮਿਲੀ ਹੋਮ ਹਨ ਉੱਥੇ 6 ਪਲੈਕਸ ਟਾਉਨ ਹੋਮ ਵੀ ਬਣਾਏ ਜਾਣ।ਐਸੀ ਤਜ਼ਵੀਜ ਰੱਖੀ ਗਈ ਹੈ, ਜੇਕਰ ਕਿਸੇ ਪ੍ਰਵਾਰ ਦੀ ਤਰਜੀਹ ਕਿਸੇ ਖਾਸ ਹਲਕੇ ਵਿੱਚ ਰਹਿਣ ਦੀ ਹੈ ਅਤੇ ਸਿੰਗਲ ਫੈਮਿਲੀ ਹੋਮ ਉਸ ਦੀ ਪਹੁੰਚ ਤੋ ਬਾਹਰ ਹਨ ਤਾਂ ਉਸ ਲਈ ਤਾਂ ਬਹੁਤ ਮੁਸ਼ਕਿਲ ਹੈ। ਜੇਕਰ ਕੌਂਸਲ ਵਿੱਚ ਇਹ ਪ੍ਰਸਤਾਵ ਪਾਸ ਹੋ ਜਾਂਦਾ ਹੈ ਤਾਂ ਆਉਣ ਵਾਲੇ ਮਿਊਸੀਪਲ ਇਲੈਕਸ਼ਨ ਵਿੱਚ ਇਸ ਮਸਲੇ ਤੇ ਲੋਕ ਰਾਇ ਵੀ ਲਈ ਜਾਵੇਗੀ ਅਪ੍ਰੈਲ ਮਹੀਨੇ ਵਿੱਚ ਕਾਰਬਨ ਟੈਕਸ ਵਿੱਚ ਹੋਰ ਵਾਧਾ ਹੋ ਰਿਹਾ ਹੈ,ਜਿਸ ਨਾਲ ਪੈਟਰੋਲ, ਡੀਜਲ ਹੋਰ ਮਹਿੰਗਾ ਹੋ ਜਾਵੇਗਾ। ਇਸੇ ਸਿਲਸਲੇ ਵਿੱਚ ਅਲਬਰਟਾ ਦੀ ਪ੍ਰੀਮੀਅਰ ਦੀ ਬੀਤੇ ਦਿਨੀ ਪ੍ਰਧਾਨ ਮੰਤਰੀ ਹੋਰਾਂ ਨਾਲ ਮੀਟਿੰਗ ਸੀ , ਜਿਸ ਵਿੱਚ ਪ੍ਰੀਮੀਅਰ ਹੋਰਾਂ ਨੇ ਟਰੂਡੋ ਸਾਬ੍ਹ ਨਾਲ ਆਹਮਣੇ ਸਾਹਮਣੇ ਹੋਈ ਮੀਟਿੰਗ ਵਿੱਚ ਬੇਨਤੀ ਕੀਤੀ ਅਤੇ ਹੋਰ ਗਵਾਂਢੀ ਸੱਤ ਸੂਬਿਆਂ ਦਾ ਵੀ ਹਵਾਲਾ ਦਿੱਤਾ ਕਿ 1 ਅਪ੍ਰੈਲ ਤੋਂ ਸੰਭਾਵੀ ਕਾਰਬਨ ਟੈਕਸ ਵਾਧਾ ਨਾ ਕੀਤਾ ਜਾਵੇ,ਅਤੇ ਸਮਿਥ ਹੁਰਾਂ ਕਿਹਾ ਕਿ ਮੈ ਆਸਵੰਦ ਹਾਂ ਕਿ ਸੈਂਟਰ ਇਸ ਮੁੱਦੇ ਤੇ ਵਿਚਾਰ ਕਰੇਗਾ। ਇਸ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਹੁਰਾਂ ਕਿਹਾ ਕਿ ਜੇਕਰ ਟੈਕਸ ਵਧਦਾ ਹੈ ਤਾਂ ਰੀਬੇਟ ਵੀ ਵਧੇਗੀ ,ਔਸਤਨ 4 ਮੈਬਰਾਂ ਵਾਲੇ ਪਰਿਵਾਰ ਨੂੰ 1800$ ਸਾਲਾਨਾ ਰੀਬੇਟ ਕਲਾਈਮੇਟ ਚੇਂਜ ਵੱਜੋਂ ਮਿਲੇਗੀ। ਅਤੇ ਟ੍ਰੂਡੋ ਹੋਰਾਂ ਨੇ ਅਫੋਰਡਿਬਿਲਟੀ, ਚਾਈਲਡ ਕੇਅਰ ਅਤੇ ਫਰਾਮਾ ਕੇਅਰ ਵੀ ਛੇਤੀ ਸਿਰੇ ਲਾਉਣ ਦੀ ਗੱਲ ਆਖੀ। ਪ੍ਰੀਮੀਅਰ ਨੇ ਜਾਪਾਨ ਨਾਲ ਅਮੋਨੀਆਂ ਦੀ ਦਰਾਮਦ ਦਾ ਵੀ ਪ੍ਰਪੋਜਲ ਰੱਖਿਆ ਜਿਸ ਵਿੱਚ ਕਿ 20 ਸਾਲ ਦੀ ਸਪਲਾਈ ਦਾ ਕੰਟਰੈਕਟ ਕਰਨ ਦੀ ਗੱਲ ਆਖੀ ਗਈ ਹੈ ਅਤੇ ਫੈਡਰਲ ਸਰਕਾਰ ਤੋ ਮੱਦਦ ਦੀ ਇੱਛਾ ਜਾਹਰ ਕੀਤੀ ਹੈ ਅਜੇ ਹੋਰ ਵੇਰਵਿਆਂ ਦੀ ਉਡੀਕ ਹੈ । ਅਸੀਂ ਸਾਰੇ ਦੇਸ਼ ਦੇ ਮੈਡੀਕਲ ਢਾਂਚੇ ਤੋਂ ਭਲੀ ਭਾਤ ਵਾਕਿਫ ਹਾਂ, ਫਿਰ ਸਰਕਾਰਾਂ ਇਸ ਨੂੰ ਬਿਹਤਰ ਬਨਾਉਣ ਲਈ ਕਦਮ ਚੁੱਕਣ ਦੀ ਬਜਾਏ ਆਪਣੇ ਚਹੇਤੇ ਕਾਰਪੋਰੇਟਰਾਂ ਦਾ ਹੀ ਫਾਇਦਾ ਕਰਦੀ ਜਾਪਦੀ ਹੈ ਇਸ ਦੀ ਮਿਸਾਲ ਹਾਲ ਹੀ ਵਿੱਚ ਹੋਈ ਡਾਇਨਾ ਲਾਈਫ ਦੀ ਘਰ ਵਾਪਸੀ ਤੋਂ ਸਹਿਜੇ ਲਗਾਇਆ ਜਾ ਸਕਦਾ ਹੈ, ਲੰਘੇ ਸਮੇ ਵਿੱਚ ਇਸ ਸੰਸਥਾ ਨੂੰ ਸਰਕਾਰ ਨੇ ਪ੍ਰਾਈਵੇਟ ਹੱਥਾਂ ਵਿੱਚ ਸੌਂਪ ਦਿੱਤਾ ਸੀ ਅਤੇ ਲੋਕਾਂ ਨੂੰ ਸਰਵਿਸ ਚੰਗੀ ਤਰ੍ਹਾ ਨਾ ਮਿਲਣ ਦੀ ਵਜ੍ਹਾ ਕਾਰਨ ਫਿਰ ਰੌਲੇ ਰੱਪੇ ਤੋਂ ਬਾਅਦ ਸਰਕਾਰ ਨੇ ਆਪਣੇ ਹੱਥਾਂ ਵਿੱਚ ਲੈ ਲਿਆ ਹੈ । ਜਿਸ ਦਾ ਖਰਚਾ ਲਗਭਗ 90 ਮਿਲੀਅਨ ਡਾਲਰ ਦੱਸੀਦਾ ਹੈ, ਜੋ ਕਿ ਕਿਸੇ ਭੜੂਏ ਨੇ ਆਪਣੀ ਜੇਬ ਚੋਂ ਨਹੀਂ ਭਰਨਾ , ਲੋਕਾਂ ਦੇ ਟੈਕਸ ਦਾ ਇਕੱਠਾ ਕੀਤਾ ਹੈ ,ਜੋ ਕਿ ਖਿੱਲੀ ਵਾਂਗ ਉਡ ਰਿਹਾ ਹੈ। ਅਜੇ ਸੈਂਟਰ ਸਰਕਾਰ ਦੀ ਅਰਾਈਵ ਕੈਨ ਵਾਲੇ ਕਾਂਡ ਦੀ ਸਿਆਹੀ ਸੁੱਕੀ ਨਹੀਂ ਸੀ ਆਹ ਹੋਰ ਬੋਝ ਟੈਕਸ ਪੇਅਰ ਉਪਰ ਪਾ ਦਿੱਤਾ । ਕਨੇਡੀਅਨ ਦੇ ਦਿਲਾਂ ਵਿੱਚ ਇਹ ਵੀ ਖਦਸ਼ਾ ਚੱਲਦਾ ਰਹਿੰਦਾ ਹੈ ਕਿ ਜੇਕਰ ਕਿਸੇ ਮੁਲਕ ਵਿੱਚ ਖਾਨਾਜੰਗੀ ਹੋ ਗਈ ਜਾਂ ਫਿਰ ਕੋਈ ਲੜਾਈ ਝਗੜਾ ਹੋ ਗਿਆ ਤਾਂ ਸਾਡੇ ਲੀਡਰਾਂ ਨੇ ਆਪਣੇ ਖਜਾਨੇ ਦੇ ਦਰਵਾਜੇ ਖੋਲ ਦੇਣੇ ਨੇ ਫਿਰ ਭਾਵੇ ਕਾਰਬਨ ਟੈਕਸ ਹੋਰ ਵਧਾਉਣਾ ਪੈ ਜਾਵੇ ਕਿਹੜਾ ਕਿਸੇ ਬੋਲਣਾ ਹੈ ? ਉਂ ਗੱਲ ਹੈ ਇੱਕ ----- ਰੱਬ ਰਾਖਾ।












# ਪੁਲਿਸ ਅਨੁਸਾਰ ਘਰ ਨੂੰ ਲੱਗੀ ਅੱਗ ਸ਼ੱਕ ਦੇ ਘੇਰੇ ਵਿੱਚ ਆਉਂਦੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੇ ਮਿਸੀਸਾਗਾ ਵਿੱਚ ਇੱਕ ਘਰ ਨੂੰ ਲੱਗੀ ਅੱਗ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ 3 ਹੋਰ ਜ਼ਖ਼ਮੀ ਹੋਏ ਹਨ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮਿਸੀਸਾਗਾ ਦੀ ਫਾਇਰ ਚੀਫ ਡੈਰਿਨ ਰਿਜ਼ੀ ਨੇ ਆਖਿਆ ਕਿ ਮੌਕੇ 'ਤੇ ਪਹੁੰਚੇ ਫ਼ਾਇਰ ਫਾਈਟਰਜ਼ ਨੂੰ ਘਰ ਵਿੱਚੋਂ ਅੱਗ ਦੀਆਂ ਤੇਜ਼ ਲਪਟਾਂ ਨਿਕਲਦੀਆਂ ਨਜ਼ਰ ਆਈਆਂ। ਫ਼ਾਇਰ ਫਾਈਟਰਜ਼ ਨੇ ਘਰ ਦੀ ਬੇਸਮੈਂਟ ਤੇ ਦੂਜੀ ਮੰਜ਼ਿਲ ਉੱਤੇ ਜਾ ਕੇ ਤਲਾਸ਼ੀ ਲਈ ਗਈ। ਘਰ ਦੀ ਉੱਪਰਲੀ ਮੰਜ਼ਿਲ ਦੇ ਦੋਵਾਂ ਬੈੱਡਰੂਮਾਂ ਵਿੱਚ ਦੋ ਵਿਅਕਤੀ ਬੇਹੋਸ਼ੀ ਦੀ ਹਾਲਤ ਵਿੱਚ ਪਏ ਮਿਲੇ। ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਇੱਕ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਅੱਗ ਬੁਝਾਊ ਅਮਲੇ ਦੇ ਪਹੁੰਚਣ ਤੋਂ ਪਹਿਲਾਂ ਦੋ ਹੋਰ ਵਿਅਕਤੀ ਘਰ ਵਿੱਚੋਂ ਆਪੇ ਹੀ ਬਾਹਰ ਆ ਗਏ ਸਨ ਅਤੇ ਉਹ ਘਰ ਦੇ ਸਾਹਮਣੇ ਵਾਲੇ ਲਾਅਨ ਵਿੱਚ ਜ਼ਖ਼ਮੀ ਪਏ ਮਿਲੇ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਦੂਜਾ ਵੀ ਗੰਭੀਰ ਜ਼ਖ਼ਮੀ ਦੱਸਿਆ ਜਾਂਦਾ ਹੈ। ਪੈਰਾਮੈਡਿਕਸ ਅਨੁਸਾਰ ਘਰ ਵਿੱਚੋਂ ਇੱਕ ਕੁੱਤੇ ਤੇ ਬਿੱਲੀ ਨੂੰ ਵੀ ਬਾਹਰ ਕੱਢਿਆ ਗਿਆ। ਪਰ ਕੁੱਤਾ ਮਰ ਚੁੱਕਾ ਸੀ।

# ਚੀਨ ਨੇ ਅਰੁਣਾਚਲ ਪ੍ਰਦੇਸ਼ 'ਤੇ ਆਪਣੇ ਦਾਅਵੇ ਨੂੰ ਦੁਹਰਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਰੁਣਾਚਲ ਪ੍ਰਦੇਸ਼ ਦੀ ਯਾਤਰਾ 'ਤੇ ਚੀਨ ਦੇ ਇਤਰਾਜ਼ ਨੂੰ ਖਾਰਜ ਕਰਨ ਦੇ ਕੁੱਝ ਦਿਨਾਂ 'ਬਾਅਦ ਚੀਨ ਦੀ ਫ਼ੌਜ ਨੇ ਅਰੁਣਾਚਲ ਪ੍ਰਦੇਸ਼ 'ਤੇ ਆਪਣੇ ਦਾਅਵੇ ਨੂੰ ਦੁਹਰਾਇਆ ਹੈ। ਉਸ ਨੇ ਇਸ ਖੇਤਰ ਨੂੰ 'ਚੀਨ ਦਾ ਅੰਦਰੂਨੀ ਹਿੱਸਾ' ਕਰਾਰ ਦਿੱਤਾ ਹੈ।ਚੀਨੀ ਰੱਖਿਆ ਮੰਤਰਾਲੇ ਦੇ ਬੁਲਾਰੇ ਸੀਨੀਅਰ ਕਰਨਲ ਝਾਂਗ ਜ਼ਿਆ–ਗਾਂਗ ਨੇ ਕਿਹਾ ਕਿ ਜ਼ਿਜ਼ਾਂਗ (ਤਿੱਬਤ ਦਾ ਚੀਨੀ ਨਾਮ) ਦਾ ਦੱਖਣੀ ਹਿੱਸਾ ਚੀਨ ਦੇ ਖੇਤਰ ਦਾ ਇੱਕ ਅਨਿੱਖੜਵਾਂ ਅੰਗ ਹੈ ਅਤੇ ਪੇਈਚਿੰਗ 'ਭਾਰਤ ਵੱਲੋਂ ਅਣਅਧਿਕਾਰਤ ਤੌਰ 'ਤੇ ਸਥਾਪਤ ਅਰੁਣਾਚਲ ਪ੍ਰਦੇਸ਼' ਨੂੰ ਕਦੇ ਸਵੀਕਾਰ ਨਹੀਂ ਕਰਦਾ ਤੇ ਇਸ ਦਾ ਦ੍ਰਿੜ੍ਹਤਾ ਨਾਲ ਵਿਰੋਧ ਕਰਦਾ ਹੈ। ਝਾਂਗ ਨੇ ਅਰੁਣਾਚਲ ਪ੍ਰਦੇਸ਼ ਵਿੱਚ ਸੇਲਾ ਸੁਰੰਗ ਰਾਹੀਂ ਭਾਰਤ ਵੱਲੋਂ ਫੌਜੀ ਤਿਆਰੀ ਵਧਾਉਣ ਦੇ ਜਵਾਬ ਵਿੱਚ ਇਹ ਟਿੱਪਣੀ ਕੀਤੀ। ਪੇਈਜਿੰਗ ਨੇ ਇਸ ਖੇਤਰ ਦਾ ਨਾਂ ਜ਼ਾਂਗਨਾਨ ਰੱਖਿਆ ਹੈ। ਅਰੁਣਾਚਲ ਪ੍ਰਦੇਸ਼ 'ਤੇ ਦੱਖਣੀ ਤਿੱਬਤ ਦੇ ਹਿੱਸੇ ਦੇ ਰੂਪ 'ਚ ਦਾਅਵਾ ਕਰਨ ਵਾਲਾ ਚੀਨ ਭਾਰਤੀ ਆਗੂਆਂ ਦੇ ਰਾਜ ਦੇ ਦੌਰਿਆਂ 'ਤੇ ਲਗਾਤਾਰ ਇਤਰਾਜ਼ ਜਤਾਉਂਦਾ ਹੈ।

























# ਮੁਜ਼ਾਹਰਾਕਾਰੀਆਂ ਦੀ ਮੰਗ ਹੈ ਕਿ ਕੈਨੇਡਾ ਵਿੱਚ ਆਏ ਸਾਰੇ ਇਮੀਗਰੈਂਟਸ ਨੂੰ ਪੱਕਾ ਕੀਤਾ ਜਾਵੇ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਨਕੂਵਰ ਵਿੱਚ ਇਮੀਗਰੈਂਟਸ ਦੇ ਹੱਕਾਂ ਲਈ ਇੱਕ ਮੁਜ਼ਾਹਰਾ ਕੀਤਾ ਗਿਆ ਜਿਸ ਵਿੱਚ ਮੁਜ਼ਾਹਰਾਕਾਰੀਆਂ ਵੱਲੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਕੈਨੇਡਾ ਵਿੱਚ ਆਏ ਸਾਰੇ ਇਮੀਗਰੈਂਟਸ ਨੂੰ ਪੱਕਾ ਕੀਤਾ ਜਾਵੇ। ਪ੍ਰਵਾਸੀਆਂ ਦੇ ਹੱਕਾਂ ਵਾਸਤੇ ਬਣਾਏ ਗਏ ਇੱਕ ਗਰੁੱਪ ਜਿਸਦਾ ਨਾਮ ਮਾਈਗ੍ਰੈਂਟ ਰਾਈਟਸ ਨੈਟਵਰਕ ਹੈ, ਵੱਲੋਂ ਮਾਈਗਰੈਂਟ ਸਪਰਿੰਗ ਨਾਮ ਦੀ ਮੁਹਿੰਮ ਸ਼ੁਰੂ ਕੀਤੀ ਗਈ ਜਿਸ ਵਿੱਚ ਆਖਿਆ ਜਾ ਰਿਹਾ ਹੈ ਕਿ ਜਿੰਨੇ ਵੀ ਪ੍ਰਵਾਸੀ ਕਾਮੇ ਹਨ ਸਭ ਲਈ ਨਿਆਂ ਅਤੇ ਸਮਾਨਤਾ ਹੋਣੀ ਚਾਹੀਦੀ ਹੈ। ਪ੍ਰਦਰਸ਼ਨਕਾਰੀਆਂ ਨੇ ਕਈ ਤਰ੍ਹਾਂ ਦੇ ਬੋਰਡ ਫੜੇ ਹੋਏ ਸਨ ਜਿੰਨਾਂ ਉੱਪਰ ਲਿਖਿਆ ਗਿਆ ਸੀ ਕਿ ਡਿਪੋਰਟੇਸ਼ਨ ਬੰਦ ਕੀਤੀ ਜਾਵੇ ਪ੍ਰਵਾਸੀਆਂ ਨੂੰ ਨਿਯਮਤ ਕੀਤਾ ਜਾਵੇ । ਸਾਰਿਆਂ ਲਈ ਪੂਰੀ ਅਤੇ ਪੱਕੀ ਇਮੀਗ੍ਰੇਸ਼ਨ ਹੋਵੇ ਤੇ ਸਾਰੇ ਪ੍ਰਵਾਸੀਆਂ ਲਈ ਬਰਾਬਰ ਦੇ ਅਧਿਕਾਰ ਹੋਣ। ਇੱਕ ਪ੍ਰਦਰਸ਼ਨਕਾਰੀ ਨੇ ਗੱਲ ਕਰਦਿਆਂ ਆਖਿਆ ਕਿ ਪ੍ਰਵਾਸੀ ਕਾਮੇ ਹਰੇਕ ਖੇਤਰ ਵਿੱਚ ਕੰਮ ਕਰ ਰਹੇ ਹਨ ਚਾਹੇ ਉਹ ਖੇਤੀਬਾੜੀ ਹੋਵੇ ਉਸਾਰੀ ਦਾ ਕੰਮ ਹੋਵੇ ਜਾਂ ਫਿਰ ਸਫਾਈ ਦਾ ਕੰਮ ਹੋਵੇ। ਉਸਨੇ ਆਖਿਆ ਕਿ ਕੈਨੇਡਾ ਦੀ ਮੌਜੂਦਾ ਇਮੀਗ੍ਰੇਸ਼ਨ ਪ੍ਰਣਾਲੀ ਇਸ ਤਰ੍ਹਾਂ ਦੀ ਨਹੀਂ ਹੈ ਕਿ ਸਾਰਿਆਂ ਨੂੰ ਬਰਾਬਰ ਦੇ ਹੱਕ ਮਿਲ ਸਕਣ। ਉਸਨੇ ਕਿਹਾ ਕਿ ਜਰੂਰਤ ਹੈ ਕਿ ਕੈਨੇਡਾ ਸਰਕਾਰ ਵੱਲੋਂ ਅਜਿਹਾ ਪ੍ਰੋਗਰਾਮ ਸ਼ੁਰੂ ਕੀਤਾ ਜਾਵੇ ਜਿਸ ਵਿੱਚ ਪ੍ਰਵਾਸੀ ਕਾਮੇ ਆਪਣੇ ਰੁਜ਼ਗਾਰਦਾਤਾ ਦੇ ਉੱਪਰ ਨਿਰਭਰ ਨਾ ਹੋਣ। ਉਸਨੇ ਅੱਗੇ ਆਖਿਆ ਕਿ ਜਰੂਰਤ ਹੈ ਕਿ ਕੈਨੇਡਾ ਵਿੱਚ ਆ ਕੇ ਕੰਮ ਕਰਨ ਵਾਲਿਆਂ ਨੂੰ ਇਸ ਤਰ੍ਹਾਂ ਮਹਿਸੂਸ ਹੋਵੇ ਕਿ ਇਹ ਉਹਨਾਂ ਦਾ ਆਪਣਾ ਘਰ ਹੈ ਅਤੇ ਉਹ ਆਪਣੇ ਆਪ ਨੂੰ ਸੁਰੱਖਿਤ ਮਹਿਸੂਸ ਕਰਨ । ਉਸਨੇ ਆਖਿਆ ਕਿ ਸਰਕਾਰ ਵੱਲੋਂ ਕਈ ਪਾਇਲਟ ਪ੍ਰੋਗਰਾਮ ਸ਼ੁਰੂ ਤਾਂ ਕੀਤੇ ਗਏ ਹਨ ਪਰ ਉਹ ਸਥਾਈ ਨਹੀਂ ਹਨ।

# ਵਲਾਦੀਮੀਰ ਪੁਤਿਨ ਲਗਾਤਾਰ 5ਵੀਂ ਵਾਰ ਰੂਸ ਦੇ ਰਾਸ਼ਟਰਪਤੀ ਚੁਣੇ ਗਏ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਲਾਦੀਮੀਰ ਪੁਤਿਨ ਲਗਾਤਾਰ 5ਵੀਂ ਵਾਰ ਰੂਸ ਦੇ ਰਾਸ਼ਟਰਪਤੀ ਬਣੇ ਹਨ। 15-17 ਮਾਰਚ 2024 ਨੂੰ ਹੋਈ ਵੋਟਿੰਗ ਵਿਚ ਪੁਤਿਨ ਨੂੰ 88% ਵੋਟਾਂ ਮਿਲੀਆਂ। ਉਸ ਦੇ ਵਿਰੋਧੀ ਨਿਕੋਲੇ ਖਾਰੀਤੋਨੋਵ ਨੂੰ 4% ਵੋਟਾਂ ਮਿਲੀਆਂ। ਵਲਾਦਿਸਲਾਵ ਦਾਵਾਨਕੋਵ ਅਤੇ ਲਿ-ਨਿਡ ਸਲੂਟਸਕੀ ਤੀਜੇ ਅਤੇ ਚੌਥੇ ਸਥਾਨ 'ਤੇ ਰਹੇ। ਨਤੀਜਿਆਂ ਦੇ ਐਲਾਨ ਤੋਂ ਬਾਅਦ ਪੁਤਿਨ ਨੇ ਕਿਹਾ- ਹੁਣ ਰੂਸ ਹੋਰ ਵੀ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਬਣ ਜਾਵੇਗਾ। ਉਨ੍ਹਾਂ ਰੂਸ-ਨਾਟੋ ਵਿਵਾਦ 'ਤੇ ਵੀ ਚਰਚਾ ਕੀਤੀ ਅਤੇ ਕਿਹਾ-ਕਿ ਜੇਕਰ ਅਮਰੀਕਾ ਦੀ ਅਗਵਾਈ ਵਾਲੀ ਫੌਜੀ ਸੰਸਥਾ ਨਾਟੋ ਅਤੇ ਰੂਸ ਆਹਮੋ-ਸਾਹਮਣੇ ਆ ਜਾਂਦੇ ਹਨ ਤਾਂ ਦੁਨੀਆ ਤੀਜੇ ਵਿਸ਼ਵ ਯੁੱਧ ਤੋਂ ਇਕ ਕਦਮ ਦੂਰ ਹੋਵੇਗੀ। ਮੈਨੂੰ ਨਹੀਂ ਲੱਗਦਾ ਕਿ ਕੋਈ ਵੀ ਅਜਿਹਾ ਕੁੱਝ ਚਾਹੁੰਦਾ ਹੋਵੇਗਾ। ਪੁਤਿਨ ਸਾਲ 2000 ਵਿੱਚ ਪਹਿਲੀ ਵਾਰ ਰੂਸ ਦੇ ਰਾਸ਼ਟਰਪਤੀ ਬਣੇ ਸਨ। ਉਹ 2008 ਤੱਕ ਇਸ ਅਹੁਦੇ 'ਤੇ ਰਹੇ। 2012 ਵਿੱਚ ਤਤਕਾਲੀ ਰਾਸ਼ਟਰਪਤੀ ਮੇਦਵੇਦੇਵ ਨੇ ਆਪਣੀ ਪਾਰਟੀ ਨੂੰ ਇੱਕ ਵਾਰ ਫਿਰ ਪੁਤਿਨ ਨੂੰ ਰਾਸ਼ਟਰਪਤੀ ਉਮੀਦਵਾਰ ਵੱਜੋਂ ਨਾਮਜ਼ਦ ਕਰਨ ਲਈ ਕਿਹਾ। ਇਸ ਤੋਂ ਬਾਅਦ ਪੁਤਿਨ ਨੇ 2012 ਦੀਆਂ ਚੋਣਾਂ ਜਿੱਤੀਆਂ ਅਤੇ ਸੱਤਾ 'ਚ ਵਾਪਸੀ ਕੀਤੀ। ਉਦੋਂ ਤੋਂ ਲੈ ਕੇ ਹੁਣ ਤੱਕ ਉਹ ਰਾਸ਼ਟਰਪਤੀ ਦੇ ਅਹੁਦੇ 'ਤੇ ਕਾਬਜ਼ ਹਨ। ਰੂਸੀ ਸੰਵਿਧਾਨ ਵਿੱਚ ਲਿਖਿਆ ਹੈ ਕਿ ਕੋਈ ਵੀ ਵਿਅਕਤੀ ਲਗਾਤਾਰ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਨਹੀਂ ਬਣ ਸਕਦਾ। ਇਸ ਕਾਰਨ 8 ਮਈ 2008 ਨੂੰ ਪੁਤਿਨ ਨੇ ਆਪਣੇ ਪ੍ਰਧਾਨ ਮੰਤਰੀ ਦਮਿਤਰੀ ਮੇਦਵੇਦੇਵ ਨੂੰ ਰੂਸ ਦਾ ਰਾਸ਼ਟਰਪਤੀ ਬਣਾ ਦਿਤਾ ਅਤੇ ਖੁਦ ਪ੍ਰਧਾਨ ਮੰਤਰੀ ਬਣ ਗਏ। ਨਵੰਬਰ 2008 ਵਿੱਚ, ਦਮਿਤਰੀ ਨੇ ਰਾਸ਼ਟਰਪਤੀ ਦੀ ਮਿਆਦ 4 ਤੋਂ ਵਧਾ ਕੇ 6 ਸਾਲ ਕਰਨ ਲਈ ਸੰਵਿਧਾਨ ਵਿੱਚ ਸੋਧ ਕੀਤੀ। ਇਸ ਤੋਂ ਬਾਅਦ 2012 'ਚ ਪੁਤਿਨ ਫਿਰ ਤੋਂ ਰੂਸ ਦੇ ਰਾਸ਼ਟਰਪਤੀ ਬਣੇ।

# ਆਖਿਰ 30 ਘੰਟੇ ਦੀ ਘੇਰਾ ਬੰਦੀ ਉਪਰੰਤ ਦੁਬੱਲੀ ਗੋਲੀਬਾਰੀ ਦਰਮਿਆਨ ਲੋੜੀਂਦਾ ਸ਼ੱਕੀ ਮਾਰਿਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਕੈਲਗਰੀ ਦੇ ਸਾਊਥ ਈਸਟ ਇਲਾਕੇ ਦੇ ਵਿੱਚ ਪੈਂਦੇ ਪੇਨਬਰੁਕ ਮੀਡੋਸ ਇਲਾਕੇ ਦੇ ਪੈਨਸਵੁੱਡ ਵੇਅ ਦੇ 300 ਬਲਾਕ ਦੇ ਇੱਕ ਘਰ 'ਚ ਸਰਚ ਵਾਰੰਟ ਲੈ ਕੇ ਪਹੁੰਚੇ ਪੁਲਿਸ ਅਧਿਕਾਰੀਆਂ ਉੱਪਰ ਗੋਲੀਬਾਰੀ ਕਰ ਦਿੱਤੀ ਗਈ ਸੀ ਜਿਸ ਤੋਂ ਬਾਅਦ ਲਗਭਗ 30 ਘੰਟੇ ਤੱਕ ਘਰ ਦੇ ਅੰਦਰ ਲੁਕੇ ਹਮਲਾਵਰ ਨੂੰ ਫੜਨ ਵਾਸਤੇ ਅਣਥੱਕ ਯਤਨ ਕੀਤੇ ਗਏ ਪਰ ਜਦੋਂ ਪੁਲਿਸ ਦੀ ਕੋਈ ਵਾਹ ਨਾ ਗਈ ਤਾਂ ਆਖਰਕਾਰ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਹਮਲਾਵਰ ਦੀ ਮੌਤ ਹੋ ਗਈ ਹੈ । ਬਾਅਦ ਵਿੱਚ ਸਥਿੱਤੀ ਨਿਯੰਤਰਣ ਅਧੀਨ ਆ ਸਕੀ। ਕੈਲਗਰੀ ਪੁਲਿਸ ਚੀਫ Mark Neufeld ਨੇ ਦੱਸਿਆ ਕਿ ਪੁਲਿਸ ਵੱਲੋਂ ਗੱਲਬਾਤ ਰਾਹੀਂ ਇਸ ਸਮੱਸਿਆ ਦੇ ਹੱਲ ਵਾਸਤੇ ਦੋ ਦਿਨ ਲਗਾਤਾਰ ਯਤਨ ਕੀਤੇ ਗਏ ਕਿ ਗੋਲੀਬਾਰੀ ਕਰਨ ਵਾਲਾ ਵਿਅਕਤੀ ਆਤਮ ਸਮਪਰਣ ਕਰ ਦੇਵੇ ਪਰ ਪੁਲਿਸ ਇਸ ਵਿਚ ਕਾਮਯਾਬ ਨਹੀਂ ਹੋ ਸਕੀ। ਜਿਸ ਕਾਰਨ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਪੁਲਿਸ ਨੂੰ ਇਹ ਫੈਸਲਾ ਲੈਣਾ ਪਿਆ। ਪੁਲਿਸ ਮੁਖੀ ਨੇ ਦੱਸਿਆ ਕਿ ਪੁਲਿਸ ਉੱਪਰ ਹਮਲਾਵਰ ਨੇ ਲਗਭਗ 100 ਰਾਊਂਡ ਫਾਇਰ ਕੀਤੇ ਜੋ ਆਸੇ ਪਾਸੇ ਦੇ ਘਰਾਂ ਵਿੱਚ ਵੀ ਲੱਗੇ । ਹਾਲਾਂਕਿ ਪੁਲੀਸ ਨੇ ਮਾਰੇ ਗਏ ਵਿਅਕਤੀ ਦੀ ਪਹਿਚਾਣ ਤਾਂ ਜਨਤਕ ਨਹੀਂ ਕੀਤੀ ਪਰ ਸੂਤਰਾਂ ਅਨੁਸਾਰ ਇਸ ਵਿਅਕਤੀ ਦਾ ਨਾਮ ਪੈਟਰਿਕ ਰੋਬਰਟ ਕਿਮਲ ਸੀ ਅਤੇ ਇਸ ਉੱਪਰ ਡਰਮਹੇਲਰ ਵਿੱਚ ਕਈ ਅਪਰਾਧਕ ਮਾਮਲੇ ਦਰਜ ਸਨ ਅਤੇ ਉਨ੍ਹਾਂ ਮਾਮਲਿਆਂ ਵਿੱਚ ਉਹ ਪੁਲਿਸ ਨੂੰ ਲੋੜੀਂਦਾ ਸੀ।

# ਪੂਰੇ ਕੈਨੇਡਾ ਵਿੱਚ ਮੰਗੇ ਜਾ ਰਹੇ ਕਿਰਾਇਆ ਵਿੱਚ 21 ਫੀਸਦੀ ਵਾਧਾ ਹੋਇਆ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਘਰਾਂ ਦੇ ਔਸਤਨ ਕਿਰਾਏ ਫਰਵਰੀ ਮਹੀਨੇ ਦੌਰਾਨ ਵੱਧ ਕੇ 2193 ਡਾਲਰ ਪ੍ਰਤੀ ਮਹੀਨੇ ਤੱਕ ਪਹੁੰਚ ਗਏ ਹਨ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ ਸਾਢੇ 10 ਫੀਸਦ ਦੇ ਕਰੀਬ ਵਧੇ ਹਨ ਅਤੇ ਇਹ ਵਾਧਾ ਸਤੰਬਰ 2023 ਤੋਂ ਬਾਅਦ ਸਭ ਤੋਂ ਤੇਜ਼ੀ ਨਾਲ ਹੋਇਆ ਵਾਧਾ ਹੈ । ਬੀਤੇ ਦਿਨੀ ਰੈਂਟਲ ਡਾਟ ਸੀ ਏ ਅਤੇ ਅਰਬਨੇਸ਼ਨ ਵੱਲੋਂ ਜਾਰੀ ਕੀਤੇ ਗਏ ਡਾਟਾ ਅਨੁਸਾਰ ਇੱਕ ਬੈਡਰੂਮ ਦੇ ਯੂਨਿਟ ਦਾ ਔਸਤਨ ਕਿਰਾਇਆ 1920 ਡਾਲਰ ਤੱਕ ਪਹੁੰਚ ਗਿਆ ਹੈ ਜੋ ਕਿ ਪਿਛਲੇ ਸਾਲ ਇਸੇ ਮਹੀਨੇ ਦੇ ਮੁਕਾਬਲੇ ਲਗਭਗ 13 ਫੀਸ ਜਿਆਦਾ ਹੈ। ਦੂਜੇ ਪਾਸੇ ਦੋ ਬੈਡਰੂਮਾਂ ਵਾਲੇ ਯੂਨਿਟ ਦਾ ਔਸਤਨ ਕਰਾਇਆ 2293 ਡਾਲਰ ਹੋ ਚੁੱਕਾ ਹੈ ਜੋ ਕਿ ਪਿਛਲੇ ਸਾਲ ਉਸ ਤੋਂ ਪਿਛਲੇ ਸਾਲ ਦੇ ਮੁਕਾਬਲੇ 11.3 ਫੀਸ ਜਿਆਦਾ ਹੈ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਪੂਰੇ ਕੈਨੇਡਾ ਵਿੱਚ ਮੰਗੇ ਜਾ ਰਹੇ ਕਿਰਾਇਆ ਵਿੱਚ 21 ਫੀਸਦੀ ਦਾ ਵਾਧਾ ਹੋਇਆ ਹੈ। ਜੋ ਕਿ ਦੋ ਸਾਲ ਪਹਿਲਾਂ ਨਾਲੋਂ ਔਸਤਨ 384 ਡਾਲਰ ਜਿਆਦਾ ਹੈ ਜਦੋਂ ਬੈਂਕ ਆਫ ਕੈਨੇਡਾ ਵੱਲੋਂ ਅਜੇ ਵਿਆਜ ਦਰਾਂ ਵਿੱਚ ਵਾਧਾ ਸ਼ੁਰੂ ਨਹੀਂ ਕੀਤਾ ਗਿਆ ਸੀ। ਅਲਬਰਟਾ ਸੂਬੇ ਵਿੱਚ ਸਭ ਤੋਂ ਤੇਜ਼ੀ ਨਾਲ ਔਸਤਨ ਕਿਰਾਇਆਂ ਵਿੱਚ ਵਾਧਾ ਹੋ ਰਿਹਾ ਹੈ ਜੋ ਕਿ 20 ਫੀਸ ਦੇ ਵਾਧੇ ਨਾਲ ਔਸਤਨ 1708 ਡਾਲਰ ਤੱਕ ਪਹੁੰਚ ਗਿਆ ਹੈ। ਬ੍ਰਿਟਿਸ਼ ਕੋਲੰਬੀਆ ਅਤੇ ਓਨਟਾਰੀਓ ਵਿੱਚ ਫਰਵਰੀ ਮਹੀਨੇ ਦੌਰਾਨ ਇਸ ਵਾਧੇ ਵਿੱਚ ਕੁਝ ਕਮੀ ਆਈ ਹੈ ਅਤੇ ਸਾਲਾਨਾ ਕਿਰਾਇਆ ਬੀ ਸੀ 'ਚ 1.3 ਫੀਸਦ ਅਤੇ ਓਨਟਾਰੀਓ 'ਚ ਇੱਕ ਫ਼ੀਸਦ ਦਾ ਵਾਧਾ ਦਰਜ ਕੀਤਾ ਗਿਆ ਪਰ ਇਹ ਦੋਵੇਂ ਸੂਬੇ ਕਿਰਾਏ ਦੇ ਮਾਮਲੇ ਵਿੱਚ ਅਜੇ ਵੀ ਕੈਨੇਡਾ ਦੇ ਸਭ ਤੋਂ ਮਹਿੰਗੇ ਸੂਬੇ ਹਨ ਜਿੱਥੇ ਕਰਮਵਾਰ ਔਸਤਨ ਕਿਰਾਇਆ 2481 ਡਾਲਰ ਅਤੇ 2431 ਡਾਲਰ ਹੈ।

# ਪਾਕਿਸਤਾਨ ਨੇ ਅਫਗਾਨਿਸਤਾਨ ਵਿੱਚ ਤਾਲਿਬਾਨਾਂ ਉੱਪਰ ਹਵਾਈ ਹਮਲੇ ਕੀਤੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਨੇ ਕਿਹਾ ਕਿ ਉਸ ਨੇ ਤਾਲਿਬਾਨ ਸ਼ਾਸਿਤ ਅਫਗਾਨਿਸਤਾਨ ’ਚ ਪਾਬੰਦੀਸ਼ੁਦਾ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਨਾਲ ਜੁੜੇ ਅਤਿਵਾਦੀਆਂ ’ਤੇ ਹਵਾਈ ਹਮਲੇ ਕੀਤੇ। ਅਫਗਾਨ ਤਾਲਿਬਾਨ ਨੇ ਕਾਬੁਲ ’ਚ ਪਾਕਿਸਤਾਨ ਦੇ ਦੂਤਘਰ ਦੇ ਮੁਖੀ ਨੂੰ ਬੁਲਾਉਂਦੇ ਹੋਏ ਕਿਹਾ ਕਿ ਪਾਕਿਸਤਾਨ ਵੱਲੋਂ ਕੀਤੇ ਗਏ ਹਵਾਈ ਹਮਲਿਆਂ ’ਚ ਤਿੰਨ ਬੱਚਿਆਂ ਸਮੇਤ ਘੱਟੋ-ਘੱਟ 8 ਨਾਗਰਿਕ ਮਾਰੇ ਗਏ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਟੀ ਟੀ ਪੀ ਦੇ ਹਾਫਿਜ਼ ਗੁਲ ਬਹਾਦੁਰ ਸਮੂਹ ਨਾਲ ਜੁੜੇ ਵਿਦਰੋਹੀਆਂ ਨੂੰ ਉਸ ਸਮੇਂ ਨਿਸ਼ਾਨਾ ਬਣਾਇਆ ਗਿਆ ਜਦੋਂ ਸੰਗਠਨ ਨੇ ਇੱਕ ਫੌਜੀ ਚੌਕੀ ’ਤੇ ਹੋਏ ਹਮਲੇ ਦੀ ਜ਼ਿੰਮੇਵਾਰੀ ਲਈ, ਜਿਸ ਦੇ ਨਤੀਜੇ ਵੱਜੋਂ ਦੋ ਅਧਿਕਾਰੀਆਂ ਸਮੇਤ ਸੱਤ ਜਵਾਨ ਮਾਰੇ ਗਏ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਅਫਗਾਨਿਸਤਾਨ ਦੇ ਅੰਦਰ ਸਰਹੱਦੀ ਖੇਤਰਾਂ ’ਚ ਖੁਫੀਆ ਆਧਾਰ ’ਤੇ ਅਤਿਵਾਦ ਵਿਰੋਧੀ ਮੁਹਿੰਮ ਚਲਾਈ। ਆਪਰੇਸ਼ਨ ਦਾ ਮੁੱਖ ਨਿਸ਼ਾਨਾ ਹਾਫਿਜ਼ ਗੁਲ ਬਹਾਦੁਰ ਸਮੂਹ ਨਾਲ ਸਬੰਧਤ ਅਤਿਵਾਦੀ ਸਨ, ਜੋ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦੇ ਨਾਲ ਮਿਲ ਕੇ ਪਾਕਿਸਤਾਨ ਦੇ ਅੰਦਰ ਕਈ ਅਤਿਵਾਦੀ ਹਮਲਿਆਂ ਲਈ ਜ਼ਿੰਮੇਵਾਰ ਹੈ, ਜਿਸ ਦੇ ਨਤੀਜੇ ਵੱਜੋਂ ਸੈਂਕੜੇ ਨਾਗਰਿਕ ਅਤੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਮਾਰੇ ਗਏ।

# ਹੁਣ ਨਿਊ ਜਰਸੀ ਵਿਖੇ ਵੀ ਅਪਰੈਲ ਮਹੀਨਾ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਇਆ ਜਾਇਆ ਕਰੇਗਾ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਸੂਬੇ ਨਿਊ ਜਰਸੀ ਦੇ ਸ਼ਹਿਰ ਜਰਸੀ ਸਿਟੀ ਮਿਊਂਸਪਲ ਕੌਂਸਲ ਨੇ ਅਪ੍ਰੈਲ ਨੂੰ 'ਸਿੱਖ ਵਿਰਾਸਤੀ ਮਹੀਨੇ' ਵੱਜੋਂ ਮਾਨਤਾ ਦੇਣ ਦੇ ਮਤੇ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿਤੀ ਹੈ। ਇਸ ਕਦਮ ਦਾ ਉਦੇਸ਼ ਸਿੱਖਾਂ ਦੇ ਯੋਗਦਾਨ ਦਾ ਸਨਮਾਨ ਕਰਨਾ ਅਤੇ ਵੱਧ ਰਹੇ ਵਿਤਕਰਿਆਂ ਦੇ ਵਿਚਕਾਰ ਅਪਣੇਪਨ ਨੂੰ ਉਤਸ਼ਾਹਤ ਕਰਨਾ ਹੈ। ਜਰਸੀ ਸਿਟੀ ਮਿਊਂਸੀਪਲ ਕੌਂਸਲ ’ਚ ਮਤਾ 9-0 ਨਾਲ ਪਾਸ ਹੋ ਗਿਆ। ਮਤੇ ’ਚ ਦੱਸਿਆ ਗਿਆ ਹੈ ਕਿ ਸਿੱਖ ਧਰਮ, ਦੁਨੀਆਂ ਦਾ ਪੰਜਵਾਂ ਸੱਭ ਤੋਂ ਵੱਡਾ ਧਰਮ ਹੈ, ਜਿਸ ਨੂੰ ਮੰਨਣ ਵਾਲੇ ਦੁਨੀਆਂ ਭਰ ’ਚ 3 ਕਰੋੜ ਅਤੇ ਅਮਰੀਕਾ ’ਚ 5 ਲੱਖ ਲੋਕ ਹਨ। ਇਹ ਧਰਮ ਲੋਕਾਂ ਨੂੰ ਸੱਚਾ ਜੀਵਨ, ਮਨੁੱਖਤਾ ਦੀ ਸੇਵਾ ਅਤੇ ਰੱਬ ਦੀ ਭਗਤੀ ਕਰਨ ਦੀ ਸਿੱਖਿਆ ਦਿੰਦਾ ਹੈ, ਇਸ ਗੱਲ ’ਤੇ ਜ਼ੋਰ ਦਿੰਦਾ ਹੈ ਕਿ ਰੱਬ ਦੀਆਂ ਨਜ਼ਰਾਂ ’ਚ ਹਰ ਮਨੁੱਖ ਬਰਾਬਰ ਹੈ। ਮਤੇ ’ਚ ਕਿਹਾ ਗਿਆ ਹੈ ਕਿ ਸਿੱਖ ਸਮਾਜ ’ਚ ਪਾਏ ਅਪਣੇ ਯੋਗਦਾਨ ਲਈ ਜਾਣੇ ਜਾਂਦੇ ਹੈ, ਜਿਵੇਂ ਕਿ ਜ਼ਰੂਰਤਮੰਦਾਂ ਨੂੰ ਮੁਫਤ ਭੋਜਨ ਪ੍ਰਦਾਨ ਕਰਨਾ। ਮਤਾ ਪਾਸ ਹੋਣ ਤੋਂ ਬਾਅਦ ਕਮਿਊਨਿਟੀ ਕਾਰਕੁਨ ਅਰਜੁਮੰਦ ਜੁਵੇਰੀਆ ਨੇ ਮਤੇ ਨੂੰ ਹਕੀਕਤ ਬਣਾਉਣ ਲਈ ਸਿਟੀ ਕੌਂਸਲ ਦੇ ਸਮਰਥਨ ਅਤੇ ਸਮਰਪਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਸਿੱਖਾਂ ਦੀ ਨਿਸ਼ਕਾਮ ਸੇਵਾ, ਸਿੱਖਿਆ ਪ੍ਰਤੀ ਸਮਰਪਣ ਅਤੇ ਬਰਾਬਰੀ ਪ੍ਰਤੀ ਅਟੁੱਟ ਵਚਨਬੱਧਤਾ ’ਤੇ ਚਾਨਣਾ ਪਾਇਆ।












# 13 ਮਿਲੀਅਨ ਡਾਲਰ ਦੇ ਨਸ਼ਿਆਂ ਸਣੇ ਨੌਂ ਗ੍ਰਿਫ਼ਤਾਰ



ਟੋਰੌਂਟੋ (ਪੰਜਾਬੀ ਅਖਬਾਰ ਬਿਊਰੋ)- ਓਨਟੈਰੀਓ ਪ੍ਰੋਵਿਨਸ਼ੀਅਲ ਪੁਲੀਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ 13 ਮਿਲੀਅਨ ਡਾਲਰ ਮੁੱਲ ਦੇ ਨਸ਼ੇ ਬਰਾਮਦ ਕੀਤੇ ਅਤੇ ਨੌਂ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲੀਸ ਮੁਤਾਬਿਕ ਦੋ ਸ਼ੱਕੀ ਨਸ਼ਾ ਤਸਕਰਾਂ ਦੀ ਲਗਾਤਾਰ ਨਿਗਰਾਨੀ ਸਦਕਾ ਇਹ ਸੰਭਵ ਹੋ ਸਕਿਆ। ਮਾਮਲੇ ਨਾਲ ਸਬੰਧਤ ਜਾਂਚਕਰਤਾਵਾਂ ਨੇ ਦੱਸਿਆ ਕਿ ਪ੍ਰੌਜੈਕਟ ਕ੍ਰੇਨੀਅਮ ਅਧੀਨ 2023 ਦੇ ਫ਼ਾਲ ਸੀਜ਼ਨ 'ਚ ਬੈਰੀ ਜਾਲ ਵਿਛਾਇਆ ਗਿਆ ਜਿੱਥੇ ਦੋ ਜਣਿਆਂ ਵਲੋਂ ਲਗਾਤਾਰ ਨਸ਼ੀਲੇ ਪਦਾਰਥ ਵੇਚਣ ਦੀਆਂ ਰਿਪੋਰਟਾਂ ਮਿਲ ਰਹੀਆਂ ਸਨ। ਪੜਤਾਲ ਅੱਗੇ ਵਧੀ ਤਾਂ ਗਰੇਟਰ ਟੋਰੌਂਟੋ ਏਰੀਆ, ਸਿਮਕੋਅ ਕਾਊਂਟੀ ਅਤੇ ਡਰਹਮ ਰੀਜਨ 'ਚ ਨਸ਼ਾ ਤਸਕਰੀ ਦੇ ਇੱਕ ਵੱਡੇ ਨੈਟਵਰਕ ਬਾਰੇ ਪਤਾ ਲੱਗਾ। ਇੱਕ ਸਪਲਾਇਰ ਤੋਂ ਨਸ਼ੀਲੇ ਪਦਾਰਥ ਖ਼ਰੀਦ ਕੇ ਵੱਖ-ਵੱਖ ਇਲਾਕਿਆਂ 'ਚ ਵੇਚੇ ਜਾ ਰਹੇ ਸਨ। ਪੱਕੇ ਸਬੂਤਾਂ ਦੇ ਆਧਾਰ 'ਤੇ ਪੁਲੀਸ ਨੇ 16 ਤਲਾਸ਼ੀ ਵਾਰੰਟਾਂ ਦੀ ਤਾਮੀਲ ਕਰਦਿਆਂ 13 ਮਿਲੀਅਨ ਡਾਲਰ ਮੁੱਲ ਦੇ ਨਸ਼ੇ ਬਰਾਮਦ ਕੀਤੇ। ਛਾਪੇ ਵਾਲੀਆਂ ਥਾਵਾਂ 'ਚ ਜਿੱਥੇ ਟੋਰੌਂਟੋ ਦੇ ਕਈ ਘਰ ਸ਼ਾਮਿਲ ਸਨ, ਉੱਥੇ ਹੀ ਗੱਡੀਆਂ ਅਤੇ ਸਟੋਰੇਜ ਲੌਕਰ ਵੀ ਫ਼ਰੋਲਿਆ ਗਿਆ। ਨਸ਼ਿਆਂ ਤੋਂ ਇਲਾਵਾ ਛੇ ਲੱਖ ਡਾਲਰ ਨਕਦ ਅਤੇ ਦੋ ਗ਼ੈਰ-ਕਾਨੂੰਨੀ ਬੰਦੂਕਾਂ ਵੀ ਬਰਾਮਦ ਕੀਤੀਆਂ ਗਈਆਂ। ਗ੍ਰਿਫ਼ਤਾਰ ਕੀਤੇ ਨੌਂ ਵਿਅਕਤੀਆਂ ਕੋਲੋਂ 173 ਕਿੱਲੋ ਕ੍ਰਿਸਟਲ ਮੈਥਮਫ਼ੈਟਾਮਿਨ, 56 ਕਿੱਲੋ ਕੋਕੇਨ ਅਤੇ ਚਾਰ ਗੱਡੀਆਂ ਪੁਲੀਸ ਜ਼ਬਤ ਕਰ ਚੁੱਕੀ ਹੈ। ਓਨਟੈਰੀਓ ਪ੍ਰੋਵਿਨਸ਼ੀਅਲ ਪੁਲੀਸ ਨੇ ਕਿਹਾ ਕਿ ਨਸ਼ਾ ਤਿਆਰ ਕਰਨ ਵਾਲੀਆਂ ਲੈਬਜ਼ ਅਤੇ ਉਨ੍ਹਾਂ 'ਚ ਤਿਆਰ ਕੀਤੇ ਜਾਂਦੇ ਨਸ਼ੇ ਲੋਕਾਂ ਲਈ ਗੰਭੀਰ ਖ਼ਤਰਾ ਪੈਦਾ ਕਰ ਰਹੇ ਸਨ, ਅਤੇ ਹੁਣ ਪੁਲੀਸ ਤਸੱਲੀ ਜ਼ਾਹਿਰ ਕਰ ਸਕਦੀ ਹੈ ਕਿ ਭਾਰੀ ਮਾਤਰਾ 'ਚ ਨਸ਼ਾ ਗਲੀਆਂ 'ਚ ਵਿਕਣ ਤੋਂ ਰੋਕ ਦਿੱਤਾ ਗਿਆ ਹੈ।

## ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਰਾਕੇਟ ਸਟਾਰਸ਼ਿਪ ਦਾ ਤੀਜਾ ਟੈਸਟ ਲਗਭਗ ਸਫਲ ਰਿਹਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ)। ਬੋਕਾ ਚਿਕਾ, ਟੈਕਸਾਸ ਤੋਂ ਲਾਂਚ ਕੀਤੇ ਗਏ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਰਾਕੇਟ ਸਟਾਰਸ਼ਿਪ ਦਾ ਤੀਜਾ ਟੈਸਟ ਲਗਭਗ ਸਫਲ ਰਿਹਾ। ਪੁਲਾੜ 'ਚ ਲਿਜਾਣ ਤੋਂ ਬਾਅਦ ਸਟਾਰਸ਼ਿਪ ਨੂੰ ਸ਼ਾਮ 7.59 'ਤੇ ਹਿੰਦ ਮਹਾਸਾਗਰ 'ਚ ਉਤਰਨਾ ਸੀ ਪਰ ਧਰਤੀ ਦੇ ਵਾਯੂਮੰਡਲ 'ਚ ਮੁੜ ਪ੍ਰਵੇਸ਼ ਕਰਨ ਤੋਂ ਬਾਅਦ ਜਦੋਂ ਰਾਕੇਟ 65 ਕਿਲੋਮੀਟਰ ਉੱਪਰ ਸੀ ਤਾਂ ਇਸ ਦਾ ਸੰਪਰਕ ਟੁੱਟ ਗਿਆ। ਦੁਨੀਆ ਦੇ ਤੀਜੇ ਸਭ ਤੋਂ ਅਮੀਰ ਕਾਰੋਬਾਰੀ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਨੇ ਇਸ ਰਾਕੇਟ ਨੂੰ ਬਣਾਇਆ ਹੈ। ਸਟਾਰਸ਼ਿਪ ਪੁਲਾੜ ਯਾਨ ਅਤੇ ਸੁਪਰ ਹੈਵੀ ਰਾਕੇਟ ਨੂੰ ਸਮੂਹਿਕ ਤੌਰ 'ਤੇ 'ਸਟਾਰਸ਼ਿਪ' ਕਿਹਾ ਜਾਂਦਾ ਹੈ। ਇਸ ਦੀ ਉਚਾਈ 397 ਫੁੱਟ ਹੈ। ਇਹ ਪੂਰੀ ਤਰ੍ਹਾਂ ਨਾਲ ਮੁੜ ਵਰਤੋਂ ਯੋਗ ਹੈ ਅਤੇ 150 ਮੀਟ੍ਰਿਕ ਟਨ ਭਾਰ ਚੁੱਕਣ ਦੇ ਸਮਰੱਥ ਹੈ। ਸਟਾਰਸ਼ਿਪ ਸਿਸਟਮ ਮੰਗਲ ਗ੍ਰਹਿ 'ਤੇ ਇੱਕੋ ਸਮੇਂ 100 ਲੋਕਾਂ ਨੂੰ ਲਿਜਾ ਸਕੇਗਾ

# ਅਰੁਣਾਚਲ ਪ੍ਰਦੇਸ਼ ਸੂਬਾ ਹਮੇਸ਼ਾ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਹਿੱਸਾ ਰਿਹਾ ਹੈ ਅਤੇ ਰਹੇਗਾ-ਭਾਰਤ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਨ ਦੇ ਇਤਰਾਜ਼ ਨੂੰ ਜ਼ੋਰਦਾਰ ਢੰਗ ਨਾਲ ਰੱਦ ਕਰਦੇ ਹੋਏ ਕਿਹਾ ਕਿ ਅਰੁਣਾਚਲ ਪ੍ਰਦੇਸ਼ ਸੂਬਾ ਹਮੇਸ਼ਾ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਹਿੱਸਾ ਰਿਹਾ ਹੈ ਅਤੇ ਰਹੇਗਾ। ਵਿਭਾਗ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਚੀਨੀ ਪੱਖ ਨੂੰ ਕਈ ਮੌਕਿਆਂ 'ਤੇ ਇਸ ਸਟੈਂਡ ਬਾਰੇ ਸੂਚਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਨੇਤਾਵਾਂ ਦੇ ਅਰੁਣਾਚਲ ਪ੍ਰਦੇਸ਼ ਦੇ ਅਜਿਹੇ ਦੌਰਿਆਂ ਜਾਂ ਰਾਜ ਵਿੱਚ ਭਾਰਤ ਦੇ ਵਿਕਾਸ ਪ੍ਰਾਜੈਕਟਾਂ 'ਤੇ ਇਤਰਾਜ਼ ਕਰਨ ਦਾ ਕਿਸੇ ਨੂੰ ਕੋਈ ਕੋਈ ਅਧਿਕਾਰ ਨਹੀਂ।ਦੱਸਣਾ ਬਣਦਾ ਹੈ ਕਿ ਚੀਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਰੁਣਾਚਲ ਪ੍ਰਦੇਸ਼ ਦੌਰੇ ਸਬੰਧੀ ਭਾਰਤ ਕੋਲ ਕੂਟਨੀਤਕ ਵਿਰੋਧ ਦਰਜ ਕਰਵਾਇਆ ਸੀ। ਚੀਨ ਨੇ ਇਸ ਖੇਤਰ 'ਤੇ ਆਪਣੇ ਦਾਅਵੇ ਨੂੰ ਦੁਹਰਾਉਂਦਿਆਂ ਕਿਹਾ ਸੀ ਕਿ ਭਾਰਤ ਦੀਆਂ ਇਹ ਹਰਕਤਾਂ ਸਰਹੱਦ ਦੇ ਮਸਲੇ ਨੂੰ 'ਸਿਰਫ ਗੁੰਝਲਦਾਰ' ਬਣਾ ਦੇਣਗੀਆਂ। ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਰੁਣਾਚਲ ਪ੍ਰਦੇਸ਼ ਵਿੱਚ 13,000 ਫੁੱਟ ਦੀ ਉਚਾਈ 'ਤੇ ਬਣਾਈ ਗਈ ਸੇਲਾ ਸੁਰੰਗ ਦਾ ਉਦਘਾਟਨ ਕੀਤਾ ਸੀ, ਜੋ ਹਰ ਮੌਸਮ 'ਚ ਤਵਾਂਗ ਤੱਕ ਸੰਪਰਕ ਬਣਾਉਣ ਅਤੇ ਸਰਹੱਦੀ ਖੇਤਰ ਨਾਲ ਸੈਨਿਕਾਂ ਦੀ ਬਿਹਤਰ ਆਵਾਜਾਈ ਨੂੰ ਯਕੀਨੀ ਬਣਾਵੇਗੀ।

# ਪਾਕਿਸਤਾਨੀ ਪੰਜਾਬ ਦੇ ਸਕੂਲੀ ਸਿਲੇਬਸ ਵਿਚ ਪੰਜਾਬੀ ਨੂੰ ਵਿਸ਼ੇ ਵੱਜੋਂ ਸ਼ੁਰੂ ਕਰਨ ਦਾ ਐਲਾਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ 'ਚ ਪੰਜਾਬ ਦੀ ਨਵੀਂ ਬਣੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਸਕੂਲਾਂ 'ਚ ਪੰਜਾਬੀ ਨੂੰ ਵਿਸ਼ੇ ਵੱਜੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਦੇ ਇਸ ਫ਼ੈਸਲੇ ਦਾ ਪਾਕਿਸਤਾਨ ਦੇ ਪੰਜਾਬੀ ਪ੍ਰੇਮੀਆਂ ਵਲੋਂ ਸਵਾਗਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਲਹਿੰਦੇ ਪੰਜਾਬ ਦੇ ਸਕੂਲਾਂ 'ਚ ਕਦੇ ਪੰਜਾਬੀ ਨੂੰ ਵਿਸ਼ੇ ਵੱਜੋਂ ਨਹੀਂ ਪੜ੍ਹਾਇਆ ਗਿਆ। ਇਸ ਬਾਰੇ 2004 'ਚ ਕੋਸ਼ਿਸ਼ਾਂ ਹੋਈਆਂ ਸਨ ਪਰ ਕਦੇ ਅਮਲ 'ਚ ਨਹੀਂ ਆ ਸਕੀਆਂ। ਮਰੀਅਮ ਨੇ ਖ਼ੁਦ ਨੂੰ ਮੁੱਖ ਮੰਤਰੀ ਦਾ ਅਹੁਦਾ ਸੌਂਪਣ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਪਾਕਿਸਤਾਨ 'ਚ ਪੰਜਾਬੀ ਸੱਭਿਆਚਾਰ ਨੂੰ ਹੱਲਾਸ਼ੇਰੀ ਦੇਣ ਲਈ ਕਈ ਐਲਾਨ ਕੀਤੇ। ਪੰਜਾਬ ਸੱਭਿਆਚਾਰ ਦਿਵਸ ਮੌਕੇ ਇੱਕ ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਮਾਪਿਆਂ ਨੂੰ ਅਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਲਈ ਉਤਸ਼ਾਹਤ ਕੀਤਾ ਅਤੇ ਪੰਜਾਬੀ ਸਿਨੇਮਾ ਦੀ ਮੁੜ ਸੁਰਜੀਤੀ ਲਈ ਸਮਰਥਨ ਦੇਣ ਦਾ ਵਾਅਦਾ ਕੀਤਾ। ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ 'ਤੇ ਚਾਨਣਾ ਪਾਉਂਦਿਆਂ ਮਰੀਅਮ ਨਵਾਜ਼ ਨੇ ਪੰਜਾਬੀ ਭਾਸ਼ਾ ਨਾਲ ਜੁੜੇ ਮਾਣ 'ਚ ਆਈ ਗਿਰਾਵਟ 'ਤੇ ਅਫਸੋਸ ਜ਼ਾਹਰ ਕੀਤਾ। ਉਸ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਬੱਚਿਆਂ 'ਚ ਸੱਭਿਆਚਾਰਕ ਪਛਾਣ ਦੀ ਭਾਵਨਾ ਪੈਦਾ ਕਰਨ।

# ਮੰਗਲ 'ਤੇ ਕਾਲੋਨੀ ਬਣਾਉਣ ਦਾ ਸੁਪਨਾ ਦੇਖਣ ਤੋਂ ਪਹਿਲਾਂ ਧਰਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ-ਓਬਾਮਾ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ -ਬਾਮਾ ਨੇ ਪੈਰਿਸ 'ਚ ਇੱਕ ਸੰਮੇਲਨ ਦੌਰਾਨ ਕਿਹਾ ਕਿ ਲੋਕਾਂ ਨੂੰ ਮੰਗਲ 'ਤੇ ਕਾਲੋਨੀ ਬਣਾਉਣ ਦਾ ਸੁਪਨਾ ਦੇਖਣ ਤੋਂ ਪਹਿਲਾਂ ਧਰਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।। ਰੀਨਿਊਏਬਲ ਐਨਰਜੀ ਕਾਨਫਰੰਸ 'ਚ ਬੋਲਦਿਆਂ -ਬਾਮਾ ਨੇ ਉਨ੍ਹਾਂ ਅਰਬਪਤੀਆਂ ਦਾ ਜ਼ਿਕਰ ਕੀਤਾ ਜੋ ਮਨੁੱਖਾਂ ਨੂੰ ਮੰਗਲ 'ਤੇ ਲਿਜਾਣ ਲਈ ਪੁਲਾੜ ਜਹਾਜ਼ ਬਣਾ ਰਹੇ ਹਨ। ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਕੁੱਝ ਲੋਕ ਮੰਗਲ 'ਤੇ ਜੀਵਨ ਨੂੰ ਸਥਾਪਿਤ ਕਰਨ ਦੀ ਗੱਲ ਕਰਦੇ ਹਨ ਕਿਉਂਕਿ ਉਨ੍ਹਾਂ ਅਨੁਸਾਰ, ਧਰਤੀ ਦਾ ਵਾਤਾਵਰਣ ਇਨਾ ਖਰਾਬ ਹੋ ਸਕਦਾ ਹੈ ਕਿ ਇਹ ਰਹਿਣ ਯੋਗ ਨਹੀਂ ਹੈ। -ਬਾਮਾ ਨੇ ਅੱਗੇ ਕਿਹਾ ਕਿ ਜੇਕਰ ਧਰਤੀ 'ਤੇ ਪਰਮਾਣੂ ਯੁੱਧ ਹੁੰਦਾ ਹੈ ਤਾਂ ਵੀ ਇਹ ਮੰਗਲ ਤੋਂ ਜ਼ਿਆਦਾ ਰਹਿਣ ਯੋਗ ਹੋਵੇਗੀ। ਜੇਕਰ ਅਸੀਂ ਜਲਵਾਯੂ ਪਰਿਵਰਤਨ ਬਾਰੇ ਕੋਈ ਕਦਮ ਨਾ ਚੁੱਕੇ ਤਾਂ ਵੀ ਧਰਤੀ 'ਤੇ ਆਕਸੀਜਨ ਰਹੇਗੀ। ਪਰ ਮੰਗਲ ਗ੍ਰਹਿ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ।

# ਚੀਨ 'ਚ ਨਵੇਂ ਵਿਆਹ ਕਰਾਉਣ ਵਾਲਿਆਂ ਦੀ ਗਿਣਤੀ 'ਚ ਰਿਕਾਰਡ ਵਾਧਾ



ਰਿਜਾਇਨਾ(ਪੰਜਾਬੀ ਅਖਬਾਰ ਬਿਊਰੋ)- ਚੀਨ 'ਚ ਤਕਰੀਬਨ ਇੱਕ ਦਹਾਕੇ ਬਾਅਦ ਵਿਆਹ ਕਰਵਾਉਣ ਵਾਲਿਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਸਾਲ 2022 ਦੇ ਮੁਕਾਬਲੇ ਸਾਲ 2023 'ਚ ਚੀਨ 'ਚ ਨਵੇਂ ਵਿਆਹੇ ਜੋੜਿਆਂ ਦੀ ਗਿਣਤੀ 'ਚ 12.4 ਫ਼ੀਸਦੀ ਵੱਧ ਗਈ। ਇਹ ਵਾਧਾ ਲਗਭਗ ਇੱਕ ਦਹਾਕੇ ਦੀ ਗਿਰਾਵਟ ਤੋਂ ਬਾਅਦ ਆਇਆ ਹੈ। ਇਸ ਦਾ ਵੱਡਾ ਕਾਰਨ 2023 'ਚ ਕੋਰੋਨਾ ਮਹਾਂਮਾਰੀ ਕਾਰਨ ਮੁਲਤਵੀ ਹੋਏ ਵਿਆਹਾਂ ਨੂੰ ਵੀ ਮੰਨਿਆ ਜਾ ਰਿਹਾ ਹੈ। ਚੀਨ ਦੇ ਨਾਗਰਿਕ ਮਾਮਲਿਆਂ ਦੇ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ 'ਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਨਵੇਂ ਵਿਆਹੇ ਜੋੜਿਆਂ ਦੀ ਗਿਣਤੀ 70 ਲੱਖ 68 ਹਜ਼ਾਰ ਸੀ। ਇਹ 2022 ਦੇ ਮੁਕਾਬਲੇ ਅੱਠ ਲੱਖ 45 ਹਜ਼ਾਰ ਵੱਧ ਹੈ ਹਾਲਾਂਕਿ ਇਹ 11 ਸਾਲ ਪਹਿਲਾਂ ਯਾਨੀ 2013 ਦੇ ਇੱਕ ਕਰੋੜ 30 ਲੱਖ ਦੇ ਅੰਕੜੇ ਤੋਂ ਬਹੁਤ ਘੱਟ ਹੈ।

ਰੌਇਟਰਜ਼ ਦੀ ਰਿਪੋਰਟ ਅਨੁਸਾਰ ਚੀਨ ਦੇ ਪ੍ਰਧਾਨ ਮੰਤਰੀ ਲੀ ਕਿਐਂਗ ਨੇ ਕਿਹਾ ਕਿ ਸਰਕਾਰ ਜਨਮ-ਅਨੁਕੂਲਨ ਸਮਾਜ ਵੱਲ ਕੰਮ ਕਰੇਗੀ ਅਤੇ ਲੰਬੇ ਸਮੇਂ ਲਈ ਸੰਤੁਲਿਤ ਆਬਾਦੀ ਵਾਧੇ ਨੂੰ ਉਤਸ਼ਾਹਿਤ ਕਰੇਗੀ ਅਤੇ ਨਾਲ ਹੀ ਬੱਚੇ ਦੇ ਜਨਮ, ਪਾਲਣ ਅਤੇ ਸਿੱਖਿਆ ਦੇ ਖ਼ਰਚਿਆਂ ਨੂੰ ਘਟਾਏਗੀ। ਉਸ ਤੋਂ ਬਾਅਦ ਇਹ ਅੰਕੜਾ ਕੁਝ ਹੱਦ ਤਕ ਸਰਕਾਰ ਦਾ ਉਤਸ਼ਾਹ ਵਧਾਉਣ ਵਾਲਾ ਹੈ। ਚੀਨ ਦੇ ਨੀਤੀ ਨਿਰਮਾਤਾ ਲਗਾਤਾਰ ਇਸ ਗੱਲ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਕਿ ਕਿਵੇਂ ਘਟਦੀ ਆਬਾਦੀ ਨੂੰ ਰੋਕਿਆ ਜਾਵੇ। ਚੀਨ 'ਚ ਜਨਮ ਦਰ ਘੱਟ ਰਹੀ ਹੈ ਅਤੇ ਸਮਾਜ ਤੇਜ਼ੀ ਨਾਲ ਬੁੱਢਾ ਹੋ ਰਿਹਾ ਹੈ। ਅਗਲੇ ਦਹਾਕੇ 'ਚ ਲਗਭਗ 300 ਮਿਲੀਅਨ ਚੀਨੀ ਲੋਕ ਸੇਵਾ ਮੁਕਤ ਹੋ ਜਾਣਗੇ ਅਤੇ ਕੰਮ ਤੋਂ ਬਾਹਰ ਹੋ ਜਾਣਗੇ। ਇਹ ਗਿਣਤੀ ਅਮਰੀਕੀ ਆਬਾਦੀ ਦੇ ਲਗਭਗ ਬਰਾਬਰ ਹੈ।

ਚੀਨ ਦੀ ਆਬਾਦੀ 2023 'ਚ ਲਗਾਤਾਰ ਦੂਜੇ ਸਾਲ ਘਟੀ ਹੈ। ਇਸ ਦਾ ਕਾਰਨ ਹੈ ਘੱਟ ਜਨਮ ਦਰ ਅਤੇ ਕੋਵਿਡ ਮਹਾਂਮਾਰੀ ਕਾਰਨ ਲੋਕਾਂ ਦਾ ਰੁਜ਼ਗਾਰ ਜਾਣਾ ਹੈ ਜਿਸ ਕਾਰਨ ਲੋਕ ਬੱਚੇ ਪੈਦਾ ਕਰਨ ਤੋਂ ਡਰਦੇ ਹਨ। ਚੀਨ ਨੂੰ ਡਰ ਹੈ ਕਿ ਘਟਦੀ ਆਬਾਦੀ ਦਾ ਅਰਥਚਾਰੇ ਦੀ ਵਿਕਾਸ ਸੰਭਾਵਨਾ 'ਤੇ ਡੂੰਘਾ ਲੰਮੇ ਸਮੇਂ ਦਾ ਅਸਰ ਪਵੇਗਾ। ਵਿਆਹ ਦਰ ਜਨਮ ਦਰ ਨਾਲ ਨੇੜਿਓਂ ਜੁੜੀ ਹੋਈ ਹੈ। ਅਜਿਹੇ 'ਚ ਨੀਤੀ ਨਿਰਮਾਤਾਵਾਂ ਲਈ ਇਹ ਰਾਹਤ ਦੀ ਗੱਲ ਹੈ। ਉਸ ਨੂੰ ਉਮੀਦ ਹੈ ਕਿ ਵਿਆਹਾਂ ਦੇ ਵਧਣ ਨਾਲ ਹੋਰ ਬੱਚੇ ਪੈਦਾ ਹੋਣਗੇ। ਇਸ ਨਾਲ 2024 'ਚ ਆਬਾਦੀ 'ਚ ਕਮੀ ਆ ਸਕਦੀ ਹੈ ਅਤੇ ਹੋਰ ਬੱਚੇ ਪੈਦਾ ਹੋ ਸਕਦੇ ਹਨ। ਯਿਕਾਈ ਨੇ ਹਾਲ ਹੀ 'ਚ ਜਾਰੀ ਇੱਕ ਰਿਪੋਰਟ 'ਚ ਕਿਹਾ ਹੈ ਕਿ 10 ਫ਼ਰਵਰੀ ਤੋਂ ਸ਼ੁਰੂ ਹੋਏ ਚੀਨੀ ਸਾਲ 'ਚ ਦੇਸ਼ ਦੇ ਹਸਪਤਾਲਾਂ 'ਚ ਜ਼ਿਆਦਾ ਬੱਚੇ ਪੈਦਾ ਹੋ ਰਹੇ ਹਨ। ਡ੍ਰੈਗਨ ਚੀਨੀ ਰਾਸ਼ੀ ਦਾ ਚਿੰਨ੍ਹ ਵਿਸ਼ੇਸ਼ ਤੌਰ 'ਤੇ ਸ਼ੁਭ ਮੰਨਿਆ ਜਾਂਦਾ ਹੈ ਹਾਲਾਂਕਿ ਬਹੁਤ ਸਾਰੇ ਨੌਜਵਾਨ ਨੌਕਰੀਆਂ ਦੀਆਂ ਮਾੜੀਆਂ ਸੰਭਾਵਨਾਵਾਂ, ਰਿਕਾਰਡ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਬਹੁਤ ਘੱਟ ਖਪਤਕਾਰਾਂ ਦੇ ਵਿਸ਼ਵਾਸ ਕਾਰਨ ਵਿਆਹ ਤੋਂ ਪਰਹੇਜ਼ ਕਰ ਰਹੇ ਹਨ ਅਤੇ ਇਕੱਲੇ ਰਹਿਣ ਦੀ ਚੋਣ ਕਰ ਰਹੇ ਹਨ। ਇਸ ਸਮੇਂ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਅਰਥ-ਵਿਵਸਥਾ ਚੀਨ 'ਚ ਵਿਕਾਸ ਦੀ ਰਫ਼ਤਾਰ ਮੱਠੀ ਪੈ ਗਈ ਹੈ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ।

# ਕੈਨੇਡਾ ਪੜ੍ਹਨ ਆਏ ਭਦੌੜ ਇਲਾਕੇ ਦੇ ਨੌਜਵਾਨ ਸੁਖਚੈਨ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਤੋਂ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ, ਇੱਥੇ ਦੇ ਸ਼ਹਿਰ ਕੈਲੋਨਾ ਵਿਖੇ ਵਾਪਰੇ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਸੁਖਚੈਨ ਸਿੰਘ ਦਮ ਤੋੜ ਗਿਆ ਹੈ। ਨੌਜਵਾਨ ਬਰਨਾਲਾ ਜ਼ਿਲ੍ਹੇ ਦੇ ਭਦੌੜ ਕਸਬੇ ਨਾਲ ਸਬੰਧਤ ਹੈ ਜੋ ਤਿੰਨ ਸਾਲ ਪਹਿਲਾਂ ਸਟੱਡੀ ਵੀਜ਼ਾ 'ਤੇ ਕੈਨੇਡਾ ਪੁੱਜਾ ਸੀ। ਮ੍ਰਿਤਕ ਨੌਜਵਾਨ ਸੁਖਚੈਨ ਸਿੰਘ ਦੇ ਪਿਤਾ ਬਿੱਕਰ ਸਿੰਘ ਅਨੁਸਾਰ ਉਨ੍ਹਾਂ ਦਾ ਪੁੱਤਰ ਸੁਖਚੈਨ ਸਿੰਘ 2 ਅਗਸਤ, 2021 ਨੂੰ ਕੈਨੇਡਾ ਦੇ ਸ਼ਹਿਰ (ਬਰੈਂਪਟਨ) ਵਿਖੇ ਪੜ੍ਹਾਈ ਕਰਨ ਲਈ ਗਿਆ ਸੀ। ਉਸ ਤੋਂ ਬਾਅਦ ਬਰੈਂਪਟਨ ਦਾ ਕਾਲਜ਼ ਬਦਲ ਕੇ ਬੀ ਸੀ ਸ਼ਹਿਰ ਦੇ ਕੈਲੋਨਾ ਵਿਖੇ ਕਾਲਜ਼ ਜੁਆਇੰਨ ਕਰ ਲਿਆ ਸੀ ਅਤੇ ਹੁਣ ਉਸ ਦੀ ਪੜ੍ਹਾਈ ਪੂਰੀ ਹੋ ਚੁੱਕੀ ਸੀ ਜਿਸ ਕਾਰਨ ਹੁਣ ਸੁਖਚੈਨ ਸਿੰਘ ਵਰਕ ਪਰਮਿਟ 'ਤੇ ਸੀ। ਚਾਰ ਭੈਣ-ਭਰਾਵਾਂ ਵਿੱਚੋ ਸਭ ਤੋਂ ਛੋਟਾ ਸੀ ਅਤੇ ਬਚਪਨ ਤੋਂ ਹੀ ਉਸ ਦਾ ਸ਼ੌਂਕ ਵਿਦੇਸ਼ ਵਿੱਚ ਪੜ੍ਹਾਈ ਕਰਨ ਦਾ ਸੀ। ਉਨ੍ਹਾਂ ਭਰੇ ਮਨ ਨਾਲ ਦੱਸਿਆ ਕਿ 13 ਮਾਰਚ ਦੀ ਸ਼ਾਮ ਨੂੰ ਸਾਨੂੰ ਫੋਨ ਆਇਆ ਕਿ ਜ਼ਿਆਦਾ ਫੌਗਿੰਗ ਹੋਣ ਕਾਰਨ ਤੁਹਾਡੇ ਬੇਟੇ ਸੁਖਚੈਨ ਸਿੰਘ ਦੀ ਗੱਡੀ ਦਾ ਟਰੱਕ ਦੇ ਨਾਲ ਐਕਸੀਡੈਂਟ ਹੋ ਗਿਆ ਹੈ, ਜਿਸ ਕਾਰਨ ਸੁਖਚੈਨ ਸਿੰਘ ਦੀ ਇਸ ਐਕਸੀਡੈਂਟ ਵਿੱਚ ਮੌਤ ਹੋ ਗਈ ਹੈ।

# ਪੰਜਾਬ ਦੀ ਸਿਆਸਤ 'ਚ ਹੋ ਸਕਦਾ ਵੱਡਾ ਧਮਾਕਾ



ਚੰਡੀਗੜ੍ਹ(ਪੰਜਾਬੀ ਅਖਬਾਰ ਬਿਊਰੋ)- ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਲੋਕ ਸਭਾ ਚੋਣਾਂ ਲਈ ਪੰਜਾਬ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗੱਠਜੋੜ ਨੂੰ ਲੈ ਕੇ ਵੱਡਾ ਦਾਅਵਾ ਕੀਤਾ ਹੈ। ਉਨ੍ਹਾਂ ਆਖਿਆ ਹੈ ਕਿ ਦਿੱਲੀ 'ਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਹੋਈ ਹੈ ਜਿਸ 'ਚ ਗੱਠਜੋੜ ਦੀ ਗੱਲ ਤੁਰੀ ਹੈ। ਜਾਖੜ ਨੇ ਕਿਹਾ ਕਿ ਆਪ ਦੇ ਐਲਾਨੇ ਅੱਠ ਉਮੀਦਵਾਰ ਵੀ ਬਦਲੇ ਜਾ ਸਕਦੇ ਹਨ ਕਿਉਂਕਿ ਦਿੱਲੀ 'ਚ ਕਾਂਗਰਸ ਅਤੇ ਆਪ ਵਿਚਾਲੇ ਗੱਠਜੋੜ ਦੀ ਗੱਲ ਚੱਲ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਨੂੰ ਲੈ ਕੇ ਕਾਂਗਰਸ ਅਤੇ ਆਪ ਵਿਚਾਲੇ ਗੱਠਜੋੜ ਨੂੰ ਦਿੱਲੀ 'ਚ ਆਖਰੀ ਪੜਾਅ 'ਚ ਹੈ।

ਜਾਖੜ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਵਲੋਂ ਐਲਾਨੇ ਗਏ ਅੱਠ ਉਮੀਦਵਾਰਾਂ ਦੀ ਗ੍ਰਾਊਂਡ ਰਿਪੋਰਟ ਚੰਗੀ ਨਹੀਂ ਆਈ ਹੈ। ਇਸ 'ਚ ਲੋਕਾਂ ਨੂੰ ਬਦਲਾਅ ਦੇਖਣ ਨੂੰ ਮਿਲਣਗੇ। ਪਰਦੇ 'ਚ ਜਿਹੜੀ ਗੰਢ-ਤੁੱਪ ਚੱਲ ਰਹੀ ਸੀ, ਉਹ ਹੁਣ ਖੁੱਲ੍ਹ ਕੇ ਸਾਹਮਣੇ ਆਵੇਗੀ। ਜਾਖੜ ਨੇ ਕਿਹਾ ਕਿ ਹੋ ਸਕਦਾ ਹੈ ਕਿ ਇਸ ਲਿਸਟ ਨੂੰ ਨਵੇਂ ਸਿਰੇ ਤੋਂ ਘੋਖਿਆ ਜਾਵੇ। ਹੁਸ਼ਿਆਰਪੁਰ ਤੋਂ ਕਾਂਗਰਸ ਦੇ ਵਿਧਾਇਕ ਰਾਜ ਕੁਮਾਰ ਚੱਬੇਵਾਲ ਦਾ ਆਮ ਆਦਮੀ ਪਾਰਟੀ 'ਚ ਜਾਣਾ ਵੀ ਗੱਠਜੋੜ ਦਾ ਹਿੱਸਾ ਹੀ ਸੀ, ਪਰਦੇ ਪਿੱਛੇ ਚੱਲ ਰਹੀ ਗਲਬਾਤ ਹੁਣ ਕੁਝ ਦਿਨਾਂ 'ਚ ਸਾਹਮਣੇ ਆ ਜਾਵੇਗੀ।

**ਪਾਰਟੀਆਂ ਬਦਲਣ ਦਾ ਪਰਮਟ ਜਾਖੜ ਕੋਲ ਹੈ - ਕੁਲਦੀਪ ਧਾਲੀਵਾਲ**

ਸੁਨੀਲ ਜਾਖੜ ਵਲੋਂ ਕੀਤੇ ਜਾ ਰਹੇ ਦਾਅਵੇ ਬਾਰੇ ਜਦੋਂ ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਤੋਂ ਉਮੀਦਵਾਰ ਅਤੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਗਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਜਾਖੜ ਦੇ ਦਾਅਵੇ ਨੂੰ ਸਿਰੇ ਤੋਂ ਖਾਰਜ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀਆਂ ਬਦਲਣ ਦਾ ਪਰਮਟ ਸਿਰਫ਼ ਜਾਖੜ ਕੋਲ ਹੈ। ਆਮ ਆਦਮੀ ਪਾਰਟੀ ਨੇ ਜੋ ਕਿਹਾ ਹੈ ਉਹ ਕਰ ਕੇ ਵਿਖਾਇਆ ਹੈ।

Currently Hiring Drivers and Owner Operators for Canada (Prairies) and USA Runs.
CAM TRANSPORT REGINA, SK
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill (306) 216 0610
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

# ਮਹਿਲਾ ਦਿਵਸ ਨੂੰ ਸਮਰਪਿਤ ਮੀਟਿੰਗ ਵਿੱਚ ਸੀਨੀਅਰਜ਼ ਨੂੰ ਮਿਲਣ ਵਾਲੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਦੌਰਾਨ ਸਭਾ ਵਲੋਂ ਕਮਿਊਨਿਟੀ ਦੇ ਨੌਜੁਆਨਾਂ ਨੂੰ 'ਯੂਥ ਸਪੀਕਸ ਗਰੁੱਪ' ਰਾਹੀਂ ਸਭਾ ਨਾਲ ਜੋੜਨ ਅਤੇ ਨੌਜੁਆਨਾਂ ਦੀ ਗੱਲ ਉਨ੍ਹਾਂ ਦੀ ਜ਼ੁਬਾਨੀ ਕਮਿਊਨਿਟੀ ਨਾਲ ਸਾਂਝੀ ਕਰਨ ਲਈ ਸਭਾ ਦਾ ਪਲੈਟਫਾਰਮ ਉਪਲਬਧ ਕਰਵਾਉਣ ਬਾਰੇ ਆਪਣੇ ਪਰਿਵਾਰ ਦੇ ਨੌਜੁਆਨਾਂ ਨੂੰ ਇਸ ਗੁਰੱਪ ਨਾਲ ਜੋੜਨ ਦੀ ਤਾਕੀਦ ਕੀਤੀ।

ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਔਰਤਾਂ ਦੀ ਸਮਾਜਿਕ ਸਥਿਤੀ ਬਾਰੇ ਵਿਚਾਰ ਪ੍ਰਗਟ ਕਰਦੇ ਕਿਹਾ ਕਿ ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਇਸ ਤੋਂ ਵੱਡਾ ਲਿੰਗਕ ਵਿਤਕਰਾ ਕੀ ਹੋ ਸਕਾਦਾ ਹੈ ਕਿ ਔਰਤ ਨੂੰ ਦਿੱਤੀਆਂ ਅਸੀਸਾਂ ਮਰਦਾਂ ਦੇ ਖਾਤੇ ਜਾਂਦੀਆਂ ਹਨ ਅਤੇ ਮਰਦਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਗਾਲ੍ਹਾਂ ਔਰਤ ਦੀ ਝੋਲੀ ਵਿੱਚ ਪੈਂਦੀਆਂ ਹਨ।

ਸੈਂਟਰ ਫਾਰ ਨਿਊਕਮਰਜ਼ ਤੋਂ ਰਿਜ਼ਵਾਨ ਖਾਨ, ਸੈਟਲਮੈਂਟ ਪ੍ਰੈਕਟੀਸ਼ਨਰ ਨੇ ਸੀਨੀਅਰਜ਼ ਨੂੰ ਮਿਲਣ ਵਾਲੀਆਂ ਸਹੂਲਤਾਂ ਅਤੇ ਸੈਂਟਰ ਵਲੋਂ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇੰਗਲਿਸ਼ ਤੇ ਕੰਮਪਿਊਟਰ ਦੀਆਂ ਕਲਾਸਾਂ ਅਤੇ 'ਫੇਅਰ ਐਂਟਰੀ ਪ੍ਰੋਗਰਾਮ ਬਾਰੇ ਮੈਂਬਰਾਂ ਨੇ ਵਿਸ਼ੇਸ਼ ਦਿਲਚਸਪੀ ਵਿਖਾਈ ਅਤੇ ਪ੍ਰਸ਼ਨ ਪੁੱਛ ਕੇ ਜਾਣਕਾਰੀ ਹਾਸਲ ਕੀਤੀ। ਰਿਜ਼ਵਾਨ ਖਾਨ ਜੀ ਨੇ ਮੌਕੇ ਤੇ ਲਾਇਬ੍ਰੇਰੀ ਤੋਂ ਸਬੰਧਤ ਐਪਲੀਕੇਸ਼ਨ ਫਾਰਮ ਲਿਆ ਕੇ ਦਿੱਤੇ ਅਤੇ ਅਪਲਾਈ ਕਰਨ ਬਾਰੇ ਸਮਝਾਇਆ। ਜਾਣਕਾਰੀ ਦਾ ਇਹ ਅਦਾਨ ਪ੍ਰਦਾਨ ਬਹੁਤ ਲਾਹੇਵੰਦ ਰਿਹਾ ਜਿਸ ਲਈ ਸਭਾ ਵਲੋਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਕੁਲਦੀਪ ਘਟੌੜਾ ਗੁਰਦੀਸ਼ ਗਰੇਵਾਲ ਮਨਜੀਤ ਕੌਰ ਸੰਧੂ, ਗੁਰਨਾਮ ਕੌਰ ਸੁਰਿੰਦਰ ਵਿਰਦੀ, ਬਲਜਿੰਦਰ ਗਿੱਲ, ਸੁਰਿੰਦਰ ਸੰਧੂ ਨੇ ਮੰਚ ਉਪਰੋਂ ਹਾਜਿਰੀ ਲਗਵਾਈ। ਅੰਤ ਵਿੱਚ ਸਕੱਤਰ ਗੁਰਨਾਮ ਕੌਰ ਨੇ ਸਭ ਦਾ ਧੰਨਵਾਦ ਕੀਤਾ ਅਤੇ ਅਗਲੇ ਮਹੀਨੇ ਦੀ ਮੀਟਿੰਗ ਲਈ ਅਗਾਊਂ ਸੱਦਾ ਦਿੱਤਾ।

# ਮਿਲਵੁਡਜ਼ ਕਲਚਰਲ ਸੁਸਾਇਟੀ ਐਡਮਿੰਟਨ ਦਾ 41ਵਾਂ ਸਥਾਪਨਾ ਦਿਹਾੜਾ 23 ਮਾਰਚ 2024 ਨੂੰ ਮਨਾਇਆ ਜਾਵੇਗਾ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਮਿਲਵੁਡਜ਼ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ ਵੱਲੋਂ ਇਹ ਜਾਣਕਾਰੀ ਸਾਂਝੀ ਕੀਤੀ ਗਈ ਹੈ ਕਿ ਸੁਸਾਇਟੀ ਦਾ 41ਵਾਂ ਸਥਾਪਨਾ ਦਿਹਾੜਾ 23 ਮਾਰਚ 2024 ਨੂੰ ਮਨਾਇਆ ਜਾਵੇਗਾ। ਸੁਸਾਇਟੀ ਦੀ ਬਿਲਡਿੰਗ 1580 48 ਸਟਰੀਟ ਵਿਖੇ ਮਨਾਏ ਜਾਣ ਵਾਲੇ ਇਸ ਸਮਾਗਮ ਦੀ ਸੁਰੂਆਤ ਦਿਨ ਸਨਿੱਚਰਵਾਰ ਦਿਨ ਦੇ ਠੀਕ 1 ਵਜੇ ਹੋਵੇਗੀ ਅਤੇ ਸਮਾਗਮ ਦੀ ਸਮਾਪਤੀ 2:30 ਵਜੇ ਹੋਵੇਗੀ। ਸਮਾਗਮ ਦੌਰਾਨ ਵੱਖੋ ਵੱਖ ਬੁਲਾਰਿਆਂ ਦੇ ਵਿਚਾਰ ਮੰਚ ਉੱਪਰੋਂ ਸਾਂਝੇ ਕੀਤੇ ਜਾਣਗੇ ਅਤੇ ਗੀਤ ਸੰਗੀਤ ਦਾ ਪਰੋਗਰਾਮ ਵੀ ਹੋਵੇਗਾ। ਸੰਸਥਾ ਵੱਲੋਂ ਸਮੂਹ ਐਡਮਿੰਟਨ ਵਾਸੀਆਂ ਨੂੰ ਸਮੇਂ ਸਿਰ ਹੁਮ-ਹੁਮਾਕੇ ਪੁੱਜਣ ਦੀ ਬੇਨਤੀ ਕੀਤੀ ਗਈ ਗਈ ਹੈ। ਹੋਰ ਜਾਣਕਾਰੀ ਲਈ ਸੰਸਥਾ ਦੇ ਸਕੱਤਰ ਸ: ਗੁਰਬਖ਼ਸ ਸਿੰਘ ਬੈਂਸ ਹੋਰਾਂ ਨਾਲ 825 777 6999 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।




PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant

- Student Visa
- Work permit
- Visitor Visa
- LMIA
- PR Application
- Refugee Cases and Appeals
- PNP Family Sponsorship
- Citizenship
- Nanny Caregiver
- USA Visa

Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5



www.canadacommercialrealty.ca
Francis Lee
Associate Broker / REALTOR ®
Cell: (403) 680-6130
O: (403) 278-8899
REALTOR
Canyon Creek
MaxWell
CANADA COMMERCIAL REAL ESTATE
MaxWell Canyon Creek
#203, 20 Sunpark Plaza SE Calgary, AB T2X 3T2
E-mail: francislee@canadacommercialrealty.ca
Maxwell Canyon Creek
Associate Broker
IC&I Full Commercial Member
Francis Lee is highly trained *Commercial Professional* providing outstanding services with clients looking for commercial properties and business

## ਦੇਖੋ, ਇਸ ਹਫਤੇ ਕਿੰਨੇ ਬਿਜਨਿਸ ਵਿਕਾਊ ਹਨ, ਜੇ ਚਾਹੋ ਤਾਂ ਤੁਸੀਂ ਵੀ ਕਨੇਡਾ ਵਿਚ ਬਿਜਨਿਸਮੈਨ ਬਣ ਸਕਦੇ ਹੋ!

**EXCEPTIONALLY WELL-LOCATED TRUCK STOP**
Asking: $30,000,000 Revenue 2022 : $55,965,918 ,Gas Liter 2022 : 27,720,000 -
- Comprises of a gas station, card lock, C - store, leased franchise restaurant with 16 Acres land which was s built in 2019 and additional 7 Acres development potential is significant.

**APARTMENT & FULL SERVICE FRANCHISE HOTEL**
Asking: $21,500,000, Revenue (Rental: $1,252,560, Hotel:$2,944,266
-88 rooms bachelor suite, 124 rooms of the hotel, 8 meeting rooms.
in this city

**HIGHEND EXTENSION STAY FRANCHISE HOTEL**
Asking: $19,900,000, Revenue ( 2023: $3,917,744 ) NOI (2023 : $1,507,195)
Popular national branding flag with rare extended stay, 121-rooms that was built in 2017 with 2.26 Acres located within a major metropolitan area.

**HILTON FRANCHISE HOEL WITH LEASED REASTAURANT**
Asking: $17,500,000, Revenue: (2023: $4,024,601, 2022:$3,634,128,
121 Rooms, 3 meeting room and leased restaurant (9,000/m) situated 2.87 Acres which was built in 2015.

**BEST WESTERN PLUS FRANCHISE HOTEL WITH LEASED RETAURANT (C/S)**
Asking: $15,370,000, Revenue (2023: $3,973,637), NOI (2023: $1,396,000)
- Four-story limited-service hotel 105 guest rooms, pool with waterslide, a 5,250 Sqft freestanding restaurant and 2.47 Acres land located at big city Alberta .

**GREAT CASH FLOW HOTEL IN CENTRAL AB**
Asking $14,790,000, Revenue 2022: $4,602,995 (Room: $4,287,453, Rental: $315,542) , 2023 :$3,952,342(11 months), NOI 2022 :$2,692,961
-138 room. Leased restaurant, Lounge, and free-standing building Liquor store
situated on 4.23 Acres land.

**STRONG CASH FLOW BEST WESTERN PLUS HOTEL**
Asking: $13,490,000, Revenue: (2022: $3,279,814 ,2023 : $4,092,277, ), NOI (2022: $1,402,801, 2023: $1,946,781)
-96 guest rooms limit service hotel situated 2.54 Acres land which was built in 2013 .

**BEST WESTERN PLUS HOTEL**
Asking: $12,700,000, Revenue (Year end March 31 2023: $3,168,812)
NOI : $1,188,58388 rooms, 2 elevators with 3acres land which was built in 2013 located at very busy heavy major industry in major Hwy.

**FRANCHISE HOTEL AT RESORT AREA**
Asking: $13,250,000, Revenue (Year End April 30) 2022:$3,094,502 , 2023: $3,652,872 ,2023 January to October (10months) : $3,393,301
NOI 2022: $1,556,707, 2023 : $1,665,729
- 65-room, 2.48 Acres land with 93 paved parking stalls for the future extension which was built in 2018.
- Main economic influence is transportation, tourism & snow mobile and the ski resort is in the process of development.

**FRANCHOSE HOTEL IN NOERHTERN AB (SOLD0)**
Asking: $6,500,000 , Revenue ( 2023 : $1,819,753)
Limit service 90 rooms franchise hotel with 2.175 Acres land which was built in 2009.

**FRANCHISE HOTEL IN CENTRAL AB**
Asking : $5,490,000, Revenue 2022 : $1,033,093, 2023 (Jan to October ) :$989,103
Well built as Best Western standard in Four Storey 66 rooms and 2.35 Acres land hotel with very Highway exposure.

**HOTEL IN CENTRAL AB**
Asking : $3,890,00, Revenue(2022: $855,855) , NOI (2022 : $372,310)
-Well maintained 2 storey 45 Rooms hotel that was built in 1999 with 2.95 Acres land located at on Hwy #13 well established city in Central AB .

**FRANCHISE HOTEL IN CENTRAL AB (NEW)**
Asking : $3,590,000, Revenue (2023 : $1,061,949, NOI :$376,722)
2 Stories 49 rooms limit service franchise hotel with 1.09acres land located at well known tourism place with mixed agriculture and oil industry . It is estimated that the number of visitors to the area has tripled to approximately 500,000 per annum.

**WELL, MATAINED HOTEL WITH LEASED RESTAURANT (NEW)**
Asking: $3,790,000, Revenue ( 2023 : $1,271,028, NOI 2023: $451,538)
-99 rooms , leased Stake House restaurant.(2 Executives, 14 Kitchenette, 6 Kitchenette suites, 26 Single, 50 Double) with 3.69 Acres land.
- Situated on the junction of Highway 43 leading to British Columbia and Alaska via Grande Prairie and the north south stretch of Highway 49 towards Donnelly and Alberta Highway 2 towards Peace River

**MOTEL WITH LEASED RESTAURANT IN SK**
-Asking: $2,430,000, Revenue(2022:$652,618,2021:$778,400),
NOI (2022:$357,999),50 Guest Rooms, leased 98 Seat Restaurant and 2.79Acres land located in north west Saskatchewan.

**MOTEL IN CENTRAL ALBERTA**
Asking : $2,090,000, Revenue :( 2022 :$597,066, 2023: $606,126) NOI : 2023: $335,368)
- Extremely well maintained 44Rooms, 2 bed room manger suite and closed restaurant & Lounge in April 2017 due to staff issue
-Restaurant & Lounge is ready to operate and the VLT license also can apply which used to be a 3 VLT machine.
-Owner will retire

**FULL SERVICE HOTEL**
Asking: $1,590,000, Revenue 2022 :$1,452,753, 2023 :$1,533,627
NOI : 2022 :$236,991 2023 :$289,817 , 62 ROOM, Restaurant , Lounge with 2.892 Acres located at Northern Albera.
Potential will be significant by owner operation since it has been operated by GM and the owner's cost is over $5m.

**FULLY RENOVATED MOTEL SITUATED AT HWY JUNCTION (NEW)**
Asking: $1,290,000, Revenue (2023 : $548,411, NOI :$271,082)
-Well maintained Cement block and stucco 35 room (10 Kitchen), 2 bedroom manager
suite with 3.355 Acres land.
- Situated on the junction of Highway 43 leading to British Columbia and Alaska via Grande Prairie and the north south stretch of Highway 49 towards Donnelly and Alberta Highway 2 towards Peace River

**CAR WASH IN BIG CITY AB**
Asking : $4,950,000,Revenue (2021 : $919,410,2022 : $858,461, 2023 : $892,021)
-10 Barn type bay, 2 Auto Bay that was replaced with brand new in 2021.
-All of equipment have been well maintained like brand new car wash.

**FRANCHISE CAMPGROUND IN 1000 ISLAND ON**
Asking: $5,750,000),( Revenue : 2022:$1,134,069, NOI :$552,900)
- 138 site including 10 Cabins plus 2,370sqft house with 87.68 Acres land which was built in 1999 and the extra land developments potential is significant.

**GAS STATION & CAR WASH**
Asking: $2,400,000, Revenue 2022:$3,769,237, NOI 2022:$337,652
-Gas station, C Store, Touchless & wand Car Wash with 2.69 Acres land that was built in 2004 and renovated in 2013 located at the intersection of 2 highways.

**LIQUOR STORE NEAR CALGARY**
Asking : $549,000, Revenue 2021 : $1,839,711, 2022 : $1,762,152, 2023 : $1,758,709
Gross margin : 2021 : $406,531, 2022 : $393,922, 2023 : $356,754
Size: 2,460 Sqft, Lease term : till April 30, 2029 and 5 years option.



ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega Sanjha Punjab
5 LOCATIONS TO SERVE YOU
331-3690 WESTWINDS DR NE, CALGARY
117 7171 80 AVE NE, CALGARY
570- 6520 FALCONRIDGE BLVD. NE, CALGARY
606 CITYSCAPE SQR NE, CALGARY
3150 - 235 RED EMBERS WAY NE, CALGARY




2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Nolan Hill
Unit 155, 50 Nolanridge Court NW "Calgary, AB
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
Chestermere
#101-288 Kinniburgh Blvd
403.292.0000 EXT. 6
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ਼ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"




BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com